# ਸਾਮਰਾਜ ਦੇ ਮਾਰੂ ਪ੍ਰਭਾਵ

(ਲੇਖ ਸੰਗ੍ਰਿਹ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਸਾਮਰਾਜ ਦੇ ਮਾਰੂ ਪ੍ਰਭਾਵ

(ਲੇਖ ਸੰਗ੍ਰਿਹ)

**ਡਾ. ਅਜੀਤਪਾਲ ਸਿੰਘ ਐਮ. ਡੀ**
ਬੀਬੀ ਵਾਲਾ ਰੋਡ, ਗਲੀ ਨੰਬਰ 6,
ਬਠਿੰਡਾ।
ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : ਅਕਤੂਬਰ 2008

© : ਲੇਖਕ ਦੇ ਹੱਕ ਰਾਖ਼ਵੇਂ ਹਨ।

ਟਾਈਟਲ : ਅਮਿੱਤ ਮਿੱਤਰ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ : ਪੇਪਰ ਬੈਕ** 70/-
**ਸਜਿਲਦ** 100/-

**ਨਵ-ਜਮਹੂਰੀ ਇਲਕਲਾਬ ਲਈ**
**ਜੂਝਦੇ ਲੋਕਾਂ ਦੇ ਨਾਂ**

# ਤਤਕਰਾ


1. ਖ਼ਤਰੇ ਵਿੱਚ ਬਚਪਨ 5
2. ਕੀ ਸਿਰਫ਼ ਅੰਕੜਿਆਂ ਦੀ ਬਾਜ਼ੀਗਿਰੀ ਹੀ ਕੀਤੀ ਰੇਲ ਮੰਤਰੀ ਲਾਲੂ ਯਾਦਵ ਨੇ? 9
3. ਪੈਰ ਪੈਰ 'ਤੇ ਲੁੱਟੀ ਜਾ ਰਹੀ ਆਬਰੂ 13
4. ਕੀ ਲੀਡਰਾਂ ਨੂੰ ਵੀ ਜਾਨ ਦਾ ਖ਼ਤਰਾ ਹੈ? 15
5. ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗ ਲੋਕਾਂ ਲਈ ਖਤਰਾ 18
6. ਆਮ ਲੋਕਾਂ 'ਤੇ ਟੈਕਸਾਂ ਦਾ ਬੋਝ ਕਿੰਨਾ ਕੁ ਜਾਇਜ਼? 22
7. ਯੂ. ਪੀ. ਦੀ ਚੋਣ ਦੌੜ 'ਚ ਕਿਸਾਨੀ ਮੁੱਦਾ ਭਾਰੂ 25
8. ਗ਼ਰੀਬ ਬੱਚੇ ਹੁਣ ਕੂਪਨਾ ਦੇ ਹਵਾਲੇ 29
9. ਸਿੱਖਿਆ ਦਾ ਇਹ ਕੈਸਾ ਮਜ਼ਾਕ? 32
10. ਬਾਲ ਮਜ਼ਦੂਰੀ, ਕੁਪੋਸ਼ਣ ਤੇ ਅਨਪੜ੍ਹਤਾ 35
11. ਦੇਸ਼ ਉਜੜ ਕਿਵੇਂ ਰਿਹੈ ... 37
12. ਬਲਾਤਕਾਰ ਦਾ ਜਾਲ 39
13. ਕੀ ਹੈ ਬੋਲੇਪਣ ਦੇ ਇਲਾਜ ਦੀ ਨਵੀਂ ਤਕਨੀਕ? 42
14. ਰੋੜ੍ਹ ਕੇ ਨਾ ਲੈ ਜਾਏ ਕਿਤੇ ਨਸ਼ਿਆਂ ਦਾ ਹੜ੍ਹ 44
15. ਮਾਨਸਿਕ ਰੋਗਾਂ ਦੀ ਸਮੱਸਿਆ 47
16. ਦਿਲ ਦਾ ਮਾਮਲਾ ਹੈ : ਜ਼ਰਾ ਸੰਭਲ ਕੇ 50
17. ਕੀ ਦਰਸਾਉਂਦੀਆਂ ਹਨ ਭੁੱਖ ਨਾਲ ਮੌਤਾਂ? 51
18. ਲੋਕਾਂ ਨੂੰ ਟੁਕੜਿਆਂ 'ਚ ਵੰਡਦੀ ਵੋਟ ਸਿਆਸਤ 56
19. ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ 60
20. ਦੁਕਾਨਾਂ ਦੀ ਸੀਲਿੰਗ ਪਿੱਛੇ ਕੀ ਹੈ? 63
21. ਮਦਰ ਟਰੇਸਾ-ਮਿੱਥ ਤੇ ਯਥਾਰਥ 68
22. ਤਿਹਾੜ ਜੇਲ੍ਹ ਪ੍ਰਭਾਵਸ਼ਾਲੀ ਕੈਦੀਆਂ ਲਈ ਐਸ਼ਗਾਹ 71
23. ਕਿਵੇਂ ਰੋਕੀਏ ਆਵਾਜ਼ ਪ੍ਰਦੂਸ਼ਣ ਨੂੰ? 73
24. ਖ਼ੁਦ ਸਜ਼ਾ ਦੇਣ 'ਚ ਵਿਸ਼ਵਾਸ ਰੱਖਣ ਲੱਗੀ ਹੈ ਜਨਤਾ 75
25. ਮਾਇਆਵਤੀ-ਕਾਂਸ਼ੀਰਾਮ ਬਨਾਮ ਦਲਿਤ ਅੰਦੋਲਨ ਦੀ ਰਣਨੀਤੀ 77
26. ਮੈਲੀ ਦੀ ਮੈਲੀ ਰਹੀ ਗੰਗਾ ਪਰ ਕਈਆਂ ਨੇ ਭਰੀਆਂ ਜੇਬਾਂ 80
27. ਸਵੈ ਸੇਵੀ ਸੰਸਥਾਵਾਂ ਸਾਮਰਾਜ ਦੀਆਂ ਚਾਕਰ ਕਿਵੇਂ? 83
28. ਰੈਗਿੰਗ ਦੀ ਰਵਾਇਤ ਕਿੰਨੀ ਕੁ ਸਹੀ? 89
29. ਮਰਦਾਵੇਂ ਰਾਜ ਤੇ ਪੂੰਜੀਵਾਦ ਦੀ ਮਿਲੀ ਜੁਲੀ ਸਾਜ਼ਿਸ਼ ਹੈ - ਕੰਨਿਆ ਭਰੂਣ ਹੱਤਿਆ 92
30. ਭਾਰਤੀ ਫੌਜ 'ਚ ਔਰਤਾਂ ਨਾਲ ਭੇਦਭਾਵ 94
31. ਵੋਟ ਬੈਂਕ ਦੀ ਰਾਜਨੀਤੀ 98
32. ਫ਼ਿਲਮੀ ਸਿਤਾਰਿਆਂ ਦੀ ਗਿੱਝ ਦ੍ਰਿਸ਼ਟੀ 101
33. ਆਮ ਜਨਤਾ ਦੀ ਪਹੁੰਚ ਤੋਂ ਦੂਰ ਹੁੰਦਾ ਪਾਣੀ 103
34. ਦਵਾਈ ਉਦਯੋਗ ਹੈ ਦੋਹਰੇ ਸੰਕਟ ਦਾ ਸ਼ਿਕਾਰ 108
35. ਬੀਜ ਬਿੱਲ 2004-ਬਹੁਕੌਮੀ (ਸਾਮਰਾਜੀ) ਕੰਪਨੀਆਂ ਦਾ ਕਿਸਾਨਾਂ 'ਤੇ ਹਮਲਾ 111
36. ਧਰਮ ਦਾ ਵਪਾਰਕ ਧੰਦਾ 117

# ਖ਼ਤਰੇ ਵਿੱਚ ਬਚਪਨ

ਬੱਚਾ ਰੋਂਦਾ ਹੈ ਤਾਂ ਚੁੱਪ ਕਰਾਉਣ ਲਈ ਉਸ ਨੂੰ ਫੜਾ ਦਿੱਤੀ ਜਾਂਦੀ ਹੈ, ਟਾਫ਼ੀ। ਅਜਿਹਾ ਹੀ ਕੁੱਝ ਹੋ ਰਿਹਾ ਹੈ, ਗ਼ਰੀਬੀ, ਕੁਪੋਸ਼ਨ ਦੇ ਚੱਕਰ 'ਚ ਫਸੇ ਨੌਨਿਹਾਲਾਂ ਨਾਲ। ਦੇਸ਼ ਦੇ ਚਾਰ ਸੂਬਿਆਂ ਵਿੱਚ ਉਨ੍ਹਾਂ ਨੂੰ ਪੌਸ਼ਟਿਕਾਂ ਦੀ 'ਡੋਜ਼' ਦਿੱਤੀ ਜਾ ਰਹੀ ਹੈ, ਲੈਮਨ ਜੂਸ ਦੇ ਜ਼ਰੀਏ। ਉਹ ਵੀ ਐਸੀ ਵੈਸੀ ਨਹੀਂ, ਵਿਦੇਸ਼ੀ ਸੰਸਥਾ ਦੇ ਬਰਾਂਡ ਵਾਲੀ। ਇਸ ਪ੍ਰਯੋਗ ਦੀ ਕਰਮਭੂਮੀ ਹੈ ਬਿਹਾਰ, ਪੱਛਮੀ ਬੰਗਾਲ, ਗੁਜਰਾਤ ਤੇ ਆਂਧਰਾ ਪ੍ਰਦੇਸ਼ ਜਿੱਥੇ ਆਂਗਨਵਾੜੀ ਵਿੱਚ 3 ਤੋਂ 6 ਸਾਲਾਂ ਤੱਕ ਦੇ ਬੱਚਿਆਂ, ਗਰਭਵਤੀ ਔਰਤਾਂ ਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਦਿੱਤੇ ਜਾਣ ਵਾਲੇ ਭੋਜਨ ਦੇ ਨਾਲ ਨਾਲ ਇੱਕ ਕੈਂਡੀ ਵੰਡੀ ਜਾ ਰਹੀ ਹੈ। ਇਸ ਕੈਂਡੀ ਨੂੰ ਤਿਆਰ ਕਰਨ ਤੇ ਇਨ੍ਹਾਂ ਰਾਜਾਂ 'ਚ ਮੁਹੱਈਆ ਕਰਵਾਉਣ ਦਾ ਕੰਮ ਮੁੱਖ ਰੂਪ 'ਚ ਕੌਮਾਂਤਰੀ ਸੰਸਥਾ ਮਾਈਕਰੋਨਿਊਟ੍ਰੀਮੈਂਟ ਇਨੀਸ਼ੀਏਟਿਵ (MI) ਕਰ ਰਹੀ ਹੈ। ਇਸ ਸੰਸਥਾ ਦੀ ਰਾਸ਼ਟਰੀ ਪ੍ਰੋਗਰਾਮ ਮੈਨੇਜਰ ਅਤੇ ਟਰੱਸਟੀ, ਬਲੁਸੂ ਨੇ ਦੱਸਿਆ ਕਿ ਇਹ ਸੰਸਥਾ ਸੰਸਾਰ ਭਰ ਵਿੱਚ ਭੋਜਨ ਦੇ ਪੋਸ਼ਟੀਕਰਣ ਦੇ ਖੇਤਰ ਵਿੱਚ ਕੰਮ ਕਰ ਰਹੀ ਹੈ ਪਰ ਭਾਰਤ ਲਈ ਵਿਸ਼ੇਸ਼ ਤੌਰ 'ਤੇ ਦੋ ਕੈਂਡੀਆਂ (ਲੈਮਨਜੂਸ) ਤਿਆਰ ਕੀਤੀਆਂ ਗਈਆਂ ਹਨ। ਇਨ੍ਹਾਂ ਦੀ ਸਭ ਪਹਿਲਾਂ ਵਰਤੋਂ ਪੱਛਮੀ ਬੰਗਾਲ ਵਿੱਚ ਰਮਣਾ 'ਚ ਸ਼ੁਰੂ ਹੋਈ ਤੇ ਹੁਣ ਉੱਥੇ 8 ਜ਼ਿਲਿਆਂ 'ਚ ਵੰਡੀਆਂ ਜਾ ਰਹੀਆਂ ਹਨ। ਇਸ ਬਾਰੇ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਨਾਲ ਨਿਪਟਣ ਲਈ ਇਸ ਸੰਸਥਾ ਨੂੰ ਕੇਂਦਰ ਨੇ ਰਾਜਾਂ ਵਿੱਚ ਆਂਗਣਵਾੜੀ ਦੇ ਜ਼ਰੀਏ ਕੈਂਡੀ ਵੰਡਣ ਦੀ ਇਜਾਜ਼ਤ ਦਿੱਤੀ ਗਈ ਹੈ। ਇਨ੍ਹਾਂ ਲੈਮਨਜੂਸਾਂ ਜਾਂ ਕੇਂਡੀਆਂ ਨਾਲ ਕਿੰਨਾ ਫ਼ਾਇਦਾ ਹੋਇਆ, ਇਹ ਤਾਂ ਸਰਕਾਰ ਨੇ ਅਜੇ ਮੁਲਾਂਕਣ ਕਰਵਾਇਆ ਨਹੀਂ ਪਰ ਇਹ ਜ਼ਰੂਰ ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਦੇ ਲਾਲਚ 'ਚ ਬੱਚੇ ਵੱਡੀ ਸੰਖਿਆ 'ਚ ਆਂਗਣਵਾੜੀ 'ਚ ਆਉਣ ਲੱਗੇ ਹਨ। ਅਠਾਰਾਂ ਪੈਸੇ ਦੇ ਇਸ ਲੈਮਨਜੂਸ 'ਚ ਵਿਟਾਮਿਨ ਏ ਦੀ 500 ਇੰਟਰਨੈਸ਼ਨਲ ਯੂਨਿਟ, 7 ਮਿਲੀਗ੍ਰਾਮ ਆਇਰਨ, 50 ਮਾਈਕਰੋਗਰਾਮ ਫ਼ੋਲਿਕ ਐਸਿਡ ਤੇ 10 ਮਿਲੀਗਰਾਮ ਵਿਟਾਮਿਨ ਸੀ ਦੀ ਮਾਤਰਾ ਰਹਿੰਦੀ ਹੈ। ਸੁਆਲ ਇਹ ਪੈਦਾ ਹੋ ਰਿਹਾ ਹੈ ਕਿ ਕੀ ਅਜੇਹਾ ਪ੍ਰਯੋਗ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ 'ਤੇ ਕਰਨਾ ਜਾਇਜ਼ ਹੈ? ਇਹ ਸੁਆਲ ਵੀ ਹੈ ਕਿ ਮਾਈਕਰੋਨਿਉਟੀਏਂਟ ਦੇ ਤਜਰਬੇ ਸੰਸਾਰ ਦੇ ਹੋਰਨਾਂ ਦੇਸ਼ਾਂ ਵਿੱਚ ਵੀ ਹੋਏ ਹਨ। ਉੱਥੇ ਬਹੁਤੇ ਅੱਛੇ ਨਤੀਜੇ ਸਾਹਮਣੇ ਨਹੀਂ ਆਏ। ਇਸ ਪਿੱਛੇ ਦਲੀਲ ਬੜੀ ਆਮ ਜਹੀ ਹੈ। ਖ਼ਾਲੀ ਪੇਟ ਜਾਂ ਅੱਧ-ਭਰੇ ਪੇਟ ਵਿੱਚ ਰਸਾਇਣਕ ਉਤਪਾਦ ਫ਼ਾਇਦਾ ਘੱਟ ਦੇ ਨੁਕਸਾਨ ਵੱਧ ਕਰਨਗੇ। ਅਜੇਹਾ ਮੰਨਣਾ ਹੈ ਹੈਦਰਾਬਾਦ ਦੀ ਨੈਸ਼ਨਲ ਇੰਸਟੀਚੂਟ ਆਫ਼ ਨਿਉਟਰੀਐਂਟਸ ਦੀ ਡਿਪਟੀ ਡਾਇਰੈਕਟਰ ਡਾ. ਵੀਨਾ ਸ਼ਤਰੁਘਣ ਕਿ ਅੱਧੇ ਤੋਂ ਵੱਧ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਉਨ੍ਹਾਂ ਨੂੰ ਲੋੜੀਂਦਾ ਪੌਸ਼ਟਿਕ ਭੋਜਨ ਨਹੀਂ ਮਿਲ ਰਿਹਾ। ਲੋੜ ਉਨ੍ਹਾਂ ਨੂੰ ਭੋਜਨ ਦੇਣ ਦੀ ਹੈ ਤੇ ਜ਼ੋਰ ਵੀ ਇਸ ਤੇ ਹੀ ਹੋਣਾ ਚਾਹੀਦਾ ਹੈ। ਭੁੱਖੇ ਪੇਟ 'ਚ ਰਸਾਇਣਕ ਰੂਪ 'ਚ ਪੌਸ਼ਟਿਕ ਸਾਮਗਰੀ (ਨਿਊਟੀਐਂਟ) ਦਿੱਤੀ ਜਾਵੇ ਤਾਂ ਉਨ੍ਹਾਂ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਜਿੰਨਾ ਪੈਸਾ ਇਨ੍ਹਾਂ ਕੈਂਡੀਆਂ 'ਤੇ ਮਾੜਾ ਅਸਰ

ਪੈਂਦਾ ਹੈ। ਜਿੰਨਾ ਪੈਸਾ ਇਨ੍ਹਾਂ ਕੈਂਡੀਆਂ ’ਤੇ ਖ਼ਰਚ ਕੀਤਾ ਜਾ ਰਿਹਾ ਹੈ, ਓਨਾ ਪੈਸਾ ਪੌਸ਼ਟਿਕ ਭੋਜਨ ਦੇਣ ਉੱਤੇ ਖ਼ਰਚ ਕੀਤਾ ਜਾਵੇ ਤਾਂ ਜ਼ਿਆਦਾ ਬੇਹਤਰ ਹੈ। ਇਸ ਪ੍ਰਸੰਗ ’ਚ ਦਿੱਲੀ ’ਚ ਪੇਸ਼ ਕੀਤੇ ਗਏ ਉਨ੍ਹਾਂ ਦੇ ਪੇਪਰ ਵਿੱਚ ਵੀ ਇਸ ਕੇਸ ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਇਸ ਵਿੱਚ ਦੱਖਣੀ ਅਫ਼ਰੀਕਾ ਦੇ ਕਈ ਦੇਸ਼ਾਂ ਤੇ ਨੇਪਾਲ ਦਾ ਹਵਾਲਾ ਵੀ ਦਿੱਤਾ ਗਿਆ ਹੈ ਜਿੱਥੇ ਇਸ ਤਰ੍ਹਾਂ ਦੇ ਪ੍ਰਯੋਗਾਂ ਦਾ ਸਿਹਤ ’ਤੇ ਬੁਰਾ ਅਸਰ ਪਿਆ। ਇਸ ਬਾਰੇ ਬਿਰਾਜ ਪਟਨਾਇਕ, ਜੋ ਭੋਜਨ ਦੇ ਅਧਿਕਾਰ ਸਬੰਧੀ ਪੀ. ਯੂ. ਸੀ. ਐੱਲ. ਦੇ ਮੁਕੱਦਮੇ ਵਿੱਚ ਸੁਪਰੀਮ ਕੋਰਟ ਵੱਲੋਂ ਨਿਯੁਕਤ ਕਮਿਸ਼ਨ ਦੇ ਸਲਾਹਕਾਰ ਹਨ, ਦਾ ਕਹਿਣਾ ਹੈ ਕਿ ਇਹ ਸਿੱਧੇ ਰੂਪ ਵਿੱਚ, ਕੌਮਾਂਤਰੀ ਸੰਸਥਾਵਾਂ ਨੂੰ ਮਾੜੇ ਭੋਜਨ ਅਤੇ ਆਂਗੜਵਾੜੀ ਯੋਜਨਾਵਾਂ ’ਚ ਦਾਖ਼ਲਾ ਦੇਣਾ ਹੈ। ਕੌਮੀ ਪੱਧਰ ’ਤੇ, ਬਿਨਾਂ ਠੀਕ ਢੰਗ ਨਾਲ ਜਾਂਚ ਕਰਾਏ, ਇਸ ਤਰ੍ਹਾਂ ਦੇ ਪ੍ਰਯੋਗ ਗ਼ਰੀਬ ਬੱਚਿਆਂ ਦੀ ਸਿਹਤ ਨਾਲ ਖਿਲਵਾੜ ਹਨ। ਉਧਰ ਸੂਤਰਾਂ ਅਨੁਸਾਰ ਯੋਜਨਾ ਕਮਿਸ਼ਨ ਵੀ ਅਗਲੀ ਪੰਜ ਸਾਲਾ ਯੋਜਨਾ ’ਚ ਇਸ ਮਦ ’ਚ ਭਾਰੀ ਰਾਸ਼ੀ ਅਲਾਟ ਕਰਨ ਲਈ ਵਿਚਾਰ ਕਰ ਰਿਹਾ ਹੈ। ਬਾਲ ਵਿਕਾਸ ਪ੍ਰੋਗਰਾਮ (ICDS) ਦੇ ਤਹਿਤ ਦੇਸ਼ ਭਰ ’ਚ ਇਸ ਸਮੇਂ (30.09.2006 ਤੱਕ) 7.8 ਲੱਖ ਆਂਗਣਵਾੜੀਆਂ ਚੱਲ ਰਹੀਆਂ ਹਨ। ਸੁਪਰੀਮ ਕੋਰਟ ਨੇ 13 ਦਸੰਬਰ 2006 ਨੂੰ ਭੋਜਨ ਦੇ ਅਧਿਕਾਰ ਕੇਸ ’ਚ ਆਂਗਣਵਾੜੀਆਂ ਦੀ ਗਿਣਤੀ ਵੱਧ ਕੇ 14 ਲੱਖ ਕਰਨ ਦਾ ਫ਼ੈਸਲਾ ਦਿੱਤਾ। ਇਸ ਜਨ-ਹਿਤ ਪਟੀਸ਼ਨ ਦੇ ਮੱਦੇ ਨਜ਼ਰ, ਸੁਪ੍ਰੀਮ ਕੋਰਟ ਨੈ ਕਮਿਸ਼ਨਰਾਂ ਨਿਯੁਕਤੀ ਕੀਤੀ ਜੋ ਦੇਸ਼ ਭਰ ’ਚ ਭੋਜਨ ਦੇ ਅਧਿਕਾਰ ਦੀ ਗਰੰਟੀ ਦੇਣ ਵਾਲੀਆਂ ਯੋਜਨਾਵਾਂ ਦੇ ਅਮਲ ’ਤੇ ਨਿਗਾਹ ਰੱਖਣਗੇ ਤੇ ਇਸ ਸਬੰਧੀ ਕੋਰਟ ਨੂੰ ਜਾਣੂ ਕਰਵਾਉਣਗੇ। ਕਮਿਸ਼ਨਰਾਂ ਦੀ ਸਤਵੀਂ ਮਸੌਦਾ ਰੀਪੋਰਟ ਖੋਜਬੀਨ ਦੌਰਾਨ ਮਿਲੀ ਜਿਸ ਤੋਂ ਇਨ੍ਹਾਂ ਯੋਜਨਾਵਾਂ ਦੀ ਬੁਰੀ ਹਾਲਤ ਦਾ ਪਤਾ ਲੱਗਦਾ ਹੈ। ਰੀਪੋਰਟ ਮੁਤਾਬਕ 30 ਸਤੰਬਰ 2006 ਤੱਕ ਅਲਾਟਿਡ ਆਂਗਣਵਾੜੀਆਂ ਦੀ ਗਿਣਤੀ 9.4 ਲੱਖ ਸੀ ਜਦ ਕਿ ਇਸ ਤਰੀਕ ਤੱਕ ਸਿਰਫ਼ 7.8 ਲੱਖ ਹੀ ਚਾਲੂ ਹਨ। ਇਨ੍ਹਾਂ ਵਿੱਚੋਂ ਵੀ 20000 ਆਂਗਣਵਾੜੀ ਕੇਂਦਰ ਆਪਣੇ ਕੰਮਕਾਰ ਦੀ ਜਾਣਕਾਰੀ ਨਹੀਂ ਜਮ੍ਹਾਂ ਕਰਵਾ ਰਹੇ। ਕਈ ਸੂਬਿਆਂ ਦੀ ਸਥਿਤੀ ਬਹੁਤ ਬੁਰੀ ਹੈ। ਝਾਰਖੰਡ ਤੋਂ ਲੈ ਕੇ ਗੁਜਰਾਤ ਤੱਕ ਆਂਗਣਵਾੜੀਆਂ ’ਚ ਨਾ ਸਿਰਫ਼ ਗੜਬੜਾਂ ਸਾਹਮਣੇ ਆਈਆਂ ਹਨ ਬਲਕਿ ਰਾਜ ਸਰਕਾਰਾਂ ਵੀ ਨਿਯਮਾਂ ਦਾ ਉਲੰਘਣ ਕਰਨ ’ਚ ਪਿੱਛੇ ਨਹੀਂ ਹਨ। ਸੁਪਰੀਮ ਕੋਰਟ ਦਾ ਸਪੱਸ਼ਟ ਨਿਰਦੇਸ਼ ਹੈ ਕਿ ਆਂਗਣਵਾੜੀ ਵਿੱਚ ਭੋਜਨ ਦਾ ਠੇਕਾ ਨਹੀਂ ਦਿੱਤਾ ਜਾਵੇਗਾ। ਨਿੱਜੀ ਠੇਕੇਦਾਰਾਂ ਨੂੰ ਇਸ ਅਮਲ ਤੋਂ ਦੂਰ ਰੱਖਣ ਦਾ ਪ੍ਰਬੰਧ ਹੈ ਜਦਕਿ ਪਿਛਲੇ ਸਾਲ ਮੱਧ ਪ੍ਰਦੇਸ਼ ਸਰਕਾਰ ਨੇ ਭੋਜਨ ਤਿਆਰ ਕਰਨ ਲਈ ਟੈਂਡਰ ਮੰਗੇ ਤੇ ਇਸ ਦੇ ਇਸ਼ਤਿਹਾਰ ਵੀ ਅਖ਼ਬਾਰਾਂ ਵਿੱਚ ਛਪੇ। ਹੰਗਾਮਾ ਮੰਚ ਜਾਣ ਤੇ ਇਹ ਅਮਲ ਵਾਪਸ ਲਿਆ ਗਿਆ। ਇਸ ਤਰ੍ਹਾਂ ਕਈ ਕੇਸ ਉੱਤਰ ਪ੍ਰਦੇਸ਼ ਤੇ ਗੁਜਰਾਤ ’ਚੋਂ ਵੀ ਆਏ ਹਨ। ਬਿਹਾਰ ’ਚ ਕੁਪੋਸ਼ਣ ਸੱਭ ਤੋਂ ਵੱਧ ਹੈ ਤੇ ਗੜਬੜ ਘਪਲਾ ਵੀ ਬਹੁਤ ਹੈ। ਇਹ ਸੂਬਾ ਜਿੱਥੇ ਇੱਕ ਪਾਸੇ ਪੌਸ਼ਟਿਕ ਲੈਮਨਜੂਸ ’ਤੇ ਸਾਲ ’ਚ 15 ਕਰੋੜ ਰੁਪਿਆ ਖ਼ਰਚ ਕਰ ਰਿਹਾ ਹੈ, ਉੱਥੇ ਅਜੇ ਤੱਕ ਲੋੜੀਂਦੇ ਆਂਗਨਵਾੜੀ ਕੇਂਦਰ ਯਕੀਨੀ ਬਣਾਉਣ ਲਈ ਕੁੱਝ ਨਹੀਂ ਕੀਤਾ ਜਾ ਰਿਹਾ। ਜੋ ਆਂਗਣਵਾੜੀਆਂ ਹਨ ਵੀ, ਉਨ੍ਹਾਂ ’ਚ ਸਹੂਲਤਾਂ ਦੀ ਬੇਹੱਦ ਘਾਟ ਹੈ। ਬਾਲ ਵਿਕਾਸ

ਸੇਵਾ ਪ੍ਰੋਗਰਾਮ ਤਹਿਤ ਸੰਚਾਲਿਤ ਕਰੀਬ 70000 ਆਂਗਣਵਾੜੀ ਕੇਂਦਰ ਜੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ ਤਾਂ ਸ਼ਾਇਦ ਹੀ ਬਿਹਾਰ ’ਚ ਕੁਪੋਸ਼ਣ, ਭੁੱਖ ਤੇ ਇਨ੍ਹਾਂ ਕਰ ਕੇ ਹੋਣ ਵਾਲੀਆਂ ਬੀਮਾਰੀਆਂ ਨਾਲ ਮੌਤ ਦੀ ਖ਼ਬਰ ਆਵੇ। ਸ਼ਾਇਦ ਹੀ ਖ਼ੂਨ ਦੀ ਕਮੀ ਕਾਰਨ ਪੀਲਾ ਪੈ ਰਿਹਾ ਬਚਪਨ ਦਿਸੇ। ਇੱਕ ਆਂਗਣਵਾੜੀ ਕੇਂਦਰ ਵਿੱਚ 99 ਲਾਭਪਾਤਰੀਆਂ ਤੇ 3 ਸਾਲ ਤੱਕ ਦੇ ਅਤੀ ਕੁਪੋਸ਼ਿਤ 12 ਬੱਚਿਆਂ, 6 ਸਾਲਾਂ ਤੱਕ ਦੇ 68 ਕੁਪੋਸ਼ਿਤ ਬੱਚਿਆਂ, 3 ਕਿਸ਼ੋਰੀਆਂ, 16 ਗਰਭਵਤੀ ਔਰਤਾਂ ਤੇ ਗੋਦੀ ’ਚ ਬੱਚਿਆਂ ਵਾਲੀਆਂ ਮਾਵਾਂ ਨੂੰ ਸਾਲ ’ਚ 300 ਦਿਨ ਪੂਰਨ ਪੌਸ਼ਟਿਕ ਭੋਜਨ ਤੇ ਪੌਸ਼ਟਿਕ ਲੈਮਨਜੂਸ ਦੇਣ ਦਾ ਪ੍ਰੋਵਿਜ਼ਨ ਹੈ। ਕੁੱਝ ਸਮਾਂ ਪਹਿਲਾਂ ਤੱਕ ਰਾਜ ਵਿੱਚ 60153 ਆਂਗਣਵਾੜੀ ਕੇਂਦਰ ਸਨ। ਮਾਰਚ ਤੱਕ ਇਨ੍ਹਾਂ ਦੀ ਗਿਣਤੀ ਵੱਧ ਕੇ 8587 ਕਰਨੀ ਸੀ ਪਰ ਅਪ੍ਰੈਲ ਦੇ ਅੰਤ ਤੱਕ ਇਹ ਅੰਕੜਾ 70000 ਕੇਂਦਰਾਂ ਤੱਕ ਹੀ ਪਹੁੰਚ ਸਕਿਆ। ਇਸ ਲਿਹਾਜ਼ ਨਾਲ ਸਾਰੇ ਰਾਜਾਂ ਵਿੱਚ 6900000 ਤੋਂ ਵੱਧ ਲਾਭ ਪਾਤਰੀਆਂ ਨੂੰ ਪੌਸ਼ਟਿਕ ਲੈਮਨਜੂਸ ਦਿੱਤਾ ਜਾ ਰਿਹਾ ਹੈ ਪਰ ਜ਼ਮੀਨੀ ਅਸਲੀਅਤ ਕੁੱਝ ਹੋਰ ਹੀ ਹੈ। ਪੇਂਡੂ ਵਿਕਾਸ ਮੰਤਰੀ ਵੱਲੋਂ ਪਟਨਾ ਜ਼ਿਲੇ ਦੀਆਂ ਦੋ ਤਹਿਸੀਲਾਂ ਦੇ 47 ਆਂਗਣਵਾੜੀ ਕੇਂਦਰਾਂ ਦੇ ਅਧਿਐਨ ਦੇ ਜੋ ਨਤੀਜੇ ਹਨ, ਉਹ ਕੇਂਦਰਾਂ ਦੇ ਸੰਚਾਲਨ ’ਚ ਹੋ ਰਹੀ ਖ਼ਾਨਾਪੂਰਤੀ ਦੀ ਕਹਾਣੀ ਵੀ ਬਿਆਨ ਕਰਦੇ ਹਨ। ਮੰਤਰੀ ਦੀ ਰੀਪੋਰਟ ਅਨੁਸਾਰ 43 ਕੇਂਦਰਾਂ ’ਤੇ ਬੱਚਿਆਂ ਦੀ ਗਿਣਤੀ 5 ਤੋਂ 32 ਤੱਕ ਹੀ ਸੀ। ਵੈਸੇ ਹੋਰ ਸਹੂਲਤਾਂ ਜਿਵੇਂ ਪੀਣ ਵਾਲਾ ਪਾਣੀ, ਪਖਾਨੇ, ਬਰਤਨ ਆਦਿ ਦੇ ਕੇਸ ’ਚ ਕੇਂਦਰਾਂ ਦੀ ਬਦਹਾਲੀ ਉਨ੍ਹਾਂ ਵਿਚਲੇ ਪ੍ਰਬੰਧ ਦੀ ਮਾੜੀ ਹਾਲਤ ਦਾ ਸਬੂਤ ਹੈ। ਅਧਿਐਨ ਦੌਰਾਨ ਸਾਫ਼-ਸਫ਼ਾਈ,ਖੇਡਾਂ ਤੇ ਪੜ੍ਹਾਈ ਦੀਆਂ ਸਰਗਰਮੀਆਂ 50 ਫ਼ੀਸਦੀ ਕੇਂਦਰਾਂ ’ਤੇ ਸਿਫ਼ਰ (ਜ਼ੀਰੋ) ਪਾਈਆਂ ਗਈਆਂ। ਇਹ ਤਾਂ ਇੱਕ ਸਵੈਸੇਵੀ ਸੰਸਥਾ ਦੇ ਰਾਜਧਾਨੀ ਦੇ, ਆਸਪਾਸ ਦੇ ਕੇਂਦਰਾਂ ਦੇ ਅਧਿਐਨ ਦਾ ਸਿੱਟਾ ਹੈ। ਸਰਕਾਰੀ ਪੱਤਰ ਵਿਹਾਰ ਤੇ ਅਦਾਲਤ ਤੱਕ ਪਹੁੰਚੇ ਅਨੇਕਾਂ ਮਾਮਲੇ ਇਸ ਗੱਲ ਦੇ ਗਵਾਹ ਹਨ ਕਿ ਬਿਹਾਰ ਦੇ ਆਂਗਣਵਾੜੀ ਕੇਂਦਰਾਂ ’ਚ ਭਰਿਸ਼ਟਾਚਾਰ ਤੇ ਬਾਂਦਰ ਵੰਡ ਕਿੰਨੀ ਮਜ਼ਬੂਤ ਹੈ। ਅਜੇ ਪੂਰੇ ਸੂਬੇ ’ਚ 20433 ਨਵੇਂ ਆਂਗਣਵਾੜੀ ਕੇਂਦਰਾਂ ’ਤੇ ਵਰਕਰਾਂ ਦੀ ਨਿਯੁਕਤੀ ਦਾ ਅਮਲ ਚੱਲ ਰਿਹਾ ਹੈ। ਵਿਧਾਨ ਸਭਾ ਦੇ ਸਾਂਝੇ ਇਜਲਾਸ ਵਿੱਚ 23 ਫ਼ਰਵਰੀ ਨੂੰ ਆਪਣੇ ਭਾਸ਼ਣ ’ਚ ਰਾਜਪਾਲ ਨੇ ਕਿਹਾ ਸੀ ਕਿ ਮਾਰਚ ਦੇ ਅੰਤ ਤੱਕ ਇਨ੍ਹਾਂ ਚੋਂ ਕਰੀਬ 8000 ਕੇਂਦਰਾਂ ਤੇ ਹੀ ਵਰਕਰਾਂ ਦੀ ਬਹਾਲੀ ਹੋ ਸਕੀ ਜਦ ਕਿ ਨਗਰ ਨਿਗਮ ਚੋਣਾਂ ਦੇ ਕਾਰਨ ਅਗਲੀ 28 ਮਈ ਤੱਕ ਨਿਯੁਕਤੀਆਂ ’ਤੇ ਰੋਕ ਲੱਗੀ ਹੋਈ ਹੈ। ਵੈਸੇ ਪਿਛਲੇ ਦਿਨੀਂ ਨਿਯੁਕਤੀ ਲਈ ਦੱਬ ਕੇ ਪੈਸੇ ਉਗਰਾਹੁਣ ਦੇ ਦੋਸ਼ ਲੱਗਦੇ ਰਹੇ। ਵਿਧਾਨ ਪ੍ਰੀਸ਼ਦ ਵਿੱਚ ਸਮਾਜ ਕਲਿਆਣ ਮੰਤਰੀ ਰਾਮੇਸ਼ਵਰ ਪਾਸਵਾਨ ਨੇ ਕਿਹਾ ਕਿ ਬਹਾਲੀ ’ਚ ਬੇਨਿਯਮੀਆਂ ਦੀ ਸ਼ਿਕਾਇਤ ਮਿਲਣ ’ਤੇ ਜਾਂਚ ਕਰਵਾਈ ਜਾਵੇਗੀ ਤੇ ਦੋਸ਼ ਸਾਬਤ ਹੋਣ ਪਿੱਛੋਂ ਮੁਖੀਆਂ ਦੇ ਅਧਿਕਾਰ ਖ਼ਤਮ ਕਰ ਦਿੱਤੇ ਜਾਣਗੇ। ਮੰਤਰੀ ਦੇ ਜੁਆਬ ਦੌਰਾਨ ਹੀ ਕਾਂਗਰਸ ਵਿਧਾਇਕ ਜੋਤੀ ਨੇ ਦੋਸ਼ ਲਾਇਆ ਸੀ ਕਿ ਇੱਕ ਮਹਿਲਾ ਵਿਕਾਸ ਪ੍ਰੀਯੋਜਨਾ ਅਧਿਕਾਰੀ ਸੇਵਿਕਾ ਦੀ ਬਹਾਲੀ ਲਈ 50000 ਰੁਪਏ ਰਿਸ਼ਵਤ ਦੀ ਮੰਗ ਕਰ ਰਹੀ ਹੈ। ਇਸ ਤੋਂ ਪਿੱਛੋਂ ਹੀ ਸਮਸਤੀਪੁਰ ਜ਼ਿਲੇ ਦੇ ਬਾਰਸ ਨਗਰ ਤੇ ਖਾਨਪੁਰ ਤਹਿਸੀਲਾਂ

ਦੀ ਬਾਲ ਵਿਕਾਸ ਪ੍ਰੀਯੋਜਨਾ ਅਧਿਕਾਰੀ ਮੰਜੂ ਦੇਵੀ ਸੇਵਿਕਾ ਦੀ ਬਹਾਲੀ ਲਈ 10000 ਰੁਪਏ ਰਿਸ਼ਵਤ ਲੈਂਦਿਆਂ ਵਿਜੀਲੈਂਸ ਦੀ ਟੀਮ ਨੇ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ। ਉਸ ਤੋਂ ਪਹਿਲਾਂ ਮੁਜ਼ੱਫ਼ਰਪੁਰ ਦੀ ਮੋਤੀਪੁਰ ਤਹਿਸੀਲ ਦੀ ਅਧਿਕਾਰੀ ਵੀ ਰੰਗੇ ਹੱਥੀਂ ਗ੍ਰਿਫ਼ਤਾਰ ਹੋਈ ਸੀ। ਕਮਿਸ਼ਨ ਦੀ ਕਵਾਇਤ ਨੇ ਬਾਲ ਵਿਕਾਸ ਪ੍ਰੋਗਰਾਮ ਦੀ ਕਮਰ ਤੋੜ ਦਿੱਤੀ ਹੈ। ਆਮ ਤੌਰ ਤੇ ਮੁਖੀਆਂ, ਬਾਲ ਵਿਕਾਸ ਅਧਿਕਾਰੀ (BDO) ਤੇ ਬਾਲ ਵਿਕਾਸ ਪੋਗ੍ਰਾਮ ਅਧਿਕਾਰੀ (CDPO) ਤ੍ਰਿਕੋਣ ਦੇ ਵਿਚਕਾਰ ਹਰ ਮਹੀਨੇ ਪ੍ਰਤੀ ਆਂਗਣਵਾੜੀ ਕੇਂਦਰ ਦੇ ਹਜ਼ਾਰ ਰੁਪਏ ਤੱਕ ਦੀ ਬਾਂਦਰ ਵੰਡ ਕੀਤੀ ਜਾਂਦੀ ਹੈ। ਇਸ ਬਣੇ ਬਣਾਏ ਕਮਿਸ਼ਨ ਦਾ ਭੁਗਤਾਨ ਨਾ ਕਰਨ 'ਤੇ ਸਬੰਧਤ ਕੇਂਦਰ ਦੇ ਭੋਜਨ ਦੀ ਗਰਾਂਟ ਰੋਕ ਦਿੱਤੀ ਜਾਂਦੀ ਹੈ। ਭਾਗਲਪੁਰ ਜ਼ਿਲੇ ਦੀ ਸਬੌਰ ਤਹਿਸੀਲ ਦੀ (CDPO) ਕਮਿਸ਼ਨ ਦੀ ਵਸੂਲੀ 'ਚ ਸਾਥ ਨਾ ਦੇਣ 'ਤੇ ਇੱਕ ਸੁਪਰਵਾਈਜ਼ਰ ਦੀ ਤਨਖ਼ਾਹ ਹੀ ਰੋਕ ਦਿੱਤੀ। ਅਨੇਕਾਂ ਸ਼ਿਕਾਇਤਾਂ ਲੋਕਾਂ ਵੱਲੋਂ ਹੋਈਆਂ ਪਰ ਕੋਈ ਸੁਧਾਰ ਨਹੀਂ ਹੋਇਆ। 2001 ਤੋਂ 07 ਤੱਕ ਭੋਜਨ ਲਈ ਕਈ ਕਰੋੜ ਰੁਪਏ ਖਰਚ ਕੀਤੇ ਗਏ ਪਰ ਭੋਜਨ ਤਿਆਰ ਕਰਨ ਲਈ ਬਰਤਨ ਵੀ ਨਹੀਂ ਖ਼ਰੀਦੇ ਗਏ।

# ਕੀ ਸਿਰਫ਼ ਅੰਕੜਿਆਂ ਦੀ ਬਾਜ਼ੀਗਿਰੀ ਹੀ ਕੀਤੀ ਰੇਲ ਮੰਤਰੀ ਲਾਲੂ ਯਾਦਵ ਨੇ?

ਪਿਛਲੇ ਸਾਲ ਉਹ 'ਭਾਰਤੀ ਰੇਲਵੇ 'ਚ ਵਿਸ਼ਾਲ ਉਲਟ ਫੇਰ' ਦੀ ਕਹਾਣੀ ਘੜ ਰਹੇ ਸਨ। ਆਪਣੇ ਮੰਤਰੀ-ਮਸੀਹਾ ਲਾਲੂ ਪ੍ਰਸਾਦ ਯਾਦਵ ਦੀ ਅਗਵਾਈ 'ਚ ਬਾਬੂਆਂ ਨੇ ਵੱਧ ਚੜ੍ਹ ਕੇ ਦਾਅਵੇ ਕੀਤੇ ਕਿ ਕਿਸ ਪ੍ਰਕਾਰ ਉਨ੍ਹਾਂ ਨੇ ਭਾਰਤੀ ਰੇਲਵੇ ਦੀ ਕਾਇਆ ਪਲਟ ਦਿੱਤੀ ਅਤੇ ਇਸ ਗੱਲ ਦਾ ਢੋਲ ਪਿੱਟਣ 'ਚ ਕਿਸੇ ਮੰਚ ਨੂੰ ਨਹੀਂ ਛੱਡਿਆ ਕਿ ਕਿਸ ਪ੍ਰਕਾਰ ਉਹ ਲਾਭ ਕਮਾਉਣ 'ਚ ਜਨਤਕ ਖੇਤਰ ਦੇ ਸਭ ਤੋਂ ਵੱਧ ਲਾਭ ਦੇਣ ਵਾਲੇ ਓ. ਐੱਨ. ਜੀ. ਸੀ. ਨੂੰ ਵੀ ਪਿੱਛੇ ਛੱਡ ਜਾਣਗੇ। ਉਸ ਸ਼ੋਰ ਗੁਲ ਦੀ ਤੁਲਨਾ ਵਿੱਚ 2007-08 'ਚ ਅਸਾਧਾਰਨ ਚੁੱਪ ਹੈ। ਇਸ ਵਾਰੀ ਕੋਈ ਵੱਡੇ ਦਾਅਵੇ ਨਹੀਂ। ਪਿਛਲੇ ਵਿੱਤੀ ਸਾਲ ਦੇ 21,578 ਕਰੋੜ ਰੁਪਏ ਦੇ ਲਾਭ ਨੂੰ ਹੋਰ ਬੇਹਤਰ ਕਰਨ ਦੀ ਕੋਈ ਗੱਲ ਨਹੀਂ ਹੈ। ਲਾਭ 21,578 ਕਰੋੜ ਰੁਪਏ? ਇਹ ਉਦੋਂ ਵੀ ਏਨਾ ਹੀ ਹੈਰਾਨੀਜਨਕ ਸੀ। ਰੇਲਵੇ ਬੋਰਡ ਦੇ ਮੈਂਬਰ ਹੁਣ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਲਾਲੂ ਦੀ ਸਫ਼ਲਤਾ ਦੀ ਕਹਾਣੀ 'ਚ ਅਸਲੀਅਤ ਘੱਟ ਸੀ ਤੇ ਉਸ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਸੀ। ਇੱਥੋਂ ਤੱਕ ਕਿ ਇੱਕ ਅਧਿਕਾਰੀ ਕਹਿੰਦੇ ਹਨ, 'ਇਹ ਕਾਇਆ ਪਲਟ ਸ਼ਬਦ ਇੱਕ ਤਿਹਾਈ ਸੱਚ ਹੈ, ਇੱਕ ਤਿਹਾਈ ਵਿਉਂਤਬੱਧ ਪ੍ਰਚਾਰ ਹੈ ਅਤੇ ਇੱਕ ਤਿਹਾਈ ਅੰਕੜਿਆਂ ਦੀ ਬਾਜ਼ੀਗਿਰੀ ਹੈ।"

ਲੇਖਾ ਵਹੀਆਂ ਦੀ ਸੂਖਮ ਜਾਂਚ ਤੋਂ ਪਤਾ ਲੱਗਦਾ ਹੈ ਕਿ ਰੇਲਵੇ ਦਾ ਸ਼ੁਧ ਨਿਵੇਸ਼ਯੋਗ ਸਰਪਲੱਸ 11000 ਕਰੋੜ ਰੁਪਏ ਹੈ ਜੋ ਦੱਸੇ ਗਏ ਲਾਭ ਦਾ ਲਗਭਗ ਅੱਧਾ ਬਣਦਾ ਹੈ। ਇੱਥੋਂ ਤੱਕ ਕਿ ਇਹ ਪੈਸਾ ਵੀ ਯਾਤਰੀਆਂ ਦੀ ਕੀਮਤ 'ਤੇ ਅਤੇ ਉਨ੍ਹਾਂ ਦੀ ਸੁਰੱਖਿਆ ਦਾ ਜੋਖ਼ਮ ਉਠਾਉਂਦੇ ਹੋਏ ਕਮਾਇਆ ਗਿਆ ਹੈ। ਇਸ ਦੀ ਪੁਸ਼ਟੀ ਕਰਦਿਆਂ ਹਾਲ ਤੱਕ ਰੇਲਵੇ ਬੋਰਡ ਦੇ ਮੈਂਬਰ (ਇੰਜੀਨੀਅਰਿੰਗ) ਅਤੇ ਟੀਮ ਲਾਲੂ ਦੇ ਅੰਗ ਰਹੇ ਆਰ. ਆਰ. ਜ਼ਹੂਰ ਕਹਿੰਦੇ ਹਨ ਕਿ 'ਚੀਜ਼ਾਂ ਨੂੰ ਅਸੰਤੁਲਿਤ ਤਰੀਕੇ ਨਾਲ ਪੇਸ਼ ਕੀਤਾ ਗਿਆ। ਵਿਕਾਸ ਇੱਕ ਹੌਲੀ-ਹੌਲੀ ਹੋਣ ਵਾਲਾ ਕਰਮ ਹੈ ਅਤੇ ਉਹ ਇੱਕੋ ਵਾਰੀ 'ਚ ਛਾਲ ਨਹੀਂ ਲਾ ਸਕਦਾ। ਇਹ ਸਭ ਬਾਜ਼ੀਗਿਰੀ ਹੈ'। ਉਹ ਉਦਾਹਰਣ ਦਿੰਦੇ ਹੋਏ ਕਹਿੰਦੇ ਹਨ 'ਲਾਭ ਵਜੋਂ ਪ੍ਰਦਰਸ਼ਿਤ ਇੱਕ ਵੱਡੀ ਰਕਮ ਨੂੰ ਕਿਤੇ ਹੋਰ ਨਹੀਂ ਲਾਇਆ ਜਾ ਸਕਦਾ। ਇਹ ਨਿਵੇਸ਼ ਯੋਗ ਲਾਭ ਨਹੀਂ ਹੈ। ਉਸ ਦਾ ਇੱਕ ਹਿੱਸਾ ਸਸਪੈਂਸ ਅਕਾਊਂਟ ਹੈ : ਯਾਨੀ ਉਹ ਧਨ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਹੁਣ ਤੱਕ ਉਸ ਨੂੰ ਮਿਲਿਆ ਨਹੀਂ।' ਰਵਾਇਤੀ ਤੌਰ 'ਤੇ ਇਹ ਲਾਭ ਨਹੀਂ ਹੈ। ਇਹੀ ਨਹੀਂ, ਰੇਲਵੇ ਪੈਨਸ਼ਨ ਫ਼ੰਡ ਜੋ 21,578 ਕਰੋੜ ਰੁਪਏ ਦੇ ਲਾਭ 'ਚ ਲਗਭਗ 9000 ਕਰੋੜ ਰੁਪਏ ਦੇ ਬਰਾਬਰ ਸੀ, ਨੂੰ ਨਕਦ ਸਰਪਲਸ ਵਜੋਂ ਵਿਖਾਇਆ ਗਿਆ ਜਦ ਕਿ ਇਸ ਪੈਸੇ ਨੂੰ ਰੇਲਵੇ ਕਿਤੇ ਲਗਾ ਜਾਂ ਖ਼ਰਚ ਨਹੀਂ ਕਰ ਸਕਦੀ। ਸਾਬਕਾ ਰੇਲਵੇ ਵਿਤ ਕਮਿਸ਼ਨਰ ਐੱਸ. ਮੁਰਲੀ ਅਨੁਸਾਰ ਹੁਣ ਰੇਲਵੇ ਆਪਣੀ ਪੂਰੀ ਸੰਪਤੀ ਨੂੰ ਪੂਰੇ ਮਾਣ ਨਾਲ ਪ੍ਰਦਰਸ਼ਿਤ ਕਰਦਾ ਹੈ। ਪਰ ਪਿਛਲੇ ਸਾਲਾਂ ਨਾਲ ਤੁਲਨਾ ਕਰਨੀ ਜਾਇਜ਼ ਨਹੀਂ ਹੈ ਜਦ ਤੱਕ ਤੁਸੀਂ ਉਨ੍ਹਾਂ ਖਾਤਿਆਂ ਨੂੰ ਇੱਕ ਹੀ 'ਸਾਂਚੇ 'ਚ ਨਾ ਢਾਲੋ।'

ਇੱਕ ਹੋਰ ਸਾਬਕਾ ਰੇਲਵੇ ਵਿਤ ਕਮਿਸ਼ਨਰ ਵਿਜੈ ਲਕਸ਼ਮੀ ਵਿਸ਼ਵਨਾਥਨ ਦਾ ਕਹਿਣਾ ਹੈ 'ਲਾਲੂ ਦੇ ਅਧੀਨ ਰੇਲਵੇ ਨੇ ਬੈਲੇਂਸ ਸ਼ੀਟ ਪੇਸ਼ ਕਰਨ ਦੇ ਤਰੀਕੇ ਨੂੰ ਹੀ ਬਦਲ ਦਿੱਤਾ ਹੈ।'

21578 ਕਰੋੜ ਰੁਪਏ ਇਸ ਪ੍ਰਕਾਰ ਬਣੇ : ਯਾਤਰੀ ਕਿਰਾਇਆਂ ਤੇ ਹੋਰ ਪ੍ਰਾਪਤੀਆਂ 'ਤੇ 850 ਕਰੋੜ ਰੁਪਏ ਦਾ ਸੁਰੱਖਿਆ ਖ਼ਰਚਾ ਜੋ ਵੱਖ ਵੱਖ ਪ੍ਰਾਪਤੀਆਂ ਦੇ ਤਹਿਤ ਲਾਭ ਦੇ 2500 ਕਰੋੜ ਰੁਪਏ ਦੇ ਬਰਾਬਰ ਹੈ, ਦੇ ਰੂਪ 'ਚ ਪ੍ਰਦਰਸ਼ਤ ਕੀਤਾ ਗਿਆ ਹੈ। ਸੰਯੋਗਵਸ਼, ਸੁਰੱਖਿਆ ਭਾਰ ਨੂੰ ਸਿਰਫ਼ 2007 ਤੱਕ ਹੀ ਲਗਾਇਆ ਜਾਣਾ ਸੀ। ਰੇਲਵੇ ਨੇ ਕੈਬਨਿਟ ਦੀ ਪ੍ਰਵਾਨਗੀ ਬਗ਼ੈਰ ਉਸ ਨੂੰ ਇੱਕ ਵਿਕਾਸ ਖ਼ਰਚੇ 'ਚ ਬਦਲ ਲਿਆ।

– ਵੈਗਨਾਂ ਦੀ ਲੀਜ਼ ਲਈ ਲਾਭਅੰਸ਼ ਦੇ ਰੂਪ 'ਚ ਭਾਰਤੀ ਰੇਲਵੇ ਵਿੱਤ ਕਮਿਸ਼ਨ ਵੱਲ ਬਕਾਇਆ 1700 ਕਰੋੜ ਰੁਪਏ ਦਿਖਾਏ ਗਏ।

– ਕੰਟੇਨਰ ਟਰੇਅ ਸੰਚਾਲਨ 550 ਕਰੋੜ ਰੁਪਏ ਦਾ ਬਣਦਾ ਹੈ। ਲਾਇਸੰਸ ਟੈਕਸ (ਜੋ ਅਪਰੇਟਰ ਦੇ ਪਿੱਛੇ ਹਟਣ ਦੀ ਸਥਿਤੀ ਵਿੱਚ ਵਾਪਸ ਕੀਤਾ ਜਾਣਾ ਹੈ) ਨੂੰ ਵੀ ਲਾਭ ਦੱਸਿਆ ਗਿਆ।

– 2006–07 ਵਿੱਤੀ ਸਾਲ ਦੇ ਅੰਤ ਤੋਂ ਠੀਕ ਪਹਿਲਾਂ ਰੇਲਵੇ ਨੇ ਐਲਾਨ ਕੀਤਾ ਕਿ ਟਿਕਟ 60 ਦਿਨ ਦੀ ਬਜਾਏ 90 ਦਿਨ ਪਹਿਲਾਂ ਰਿਜ਼ਰਵ ਕਰਵਾਏ ਜਾ ਸਕਦੇ ਹਨ। ਇਸ ਤਰ੍ਹਾਂ ਅਗਲੇ ਵਿੱਤੀ ਸਾਲ ਲਈ 550 ਕਰੋੜ ਰੁਪਏ ਐਡਵਾਂਸ ਜੁੜ ਗਏ। ਪਰ ਉਨ੍ਹਾਂ ਨੂੰ 2006–07 ਦੀ ਬੈਲੇਂਸ ਸ਼ੀਟ 'ਚ ਸ਼ਾਮਲ ਕਰ ਦਿੱਤਾ ਗਿਆ।

ਪਰ ਅਸਲੀਅਤ ਕੀ ਰਹੀ? ਇਥੇ ਰੇਲਵੇ ਨੇ ਮੁੱਖ ਤੌਰ 'ਤੇ ਦੋ ਚੀਜ਼ਾਂ ਕੀਤੀਆਂ। ਮਾਲ ਗੱਡੀਆਂ ਵੱਲੋਂ ਉਠਾਏ ਜਾ ਰਹੇ ਭਾਰ ਨੂੰ ਬੇਹੱਦ ਵਧਾ ਦਿੱਤਾ ਗਿਆ ਅਤੇ ਐਸੇ ਟਿਕਟਿੰਗ ਨਿਯਮ ਬਣਾਏ ਗਏ ਜਿਨ੍ਹਾਂ ਨੇ ਮੁਸਾਫ਼ਰਾਂ ਤੋਂ ਪੈਸੇ ਕਢਵਾਏ ਜਦ ਕਿ ਲਾਲੂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਕਿਰਾਏ ਨਹੀਂ ਵਧਾਏ। ਵਾਧੂ ਕਲੈਕਸ਼ਨ ਦਾ ਇੱਕ ਹਿੱਸਾ ਯਾਨੀ 5000 ਕਰੋੜ ਪ੍ਰਤੀ ਕੰਟੇਨਰ ਵੈਗਨ ਦੀ ਭਾਰਤ ਵਾਹਕ ਯੋਗਤਾ ਨੂੰ ਵਾਧੂ 10 ਟਨ ਵਧਾਉਣ ਤੋਂ ਆਇਆ ਹੈ। ਵੈਗਨ ਵੈਸੇ ਵੀ ਓਵਰਲੋਡ ਹੁੰਦੇ ਸਨ। ਭ੍ਰਿਸ਼ਟ ਅਧਿਕਾਰੀ ਉਸ ਪੈਸੇ ਨੂੰ ਆਪਣੀ ਜੇਬ 'ਚ ਰੱਖ ਲੈਂਦੇ ਸਨ ਜੋ ਰੇਲਵੇ ਕੋਲ ਆਉਣੇ ਚਾਹੀਦੇ ਸਨ। ਲਾਲੂ ਨੇ ਬੱਸ ਆਪਣੀ 'ਇੱਕ ਦੇਹਾਤੀ ਕਹਾਵਤ ਸੁਣਾਉਂਦੇ ਹੋਏ ਨਵੀਂ ਨੀਤੀ ਤਿਆਰ ਕਰਨ ਦਾ ਫ਼ੈਸਲਾ ਕੀਤਾ 'ਜੇ ਤੁਸੀਂ ਗਾਂ ਦਾ ਪੂਰਾ ਦੁੱਧ ਨਹੀਂ ਚੋਂਦੇ ਤਾਂ ਉਹ ਬੀਮਾਰ ਪੈ ਜਾਵੇਗੀ।' ਹਾਲ ਦੀ ਘੜੀ, ਮਾਹਰ ਵਾਰੀ ਵਾਰੀ ਸੁਰੱਖਿਆ ਦੀ ਗੱਲ ਕਹਿੰਦੇ ਹੋਇਆਂ ਇਸ ਬਾਰੇ ਸੁਆਲ ਉਠਾਉਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਰੇਲਵੇ ਦੇ ਬੁਨਿਆਦੀ ਢਾਂਚੇ, ਟ੍ਰੈਕਾਂ, ਪੁਲਾਂ, ਵੈਗਨਾਂ ਤੇ ਲੋਕਾਂ ਨੂੰ ਇੱਕ ਹੱਦ ਤੱਕ ਹੀ ਖਿੱਚਿਆ ਜਾ ਸਕਦਾ ਹੈ। ਵਾਧੂ ਭਾਰ ਢੋਂਦੇ ਹੋਇਆਂ ਰੱਖ ਰਖਾਅ ਪ੍ਰੋਗਰਾਮਾਂ ਨੂੰ ਬਦਲਿਆ ਗਿਆ। ਟ੍ਰੇਨਾਂ ਨੂੰ ਵੱਧ ਰਨਿੰਗ ਟਾਈਮ ਦੇਣ ਲਈ ਸੁਰੱਖਿਆ ਨਿਯਮਾਂ 'ਚ ਢਿੱਲ ਦਿੱਤੀ ਗਈ। ਟ੍ਰੇਨ ਦੀ ਜਾਂਚ ਤੇ ਰੱਖ ਰਖਾਅ ਦੀ ਫ਼੍ਰੀਕੁਐਂਸੀ 'ਚ ਵੀ ਤਬਦੀਲੀ ਕੀਤੀ ਗਈ। ਪਹਿਲਾਂ ਹਰ ਵਾਰੀ ਜਦ ਕੋਈ ਟਰੇਨ ਆਪਣੇ ਬੇਸ ਸਟੇਸ਼ਨ 'ਤੇ ਵਾਪਸ ਆਉਂਦੀ ਸੀ ਤਾਂ ਉਸ ਦੀ ਜਾਂਚ ਹੁੰਦੀ ਸੀ, ਚਾਹੇ ਇਸ ਦੌਰਾਨ ਉਸ ਨੇ ਕਿੰਨੀ ਵੀ ਦੂਰੀ ਤਹਿ ਕੀਤੀ ਹੋਵੇ। ਰੇਲਵੇ ਨੇ ਹਰ 7500 ਕਿ.

ਸੀ. ਪਿੱਛੋਂ ਇਹ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜਿਵੇਂ ਕਿ ਉਮੀਦ ਸੀ, ਵੱਖ-ਵੱਖ ਜ਼ੋਨਲ ਡਵੀਜ਼ਨਾਂ ਨੇ ਵਧਦੇ ਐਕਸਲ ਲੋਡ ਤੇ ਘੱਟ ਰੱਖ ਰਖਾਅ ਦੇ ਕਾਰਨ ਵਧਦੇ ਰੇਲ ਫ਼ਰੈਕਚਰਾਂ, ਪੁਰਾਣੇ ਪੁਲਾਂ 'ਤੇ ਜ਼ੋਰ ਅਤੇ ਵੈਗਨ ਖ਼ਰਾਬੀ ਦੀ ਸੂਚਨਾ ਦੇਣੀ ਸ਼ੁਰੂ ਕੀਤੀ। ਵੱਖ-ਵੱਖ ਜ਼ੋਨਲ ਦਫ਼ਤਰਾਂ ਤੇ ਰੇਲ ਭਵਨ ਵਿਚਕਾਰ ਕੁੱਝ ਅੰਦਰੂਨੀ ਪੱਤਰ ਵਿਹਾਰ ਦਾ ਮੁਲਅੰਕਣ ਕਰਦਿਆਂ ਇਨ੍ਹਾਂ ਚੀਜ਼ਾਂ ਦੀ ਜਾਣਕਾਰੀ ਹਾਸਿਲ ਹੋਈ।

– ਪੂਰਬੀ ਰੇਲਵੇ ਨੇ ਰੇਲ-ਫ਼ਰੈਕਚਰਾਂ 'ਚ 42 ਫ਼ੀਸਦੀ ਵਾਧਾ, ਪਹੀਆਂ ਦੇ ਸਲਿਪ ਕਰਨ ਤੇ ਜਾਮ ਹੋਣ ਦੀਆਂ ਵਧਦੀਆਂ ਘਟਨਾਵਾਂ, ਸਿਕ ਡਿਟੈਚਮੈਂਟ' (ਮੁਰੰਮਤ ਦੀ ਜ਼ਰੂਰਤ ਵਾਲੇ) ਵੈਗਨਾਂ 'ਚ ਵਾਧਾ ਅਤੇ ਬਿਜਲੀ ਦੇ 'ਇੰਜਣ 'ਚ ਮਹੱਤਵਪੂਰਨ ਉਪਕਰਣਾਂ ਦੇ ਠੱਪ ਹੋ ਜਾਣ ਦੀਆਂ ਸੂਚਨਾਵਾਂ ਦਿੱਤੀਆਂ।

– ਦੱਖਣੀ-ਪੂਰਬੀ ਰੇਲਵੇ ਨੇ ਵੈਗਨ ਨਿਰਮਾਣ ਪਹੀਆਂ ਦੀ ਖ਼ਰਾਬੀ ਤੇ ਜਾਮ ਹੋਣ ਦੇ ਕਾਰਨ ਮਾਰਗ 'ਚ ਡੱਬਿਆਂ ਦੇ ਵੱਖ ਹੋਣ ਦੀਆਂ ਘਟਨਾਵਾਂ ਵਧਣ ਤੇ ਬਹੁਤ ਸਾਰੇ ਪੁਲਾਂ ਦੀ ਕਮਜ਼ੋਰ ਹਾਲਤ ਦੀਆਂ ਸੂਚਨਾਵਾਂ ਦਿੱਤੀਆਂ।

– ਦੱਖਣ ਰੇਲਵੇ ਨੇ ਆਪਣੀ ਯੋਗਤਾ ਤੋਂ ਵੱਧ ਭਾਰ ਢੋਹ ਰਹੇ ਵੈਗਨਾਂ ਦੇ ਠੱਪ ਹੋਣ ਅਤੇ ਰੇਲ ਤੇ ਵੈਲਡ ਫ਼ਰੈਕਚਰ ਦੀਆਂ ਵਧਦੀਆਂ ਘਟਨਾਵਾਂ ਵੱਲ ਸੰਕੇਤ ਦਿੱਤਾ ਹੈ।

ਮਾਹਰਾਂ ਨੇ ਇਹ ਸਾਰੀਆਂ ਚਿੰਤਾਵਾਂ ਜ਼ਾਹਰ ਕੀਤੀਆਂ ਸਨ, ਜਦ ਰੇਲਵੇ ਨੇ ਇਸ ਜਾਂਚ ਅਤੇ ਉਸ ਵੇਲੇ ਦੇ ਮੁੱਖ ਰੇਲਵੇ ਸੁਰੱਖਿਆ ਆਯੁਕਤ (ਸੀ. ਸੀ. ਆਰ. ਐੱਸ.) ਜੀ. ਪੀ. ਗਰਗ ਦੀ ਬੇਨਤੀ ਤੋਂ ਬਿਨਾਂ ਐਕਸਲ ਲੋਡ ਵਧਾਉਣ ਦਾ ਫ਼ੈਸਲਾ ਕੀਤਾ ਸੀ। ਹਾਲ ਵਿੱਚ ਰਿਟਾਇਰ ਹੋਏ ਗਰਗ ਅਨੁਸਾਰ, "ਸੀ. ਸੀ. ਆਰ. ਐੱਸ. ਵਜੋਂ ਮੈਂ ਇਤਰਾਜ਼ ਕੀਤਾ ਸੀ। ਰੇਲਵੇ ਪੁਲ ਪੁਰਾਣੇ ਹਨ। ਸੈਕੜਿਆਂ ਨੂੰ ਮੁਰੰਮਤ ਦੀ ਲੋੜ ਹੈ। ਰੇਲਵੇ ਕਿਸੇ ਜਾਂਚ, ਪ੍ਰੀਖਣ ਜਾਂ ਤਕਨੀਕੀ ਵਿਸ਼ਲੇਸ਼ਣ ਬਿਨਾਂ ਵੱਧ ਐਕਸਲ ਲੋਡ ਨਾਲ ਟਰੇਨਾਂ ਚਲਾਉਣਾ ਚਾਹੁੰਦੀ ਸੀ। ਮੈਂ ਉਨ੍ਹਾਂ ਨੂੰ ਅਸਥਾਈ ਫ਼ੈਸਲਾ ਲੈਣ ਤੋਂ ਮਨ੍ਹਾ ਕੀਤਾ ਅਤੇ ਐਕਸਲ ਲੋਡ ਵਧਾਉਣ ਲਈ ਨਿਰਧਾਰਤ ਸ਼ਰਤਾਂ ਨੂੰ ਪੂਰਾ ਕਰਨ ਲਈ ਕਿਹਾ। ਉਨ੍ਹਾਂ ਅਨੁਸਾਰ ਵਾਧੂ ਭਾਰ ਦੇ ਪ੍ਰਭਾਵ ਲਈ ਟਰੈਕਾਂ, ਡੱਬਿਆਂ ਇੰਜਣਾਂ ਤੇ ਪਹੀਆਂ ਦੀ ਜਾਂਚ ਕੀਤੇ ਜਾਣ ਦੀ ਜ਼ਰੂਰਤ ਸਬੰਧੀ ਗਰਗ ਕਹਿੰਦੇ ਹਨ ਕਿ ਲਾਲੂ ਦੇ ਅਧੀਨ ਰੇਲਵੇ ਐਕਸਲ ਲੋਡ 'ਚ ਇਸ ਲਈ ਵਾਧਾ ਕਰ ਸਕਿਆ ਕਿ ਲਾਲੂ ਦੇ ਗੱਦੀ ਸੰਭਾਲਣ ਤੋਂ ਠੀਕ ਪਹਿਲਾਂ ਢਾਂਚੇ ਨਵੀਨੀਂਕਰਨ ਦਾ ਕੰਮ ਹੋਇਆ ਸੀ। ਉਨ੍ਹਾਂ ਤੋਂ ਪਹਿਲੇ ਮੰਤਰੀ ਨਿਤੀਸ਼ ਕੁਮਾਰ ਨੇ 17000 ਕਰੋੜ ਰੁਪਏ ਦੇ ਸਰਪਲੱਸ, ਵਿਸ਼ੇਸ਼ ਰੇਲਵੇ ਸੁਰੱਖਿਆ ਫ਼ੰਡ ਦਾ ਗਠਨ ਕੀਤਾ ਗਿਆ ਸੀ ਅਤੇ ਟਰੈਕਾਂ ਸਿੰਗਲਿੰਗ ਡੱਬਿਆਂ ਤੇ ਇੰਜਣਾਂ 'ਚ ਵੱਡੇ ਪੈਮਾਨੇ 'ਤੇ ਨਵੀਨੀਕਰਨ ਦੇ ਕੰਮ ਕੀਤੇ ਗਏ ਸਨ।

ਸੀ. ਸੀ. ਆਰ. ਐੱਸ. ਦੇ ਇਤਰਾਜ਼ਾਂ ਨੂੰ ਪਾਰ ਕਰਨ ਲਈ ਲਾਲੂ ਨੇ ਓ. ਐੱਸ. ਡੀ. ਸੁਧੀਰ ਕੁਮਾਰ ਜੋ ਸਾਫ਼ ਸਾਫ਼ ਇਸ ਫੇਰ ਬਦਲ 'ਚ ਮਾਸਟਰ ਮਾਈਂਡ ਸਨ, ਸਮੇਤ ਰੇਲਵੇ ਬੋਰਡ ਦੇ ਅਧਿਕਾਰੀਆਂ ਨੇ ਕਮਿਸ਼ਨਰ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸਿਰਫ਼ ਪ੍ਰਯੋਗਿਕ ਅਧਾਰ 'ਤੇ ਐਕਸਲ ਲੋਡ ਵਧਾ ਰਹੇ ਹਨ ਅਤੇ ਸਾਰੀਆਂ ਸ਼ਰਤਾਂ ਪੂਰੀਆਂ ਕਰਨਗੇ। ਰੇਲਵੇ ਹੁਣ ਲਗਭਗ ਸਾਰੇ ਰੂਟਾਂ 'ਤੇ ਵੱਧ ਐਕਸਲ ਲੋਡ ਚਲਾ ਰਿਹਾ ਹੈ। ਪਰ 'ਸ਼ਰਤਾਂ ਨੂੰ ਪੂਰਾ ਕਰਨਾ' ਇਹ ਇੱਕ ਅਲੱਗ ਕਹਾਣੀ ਹੈ ਅਤੇ ਆਈ.

ਆਈ. ਐੱਮ. ਅਹਿਮਦਾਬਾਦ ਦੇ ਅਧਿਐਨ ਦੀ ਯਾਦ ਹੈ ਜਿਸ ਨੇ ਸੱਭ ਤੋਂ ਪਹਿਲਾਂ ਲਾਲੂ ਦੇ ਉਲਟ ਫੇਰ 'ਤੇ ਵਿਸ਼ਵਾਸਨੀਅਤ ਦੀ ਮੋਹਰ ਲਾਈ ਸੀ। ਉਹ ਬਹੁ ਪ੍ਰਚਾਰਿਤ ਰੀਪੋਰਟ ਜਿਸ ਨੂੰ ਰੇਲਵੇ ਨੇ 4 ਲੱਖ ਰੁਪਏ 'ਚ ਕਰਵਾਇਆ ਸੀ ਦੇ ਲੇਖਕ ਪ੍ਰੋਫ਼ੈਸਰ ਜੀ ਰਘੁਰਮਨ ਹੁਣ ਸਾਨੂੰ ਦੱਸਦੇ ਹਨ ਕਿ ਇਹ ਕਿਵੇਂ ਹੋਇਆ। ਉਹ ਕਹਿੰਦੇ ਹਨ "ਵਾਧੂ ਰੈਵੇਨਿਊ ਡੱਬਿਆਂ ਦੇ ਮੁਰੰਮਤੀ ਅਰਸੇ ਨੂੰ ਸੁਧਾਰਨ ਤੇ ਵਾਧੂ ਭਾਰ ਢੋਣ ਨਾਲ ਹਾਸਲ ਹੋਇਆ।" ਪਰ ਨਾਲ ਹੀ ਉਹ ਕਹਿੰਦੇ ਹਨ ਕਿ ਇਹ ਵਿਕਾਸ ਟਿਕਾਊ ਨਹੀਂ ਹੈ। ਰੇਲਵੇ ਨੇ ਵਾਧੂ ਭਾਰ ਵਧਣ ਦਾ ਪੂਰਾ ਲਾਭ ਉਠਾਇਆ ਹੈ। ਕਿਸੇ ਪ੍ਰੀਸੰਪਤੀ 'ਚ ਸਿਰਫ਼ ਇੱਕ ਵਾਰ ਵਾਧਾ ਹੋ ਸਕਦਾ ਹੈ। ਉਸ ਨੂੰ ਸੁਧਾਰਨ ਤੇ ਉਨਤ ਕਰਨ ਲਈ ਨਿਵੇਸ਼ ਕਰਨਾ ਪੈਂਦਾ ਹੈ। ਉਹ ਕਹਿੰਦੇ ਹਨ ਇਸ ਤੋਂ ਇਲਾਵਾ ਉਲਟ ਫੇਰ ਨੇ ਸਹੂਲਤਾਂ 'ਚ ਸੁਧਾਰ ਵਜੋਂ ਯਾਤਰੀਆਂ ਨੂੰ ਕੋਈ ਲਾਭ ਨਹੀਂ ਪਹੁੰਚਾਇਆ। ਆਈ. ਆਈ. ਐੱਮ. ਅਧਿਐਨ ਨੇ ਲਾਲੂ ਦੇ ਸਿਰ ਸਫ਼ਲਤਾ ਦਾ ਸਿਹਰਾ ਬੰਨ੍ਹ ਦਿੱਤਾ। ਨਾਲ ਹੀ ਹਾਵਰਡ ਬਿਜ਼ਨੈਸ ਸਕੂਲ, ਵਾਰਟਨ ਤੇ ਐੱਮ. ਆਈ. ਟੀ. ਦੇ ਵਿਦਿਆਰਥੀ ਉਨ੍ਹਾਂ ਵੱਲੋਂ ਕੀਤੇ ਗਏ ਚਮਤਕਾਰ ਦਾ ਅਧਿਐਨ ਕਰਨ ਲਈ ਲਗਾਤਾਰ ਉਤਾਵਲੇ ਸਨ, ਜਾਂ ਅਜਿਹਾ ਪੇਸ਼ ਕੀਤਾ ਗਿਆ ਸੀ। ਹੁਣ ਪਤਾ ਲਗਿਆ ਹੈ ਕਿ ਦਸੰਬਰ 2006 'ਚ ਹਾਵਰਡ ਬਿਜ਼ਨੇਸ ਸਕੂਲ ਦੇ ਵਿਦਿਆਰਥੀਆਂ ਦਾ ਦੌਰਾ ਕਿਸੇ ਰੇਲਵੇ ਕਾਇਆਕਲਪ ਦਾ ਅਧਿਐਨ ਕਰਨ ਲਈ ਨਹੀਂ ਸੀ, ਉਨ੍ਹਾਂ ਨੇ ਬਸ ਭਾਰਤ ਕੈਂਪ ਪ੍ਰੋਗਰਾਮ ਦੇ ਇੱਕ ਅੰਗ ਵਜੋਂ ਰੇਲਵੇ ਮੰਤਰੀ ਨੂੰ ਬੁਲਾਇਆ ਸੀ। ਇਹ ਦੌਰਾ ਗ਼ੈਰ ਰਵਾਇਤੀ ਸੀ ਜੋ ਸਾਡੇ ਭਾਰਤੀ ਮੇਜ਼ਬਾਨਾਂ ਵੱਲੋਂ ਆਯੋਜਤ ਕੀਤਾ ਗਿਆ ਸੀ। ਉਹ ਕਿਸੇ ਸਿੱਖਿਆ ਪ੍ਰਾਜੈਕਟ ਨਾਲ ਜੁੜਿਆ ਨਹੀਂ ਸੀ।' ਇਸ ਤਰ੍ਹਾਂ ਐੱਮ. ਆਈ. ਟੀ. ਵਿਦਿਆਰਥੀ ਅਪ੍ਰੈਲ 2007 'ਚ ਆਪਣੀਆਂ ਬਸੰਤ ਦੀਆਂ ਛੁੱਟੀਆਂ ਸਮੇਂ ਭਾਰਤ ਆਏ ਅਤੇ ਰੇਲਵੇ ਉਨ੍ਹਾਂ ਦੀਆਂ 8 ਦਿਨ ਦੀਆਂ ਛੁੱਟੀਆਂ ਦੌਰਾਨ ਇੱਕ ਮੇਜ਼ਬਾਨ ਸੀ। ਯਾਨੀ ਦੋਵੇਂ ਹੀ ਆਯੋਜਕਾਂ ਦਾ ਪ੍ਰਸੰਗ ਕੁੱਝ ਹੋਰ ਸੀ।

ਤਾਂ ਕੀ ਲਾਲੂ ਐਕਸਪ੍ਰੈੱਸ ਪੂਰੇ ਸਮੇਂ ਤੱਕ ਪੈਸੇਂਜਰ ਟਰੇਨ ਸੀ? ਰੇਲਵੇ ਮੰਤਰੀ ਨੂੰ ਕੁੱਝ ਸਿਹਰਾ ਜਾਂਦਾ ਹੈ ਪਰ ਵੈਸਾ ਨਹੀਂ ਜੈਸਾ ਉਨ੍ਹਾਂ ਨੇ ਵਿਖਾਉਣ ਦਾ ਯਤਨ ਕੀਤਾ। ਅੰਕੜਿਆਂ ਦੀ ਬਾਜ਼ੀਗਰੀ ਨਿਸ਼ਚੈ ਹੀ ਉੱਚੀ ਕਲਾ ਹੈ ਪਰ ਇਸ ਨਾਲ ਹਮੇਸ਼ਾ ਵਪਾਰ ਨਹੀਂ ਬਣਦਾ।

# ਪੈਰ ਪੈਰ ’ਤੇ ਲੁੱਟੀ ਜਾ ਰਹੀ ਆਬਰੂ

ਮੱਧ ਪ੍ਰਦੇਸ਼ ’ਚ ਔਰਤਾਂ ਉਤੇ ਦਿਨ ਬਦਿਨ ਵਧਦੇ ਅਤਿਆਚਾਰਾਂ ਨੇ ਮਹਿਲਾਂ ਕਮਿਸ਼ਨ ਨੂੰ ਵੀ ਚਿੰਤਾ ਵਿਚ ਪਾ ਦਿੱਤਾ ਹੈ। ਮਈ 2005 ਤਕ ਅਜਿਹੇ ਕੇਸਾਂ ਦੀ ਗਿਣਤੀ 22975 ਸੀ ਜੋ ਹੁਣ ਵੱਧ ਕੇ ਡੇਢ ਗੁਣਾਂ ਹੋ ਗਈ ਹੈ। ਬੀਤੇ ਦਿਨੀਂ ਦੋ ਪ੍ਰਾਅਧਿਆਪਕਾਵਾਂ ਦੀ ਸ਼ਿਕਾਇਤ ’ਤੇ ਇੰਦੋਰ ਦੇ ਇਕ ਕਾਲਜ ਦੇ ਪ੍ਰਿੰਸੀਪਲ ਵਿਰੁਧ ਮਹਿਲਾ ਕਮਿਸ਼ਨ ਨੇ ਤਿੱਖੀਆਂ ਟਿੱਪਣੀਆਂ ਕਰਦਿਆਂ ਉਸ ਦੀ ਬਦਲੀ ਦੀ ਸਿਫ਼ਾਰਸ ਕਰ ਦਿੱਤੀ ਸੀ। ਪ੍ਰਿੰਸੀਪਲ ਨੇ ਆਪਣੀ ਰਾਜਸੀ ਪਹੁੰਚ ਦੇ ਜ਼ੋਰ ’ਤੇ ਖ਼ੁਦ ਨੂੰ ਤਾਂ ਬਚਾ ਲਿਆ ਪਰ ਉਸ ਨੇ ਦੋਹਾਂ ਪ੍ਰਾਅਧਿਆਪਕਾਵਾਂ ਪੂਨਮ ਭਟਨਾਗਰ ਤੇ ਸ਼੍ਰੀਮਤੀ ਮਾਇਆ ਰਾਣੀ ਜੈਨ ਦਾ ਤਬਾਦਲਾ ਕਰਵਾ ਦਿੱਤਾ। ਦੋਹਾਂ ਨੇ ਜਦੋਂ ਇਸ ਦੀ ਸ਼ਿਕਾਇਤ ਉੱਚ ਸਿਖਿਆ ਵਿਭਾਗ ਨੂੰ ਕੀਤੀ ਤਾਂ ਉਨ੍ਹਾਂ ਨੇ ਵੀ ਝੜਕ ਕੇ ਭਜਾ ਦਿੱਤਾ। ਮੱਧ ਪ੍ਰਦੇਸ਼ ’ਚ ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਰਾਜ ਮਹਿਲਾ ਕਮਿਸ਼ਨ ਤੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪ੍ਰਬੰਧਕੀ, ਗ਼ੈਰ ਪ੍ਰਬੰਧਕੀ ਦਫ਼ਤਰਾਂ ਦੀਆਂ ਔਰਤਾਂ ਦੀਆਂ ਦਰਜਨਾਂ ਸ਼ਿਕਾਇਤਾਂ ਦਰਜ ਹਨ। ਕਮਿਸ਼ਨ ਦੀ ਮੈਂਬਰ ਰਾਜੋ ਮਾਲਵੀਆ ਕਹਿੰਦੀ ਹੈ ਕਿ ਸਾਡੀ ਸਥਿਤੀ ਸਿਰਫ਼ ਸਿਫ਼ਾਰਸ਼ ਕਰਨ ਤੱਕ ਹੀ ਸੀਮਤ ਹੈ। ਅਨੇਕਾਂ ਵਾਰ ਦੋਸ਼ੀਆਂ ਦੇ ਖ਼ਿਲਾਫ ਕਮਿਸ਼ਨ ਦੀਆਂ ਸਿਫ਼ਾਰਸਾਂ ਪਿੱਛੋਂ ਵੀ ਕੋਈ ਕਾਰਵਾਈ ਨਹੀਂ ਹੁੰਦੀ। ਜੇ ਕਮਿਸ਼ਨ ਨੂੰ ਪ੍ਰਭਾਵਸ਼ਾਲੀ ਬਣਾਉਣਾ ਹੈ ਤਾਂ ਉਸ ਨੂੰ ਨਿਆਇਕ ਅਧਿਕਾਰ ਵੀ ਦੇਣੇ ਹੋਣਗੇ। ਸੂਬੇ ’ਚ ਕੰਮਕਾਜੀ ਹੀ ਨਹੀਂ, ਸਮਾਜਕ ਤੇ ਰਾਜਸੀ ਖੇਤਰ ਵਿਚ ਔਰਤਾਂ ਨੂੰ ਲੂਟ-ਜਬਰ ਦਾ ਮੁਕਾਬਲਾ ਕਰਨਾ ਪੈਂਦਾ ਹੈ। ਇਕ ਵਾਰੀ ਹੋਸ਼ੰਗਾਬਾਦ ਜ਼ਿਲ੍ਹਾ ਪੰਚਾਇਤ ਦੀ ਪ੍ਰਧਾਨ ਉਮਾ ਆਰਸੇ ਨੇ ਪੰਚਾਇਤ ਉਪ ਪ੍ਰਧਾਨ ਅਰਜਨ ਪਲੀਆ ਤੇ, ਉਨ੍ਹਾਂ ਨੂੰ ਕੰਮ ਨਾ ਕਰਨ ਦੇਣ ਤੇ ਬੰਧਕ ਬਣਾਈ ਰੱਖਣ ਦਾ ਦੋਸ਼ ਲਾਇਆ ਸੀ। ਅਰਜਨ ਪਲੀਆ ਦੇ ਖ਼ਿਲਾਫ ਕੀ ਹੋਇਆ, ਕੋਈ ਨਹੀਂ ਜਾਣਦਾ ਪਰ ਉਮਾ ਅਰਸੇ ਦੀ ਮਦਦ ਕਰਨ ਵਾਲੀ ਪੁਲਿਸ ਸੁਪਰਡੈਂਟ ਅਨੁਰਾਧਾ ਸ਼ੰਕਰ ਨੂੰ ਮੁੱਖ ਦਫ਼ਤਰ ਦਾ ਰਾਹ ਜ਼ਰੂਰ ਵਿਖਾ ਦਿਤਾ ਗਿਆ ਸੀ। ਇਸ ਤਰ੍ਹਾਂ ਚੰਬਲ ਖੇਤਰ ਦੀ ਔਰਤ ਸਰਪੰਚ ਨੂੰ ਇਸ ਲਈ ਬੰਧਕ ਬਣਾ ਲਿਆ ਗਿਆ ਕਿਉਂਕਿ ਕਿਸੇ ਵਿਅਕਤੀ ਦੀ ਹੱਤਿਆ ਦਾ ਦੋਸ਼ੀ ਉਸ ਦੇ ਪਿੰਡ ਦਾ ਸੀ। ਹਤਿਆ ਦਾ ਦੋਸ਼ੀ ਤਾਂ ਹਾਜ਼ਰ ਨਾ ਹੋਇਆ ਪਰ ਮਾਮਲਾ ਸੁਰਖੀਆਂ ’ਚ ਆਉਣ ਨਾਲ ਔਰਤ ਸਰਪੰਚ, ਪੁਲਿਸ ਦੇ ਚੁੰਗਲ ਵਿਚੋਂ ਛੁਟ ਗਈ। ਇੱਕਲੇ ਬੈਤੂਲ ਜ਼ਿਲ੍ਹੇ ਵਿਚ ਹੀ ਸਿਰਫ ਤਿੰਨ ਸਾਲਾਂ ਵਿਚ 400 ਤੋਂ ਵੱਧ ਔਰਤਾਂ ਦੀ ਇੱਜਤ ਲੁੱਟੀ ਗਈ। ਪੁਲਿਸ ਰਿਕਾਰਡ ਮੁਤਾਬਕ ਸਾਲ 2002 ਤੋਂ ਲੈ ਕੇ 2005 ਦੇ ਮਾਰਚ ਮਹੀਨੇ ਤਕ ਔਰਤਾਂ ਨਾਲ ਬਲਾਤਕਾਰ ਦੇ 386 ਕੇਸ ਸਾਹਮਣੇ ਆਏ। ਇਨ੍ਹਾਂ ’ਚੋਂ ਸੱਭ ਤੋਂ ਵੱਧ 222 ਔਰਤਾਂ ਆਦੀਵਾਸੀ ਸਮਾਜ ਦੀਆਂ ਹਨ। ਹੈਰਾਨ ਕਰਨ ਵਾਲੇ ਅੰਕੜੇ ਖ਼ੁਦ ਪੁਲਿਸ ਵਿਭਾਗ ਦੇ ਹਨ। ਪਰ ਪਰਦੇ ਪਿਛੇ ਦੀ ਸਚਾਈ ਕੁੱਝ ਹੋਰ ਵੀ ਹੈ। ਬੈਤੂਲ ਪੁਲਿਸ ਨੇ ਅਜਿਹੀਆਂ ਦਰਜਨਾਂ ਔਰਤਾਂ ਜਾਂ ਮੁਟਿਆਰਾਂ ਨੂੰ ਥਾਣੇ ਦੀ ਚੌਖਟ ਤੋਂ, ਪਹਿਲਾਂ ਹੀ ਝਿੜਕ ਕੇ ਭਜਾ ਦਿਤਾ ਜੋ ਇੱਜਤ ਲੁੱਟੇ ਜਾਣ ਪਿੱਛੋਂ ਆਪਣੀ ਰਿਪੋਰਟ ਦਰਜ ਕਰਾਉਣ ਉਥੇ

ਪਹੁੰਚੀਆਂ ਸਨ। ਆਦੀਵਾਸੀ ਬਹੁਗਿਣਤੀ ਵਾਲੇ ਬੈਤੂਲ ਜ਼ਿਲ੍ਹੇ ਦੀ ਪੁਲਿਸ ਨੂੰ ਉਸ ਦਾ ਆਪਣਾ ਰਿਕਾਰਡ ਦੀ ਸ਼ਰਮਸਾਰ ਕਰ ਰਿਹਾ ਹੈ ਜਿਸ ਅਨੁਸਾਰ ਜ਼ਿਲ੍ਹੇ 'ਚ ਸਾਲ 2002 'ਚ 137 ਵਿਚੋਂ ਸਮੂਹਿਕ 80 ਬਲਾਤਕਾਰ ਆਦੀਵਾਸੀ ਔਰਤਾਂ ਨਾਲ ਹੋਏ ਹਨ। ਸਾਲ 2004 ਵਿਚ ਵੀ 100 ਵਿਚੋਂ 61 ਆਦੀਵਾਸੀ ਔਰਤਾਂ ਸਮੂਹਕ ਬਲਾਤਕਾਰ ਦਾ ਸ਼ਿਕਾਰ ਹੋਈਆ। ਰਾਜ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਜਮੁਨਾ ਦੇਵੀ ਅਨੁਸਾਰ ਕਾਨੂੰਨ ਪ੍ਰਬੰਧ ਪੂਰੀ ਤਰ੍ਹਾਂ ਤਹਿਸ ਨੁਹਿਸ ਹੋ ਗਿਆ ਹੈ। ਪੁਲਿਸ ਵੀ ਮੰਨਦੀ ਹੈ ਕਿ ਆਦੀਵਾਸੀ ਜਿਲ੍ਹਿਆਂ 'ਚ ਅਪਰਾਧ ਵਧੇ ਹਨ। ਜਮਨਾ ਦੇਵੀ ਅਨੁਸਾਰ ਫ਼ਿਲਮਾਂ, ਅਸ਼ਲੀਲ ਸਾਹਿਤ ਤੇ ਸਮਾਜਕ ਰਹਿਣ ਸਹਿਣ 'ਚ ਦੇਣ ਵਾਲੀਆਂ ਤਬਦੀਲੀਆਂ ਕਾਰਨ ਮਰਦਾਂ ਦੀ ਮਾਨਲਸਿਕਤਾ 'ਤੇ ਡੂੰਘਾ ਅਸਰ ਹੋਇਆ ਹੈ। ਅਧਿਕਾਰੀ ਇਸ ਸਮੱਸਿਆ ਨੂੰ ਦੂਰ ਕਰਨ ਲਈ ਆਦੀਵਾਸੀ ਔਰਤਾਂ ਨੂੰ ਸਿੱਖਿਅਤ ਕਰਨ ਦੀਆਂ ਗੱਲਾਂ ਕਰਦੇ ਹਨ। ਇੱਜਤ ਲੁੱਟਣ ਦੀ ਪੀੜ ਝਲ ਚੁੱਕੀ ਬੈਤੂਲ ਬਾਜ਼ਾਰ ਦੀ ਕੁਮਾਰੀ ਸੋਨਲ ਪੰਵਾਰ ਦਾ ਕਿੱਸਾ ਅਜਿਹੇ 'ਚ ਪ੍ਰੇਰਨਾ ਭਰਿਆ ਹੈ। ਲੱਡੂ ਉਰਫ਼ ਕੈਲਾਸ਼ ਨਾਮੀ ਇੱਕ ਸ਼ਰਾਬੀ ਨੇ ਜਦ ਘਰ ਵਿੱਚ ਇਕੱਲੀ ਸੋਨਲ ਦੀ ਇੱਜ਼ਤ ਲੁੱਟਣੀ ਚਾਹੀ ਤਾਂ ਉਸ ਨੇ ਲੱਡੂ ਦੀਆਂ ਅੱਖਾਂ ਵਿੱਚ ਮਿਰਚਾਂ ਪਾ ਕੇ ਉਸ ਨੂੰ ਰੋਕਣਾ ਚਾਹਿਆ ਪਰ ਜਦ ਉਹ ਨਾ ਮੰਨਿਆ ਤਾਂ ਸੋਨਲ ਨੇ ਉਸ ਦੇ ਹੱਥ 'ਚੋਂ ਡਿੱਗਿਆ ਡੰਡਾ ਚੁੱਕ ਕੇ ਉਸ 'ਤੇ ਦੋ ਤਿੰਨ ਵਾਰ ਕਰ ਦਿੱਤੇ। ਬੁਰੀ ਤਰ੍ਹਾਂ ਜ਼ਖ਼ਮੀ ਲੱਡੂ ਥੋੜ੍ਹੀ ਹੀ ਦੂਰ ਜਾ ਕੇ ਡਿੱਗ ਪਿਆ ਤੇ ਉਥੇ ਹੀ ਮਰ ਗਿਆ।

ਸੋਨਲ ਸਿੱਧੀ ਬੈਤੂਲ ਬਾਜ਼ਾਰ ਥਾਣੇ ਪਹੁੰਚੀ ਤੇ ਉਸ ਨੇ ਪੁਲਿਸ ਨੂੰ ਆਪ ਬੀਤੀ ਸੁਣਾ ਦਿੱਤੀ। ਪੁਲਿਸ ਵੀ ਕੁੱਝ ਦੇਰ ਲਈ ਹੈਰਾਨ ਰਹਿ ਗਈ ਪਰ ਬਾਅਦ 'ਚ ਪੁਲਿਸ ਨੇ ਕੁਮਾਰੀ ਸੋਨਲ (14 ਸਾਲ) ਨਿਵਾਸੀ ਭਿਵਾਨੀ ਦੀ ਰੀਪੋਰਟ 'ਤੇ ਮ੍ਰਿਤਕ ਲੱਡੂ ਉਰਫ਼ ਕੈਲਾਸ਼ ਪਵਾਰ (20) ਸਾਲ ਵਿਰੁੱਧ ਧਾਰਾ 354, 506, 450, 376 ਤੇ 511 ਤਹਿਤ ਮੁਕੱਦਮਾ ਦਰਜ ਕਰ ਲਿਆ। ਅੱਜ ਨਾਰੀ ਜਾਤੀ ਨੂੰ ਸੋਨਲ ਪੰਵਾਰ ਤੋਂ ਸਬਕ ਸਿੱਖਣ ਦੀ ਲੋੜ ਹੈ। ਨਾਬਰਾਬਰੀ ਵਾਲੇ ਮਰਦ ਪ੍ਰਧਾਨ ਸਮਾਜ ਵਿਰੁੱਧ ਆਵਾਜ਼ ਬੁਲੰਦ ਕਰਨ 'ਤੇ ਇਸ ਨੂੰ ਬੁਨਿਆਦੀ ਪੱਖੋਂ ਬਦਲ ਦੇਣ ਲਈ ਇੱਕ ਜੁੱਟ ਸਰਗਰਮੀਆਂ ਤੇਜ਼ ਕਰਨ ਖ਼ਾਤਰ ਇਨਕਲਾਬੀ ਬਦਲ ਉਸਾਰਨ ਦੀ ਅਣਸਰਦੀ ਜ਼ਰੂਰਤ ਹੈ ਸਾਡੀ।

# ਕੀ ਲੀਡਰਾਂ ਨੂੰ ਵੀ ਜਾਨ ਦਾ ਖ਼ਤਰਾ ਹੈ?

*ਹਾਈਕੋਰਟ ਵੀ ਮਹੱਤਵਪੂਰਨ ਲੋਕਾਂ ਦੀ ਮੰਗ ਤੋਂ ਪ੍ਰੇਸ਼ਾਨ। 57000 ਪੁਲਿਸ ਕਰਮਚਾਰੀਆਂ 'ਚੋਂ ਹਾਈਕੋਰਟ 7000 ਪੁਲਸੀਏ ਇਨ੍ਹਾਂ ਦੀ ਰੱਖਿਆ ਕਰਦੇ ਰਹਿੰਦੇ ਹਨ ਜਦਕਿ ਆਮ ਆਦਮੀ ਨੂੰ ਹਰ ਚੌਥੇ ਦਿਨ ਕਿਸੇ ਵੱਡੀ ਦੁਰਘਟਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਮਹੱਤਵਪੂਰਨ ਲੋਕਾਂ ਦੇ ਰਖਵਾਲੇ ਪੁਲਸੀਆਂ ਦੀ ਹਰ ਮਹੀਨੇ 10 ਕਰੋੜ ਤਨਖ਼ਾਹ ਬਣਦੀ ਹੈ।*

ਕੀ ਤੁਸੀਂ ਪੜ੍ਹਿਆ ਨਹੀਂ ਕਿ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਕੁੜਮਣੀ ਤੇ ਪ੍ਰਿਅੰਕਾ ਗਾਂਧੀ ਦੀ ਸੱਸ ਨੂੰ ਕਿਸੇ ਤਰ੍ਹਾਂ ਦਾ ਖ਼ਤਰਾ ਹੈ? ਸਾਬਕਾ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਦੀ ਬਹੂ ਗੌਰੀ ਅਡਵਾਨੀ ਵੀ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੀ ਹੈ। ਸਾਬਕਾ ਕੇਂਦਰੀ ਮੰਤਰੀ ਜਗਮੋਹਨ ਦੇ ਜਵਾਈ ਏ-ਸਿਨਹਾ ਨੂੰ ਵੀ ਸੁਰੱਖਿਆ ਦੀ ਲੋੜ ਹੈ! ਦਿੱਲੀ ਹਾਈਕੋਰਟ ਨੂੰ ਵੀ ਅਜਿਹੀ ਹੀ ਹੈਰਾਨੀ ਹੋਈ ਜਦ ਰਾਜਧਾਨੀ ਦੀ ਪੁਲਿਸ ਨੇ ਅਜਿਹੀਆਂ ਸੱਸਾਂ, ਬਹੁਆਂ, ਜਵਾਈਆਂ ਸਮੇਤ ਉਨ੍ਹਾਂ 391 ਅਤੀ ਵੀ. ਆਈ. ਪੀ. ਵਿਅਕਤੀਆਂ ਦੀ ਸੂਚੀ ਉਨ੍ਹਾਂ ਦੇ ਸਾਹਮਣੇ ਪੇਸ਼ ਕੀਤੀ ਸੀ ਜਿਨ੍ਹਾਂ ਨੂੰ ਪੁਲਿਸ ਦਾ ਸੁਰੱਖਿਆ ਕਵਚ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਸ ਨੂੰ ਦੇਖਣ ਪਿਛੋਂ ਹੀ ਹਾਈਕੋਰਟ ਦੇ ਜੱਜ ਵਿਜੇਂਦਰ ਜੈਨ ਤੇ ਰੇਖਾ ਸ਼ਰਮਾ ਦੀ ਖੰਡ ਪੀਠ ਨੇ ਇਹ ਟਿੱਪਣੀ ਕੀਤੀ ਸੀ "ਸੁਰੱਖਿਆ ਵਿਵਸਥਾ 'ਚ ਕਮੀ ਦੇ ਹੁੰਦਿਆਂ ਦਿੱਲੀ ਦੀਆਂ ਸੜਕਾਂ 'ਤੇ ਕਦੇ ਆਦਮੀ ਮਾਰਿਆ ਜਾ ਰਿਹੈ ਤੇ ਕਦੇ ਬਜ਼ੁਰਗ ਜੋੜੇ ਦੀ ਹੱਤਿਆ ਹੋ ਰਹੀ ਹੈ ਪਰ ਦੂਜੇ ਪਾਸੇ ਵੀ. ਆਈ. ਪੀ. ਤੇ ਵੀ. ਆਈ. ਪੀ. ਲੋਕਾਂ ਦੀ ਸੁਰੱਖਿਆ ਦੇ ਨਾਂ 'ਤੇ ਉਨ੍ਹਾਂ ਲੋਕਾਂ ਨੂੰ ਸੁਰੱਖਿਆ ਮੁਹੱਈਆ ਕੀਤੀ ਜਾ ਰਹੀ ਹੈ ਜਿਨ੍ਹਾਂ ਨੂੰ ਨਾ ਤਾਂ ਕੋਈ ਧਮਕੀ ਮਿਲੀ ਹੈ ਅਤੇ ਨਾ ਹੀ ਕੋਈ ਖ਼ਤਰਾ ਹੈ।" ਅਦਾਲਤ ਦਾ ਹੈਰਾਨ ਹੋਣਾ ਲਾਜ਼ਮੀ ਸੀ ਕਿਉਂਕਿ ਸੂਚੀ 'ਚ ਦਰਜ ਨਾਵਾਂ ਨੂੰ ਵੇਖ ਕੇ ਰਾਜਧਾਨੀ ਦੀ ਇੱਕ ਕਰੋੜ ਤੋਂ ਵੱਧ ਦੀ ਆਬਾਦੀ ਦਾ ਕੋਈ ਵੀ ਸ਼ਹਿਰੀ ਸੁਰੱਖਿਆ ਦੀ ਮੰਗ ਨੂੰ ਲੈ ਕੇ ਮਚਲ ਸਕਦਾ ਸੀ।

ਉਦਾਹਰਣ ਵਜੋਂ ਦਾਊਦ ਇਬਰਾਹਿਮ ਦੀ ਅਚੱਲ ਜਾਇਦਾਦ ਖ਼ਰੀਦਣ ਵਾਲੇ ਵਕੀਲ ਅਜੈ ਕੁਮਾਰ ਸ੍ਰੀਵਾਸਤਵ, ਆਪਣੇ ਗੜ੍ਹ 'ਚ ਹੀ ਟੁੱਟ ਰਹੀ ਸ਼ਿਵ ਸੈਨਾ ਦੀ ਦਿੱਲੀ ਇਕਾਈ ਦੇ ਮੈਂਬਰ ਜੈ ਭਗਵਾਨ ਗੋਪਾਲ, ਕਾਂਗਰਸੀ ਨੇਤਾ ਰਮੇਸ਼ ਦਲਾਲ, ਪੱਤਰਕਾਰ ਟੀ. ਤੇਜਪਾਲ, ਨਵੀਨ ਕੁਮਾਰ ਤੇ ਸੁਸ਼ੀਲ ਸ਼ਰਮਾ ਆਦਿ। ਖੰਡ ਪੀਠ ਦੀ ਇਸ ਟਿੱਪਣੀ ਨੇ ਵੀ. ਆਈ. ਪੀ. ਸੁਰੱਖਿਆ ਨੂੰ ਲੈ ਕੇ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਕਰ ਦਿੱਤੇ ਹਨ। ਅਜਿਹੇ ਸਵਾਲ ਜੋ ਦਿੱਲੀ ਪੁਲਿਸ ਤੇ ਗ੍ਰਹਿ ਮੰਤਰਾਲੇ ਲਈ ਗਲੇ ਦੀ ਹੱਡੀ ਬਣ ਗਏ ਹਨ। ਇਨ੍ਹਾਂ ਦੋਹਾਂ ਅਦਾਰਿਆਂ ਦੀ ਸੱਪ ਦੇ ਮੂੰਹ 'ਚ ਕੋਹੜ ਕਿਰਲੀ ਵਾਲੀ ਹਾਲਤ ਬਣੀ ਹੋਈ ਹੈ।

ਦਿੱਲੀ ਪੁਲਿਸ ਵੱਲੋਂ ਹਾਈਕੋਰਟ 'ਚ ਪੇਸ਼ ਸੂਚੀ ਦੇ 391 ਵਿਅਕਤੀਆਂ 'ਚੋਂ 354 ਅਜਿਹੇ ਹਨ ਜਿਨ੍ਹਾਂ ਨੂੰ ਗ੍ਰਹਿ ਮੰਤਰਾਲੇ ਦੇ ਹੁਕਮ 'ਤੇ ਐਕਸ ਵਾਈ ਜ਼ੈੱਡ ਅਤੇ ਜ਼ੈੱਡ ਪਲੱਸ ਸ਼੍ਰੇਣੀ ਤਹਿਤ ਸੁਰੱਖਿਆ ਦਿੱਤੀ ਗਈ ਹੈ। ਇਨ੍ਹਾਂ 'ਚ 64 ਕੇਂਦਰੀ

ਮੰਤਰੀਆਂ ਸਮੇਤ 134 ਪਾਰਲੀਮੈਂਟ ਮੈਂਬਰ ਹਨ। ਇਸ ਤੋਂ ਇਲਾਵਾ 21 ਸਾਬਕਾ ਮੈਂਬਰ ਪਾਰਲੀਮੈਂਟ ਤੇ ਦਿੱਲੀ ਵਿਧਾਨ ਸਭਾ ਦੇ 11 ਵਿਧਾਇਕਾਂ ਨੂੰ ਵੀ ਸੁਰੱਖਿਆ ਦੀ ਇਹ ਛਤਰੀ ਨਸੀਬ ਹੈ। 138 ਲੋਕਾਂ ਨੂੰ ਜਿੱਥੇ ਉਨ੍ਹਾਂ ਦੇ ਅਹੁਦਿਆਂ ਕਰ ਕੇ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ ਤਾਂ 61 ਅਜਿਹੇ ਵੀ ਹਨ ਜਿਨ੍ਹਾਂ ਨੇ 'ਧਮਕੀਆਂ' ਦੀ ਵਜਾਹ ਕਰ ਕੇ ਇਹ ਕਵਚ ਲੈ ਰੱਖਿਆ ਹੈ। ਸੁਰੱਖਿਆ ਪ੍ਰਾਪਤ ਅੱਧੇ ਤੋਂ ਵੱਧ ਲੋਕਾਂ ਨੂੰ ਅਤਿਵਾਦੀਆਂ ਤੋਂ ਜਾਨ ਦਾ ਖ਼ਤਰਾ ਹੈ। ਸਾਂਸਦਾਂ ਨੂੰ ਉਨ੍ਹਾਂ ਦੇ ਰਾਜਾਂ ਦੇ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਤੇ ਉੱਥੋਂ ਦੀਆਂ ਸਰਕਾਰਾਂ ਤੋਂ 'ਖ਼ਤਰਾ' ਹੈ। ਬਸਪਾ ਦੇ ਕੋਈ ਅੱਧੀ ਦਰਜਨ ਤੋਂ ਵੱਧ ਮੈਂਬਰਾਨ ਪਾਰਲੀਮੈਂਟ ਨੇ ਸਹੁੰ ਚੁੱਕਣ ਪਿਛੋਂ ਸੱਭ ਤੋਂ ਪਹਿਲਾਂ ਕੰਮ ਇਹ ਕੀਤਾ ਕਿ ਲੋਕ ਸਭਾ ਚੇਅਰਮੈਨ ਕੋਲੋਂ ਸੁਰੱਖਿਆ ਲੈਣ ਲਈ ਅਰਜ਼ੀ ਦਿੱਤੀ। ਦਰਅਸਲ ਵੀ. ਆਈ. ਪੀ. ਸੁਰੱਖਿਆ ਹਾਸਲ ਕਰਨਾ ਹਮੇਸ਼ਾ ਤੋਂ ਆਪਣਾ ਦਰਜਾ, ਰੁਤਬਾ ਵਿਖਾਉਣ ਦਾ ਜ਼ਰੀਆ ਰਿਹਾ ਹੈ। ਰਾਜਧਾਨੀ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਦਿੱਲੀ ਹਾਈ ਕੋਰਟ 'ਚ ਜਨਹਿਤ ਪਟੀਸ਼ਨ ਦਾਖ਼ਲ ਕਰਨ ਵਾਲੇ ਰਾਜੀਵ ਅਵਸਥੀ ਕਹਿੰਦੇ ਹਨ, "ਸਰਕਾਰੀ ਖ਼ਰਚ 'ਤੇ ਸੁਰੱਖਿਆ ਕਰਮਚਾਰੀਆਂ ਨੂੰ ਆਪਣੀ 'ਸੁਰੱਖਿਆ ਸੇਵਾ' 'ਚ ਰੱਖਣਾ ਕੁਝ ਲੋਕਾਂ ਲਈ 'ਸਟੇਟਸ ਸਿੰਬਲ' (ਵੱਡੇਪਣ ਦੀ ਨਿਸ਼ਾਨੀ) ਬਣ ਗਿਆ ਹੈ।" "ਪੁਲਿਸ ਲਈ ਡਾਕਟਰੀ ਸਹੂਲਤਾਂ ਬਾਰੇ ਆਵਾਜ਼ ਉਠਾਉਂਦੇ ਰਹੇ ਸਵੈ ਸੇਵੀ ਸੰਗਠਨ ਇੰਡੀਅਨ ਏਸਿਪਰੇਂਟਸ ਐਸੋਸੀਏਸ਼ਨ ਦੇ ਮੈਂਬਰ ਪੀਯੂਸ਼ ਅੰਗਰੀਸ਼ ਕਹਿੰਦੇ ਹਨ "ਕੁਝ ਲੋਕ ਸੁਰੱਖਿਆ ਸਿਰਫ਼ ਇਸ ਲਈ ਚਾਹੁੰਦੇ ਹਨ ਤਾਕਿ ਸਮਾਜਕ ਪ੍ਰੋਗਰਾਮਾਂ, ਸਭਾ-ਸੰਮੇਲਨਾਂ 'ਚ ਉਨ੍ਹਾਂ ਦਾ ਰੋਹਬ ਦਾਬ ਬਣ ਸਕੇ। ਇਸ ਤਰ੍ਹਾਂ ਦੀ ਸੁਰੱਖਿਆ ਵਿਵਸਥਾ ਹਾਸਲ ਕਰਨ ਲਈ ਲੋਕ ਉਲਟੇ ਸਿੱਧੇ ਹੱਥਕੰਡੇ ਅਪਣਾਉਣ ਤੋਂ ਵੀ ਬਾਜ਼ ਨਹੀਂ ਆ ਰਹੇ।" ਮਸਲਨ ਧਮਕੀ ਭਰੇ ਝੂਠੇ ਪੱਤਰ, ਫ਼ੋਨ ਕਾਲ ਅਤੇ ਇੰਟਰਨੈੱਟ ਰਾਹੀਂ ਮੇਲ ਭੇਜਣਾ ਭਿਜਵਾਉਣਾ। ਇਸ ਲਿਹਾਜ਼ ਪੱਤਰਕਾਰਾਂ ਨੇ ਜ਼ਿਆਦਾ ਮੌਲਿਕ ਹੱਥਕੰਡੇ ਅਪਣਾਏ ਹਨ। ਇੱਕ ਪੱਤਰਕਾਰ ਨੇ ਤਾਂ ਦਸਦੇ ਹਨ ਆਪਣੇ ਘਰ 'ਚ ਬੰਬ ਫਟਵਾ ਲਿਆ ਤਾਂ ਇੱਕ ਹੋਰ ਨੇ ਕਨਾਟ ਪਲੇਸ ਇਲਾਕੇ 'ਚ ਆਪਣੇ ਉੱਪਰ ਗੋਲੀਆਂ ਚਲਵਾ ਲਈਆਂ ਸਨ। ਅਵੱਸਥੀ ਦਾ ਕਹਿਣਾ ਸੀ ਕਿ ਜੋ ਵਿਅਕਤੀ ਸਰਕਾਰੀ ਸੁਰੱਖਿਆ ਹਾਸਲ ਕਰ ਰਹੇ ਹਨ, ਉਨ੍ਹਾਂ ਦੇ ਦਾਅਵਿਆਂ ਤੇ ਖ਼ਤਰਿਆਂ ਦੀ ਸਮੇਂ ਸਮੇਂ ਸਿਰ ਸਮੀਖਿਆ ਹੋਣੀ ਚਾਹੀਦੀ ਹੈ। ਦੂਜੇ ਪਾਸੇ ਦਿੱਲੀ ਪੁਲਿਸ ਦੇ ਸਾਬਕਾ ਅਫ਼ਸਰ ਰਾਧੇਸ਼ਾਮ ਗੁਪਤ ਤਰਕ ਦਿੰਦੇ ਹਨ "ਕਈ ਵਾਰ ਅਜਿਹੇ ਲੋਕਾਂ ਨੂੰ ਵੀ ਸੁਰੱਖਿਆ ਦਿੱਤੀ ਜਾਂਦੀ ਹੈ ਜਿਨ੍ਹਾਂ ਨੂੰ ਕੋਈ ਖ਼ਤਰਾ ਭਾਵੇਂ ਨਾ ਹੋਵੇ ਪਰ ਪੁਲਿਸ ਦੀ ਨਜ਼ਰ 'ਚ ਉਨ੍ਹਾਂ ਨੂੰ ਕਿਸੇ ਕਿਸਮ ਦਾ ਹਰਜਾ ਪਹੁੰਚਣ 'ਤੇ ਕਾਨੂੰਨ ਵਿਵਸਥਾ ਦਾ ਸੰਕਟ ਖੜ੍ਹਾ ਹੋਣ ਦਾ ਡਰ ਹੋਵੇ। ਅਜਿਹੇ ਲੋਕਾਂ ਨੂੰ ਪਹਿਲਾਂ ਹੀ ਸੁਰੱਖਿਆ ਚੱਕਰ 'ਚ ਲਿਆ ਜਾਂਦਾ ਹੈ।"

ਦਿੱਲੀ ਪੁਲਿਸ ਦੇ ਇੱਕ ਉੱਚ ਅਧਿਕਾਰੀ ਨੂੰ ਦੁੱਖ ਹੈ ਕਿ ਸੁਰੱਖਿਆ ਦੀ ਮੰਗ ਕਰਨ ਵਾਲੇ ਬਹੁਤੇ ਲੋਕ ਉੱਚੀ ਪਹੁੰਚ ਵਾਲੇ ਹੁੰਦੇ ਹਨ ਤੇ ਉਨ੍ਹਾਂ ਦੇ ਦਾਅਵਿਆਂ ਨੂੰ ਖ਼ਾਰਜ ਕਰਨਾ ਹੁੰਦਾ ਹੈ। ਮਿਸਾਲ ਵਜੋਂ ਪਿਛਲੇ ਦਿਨੀਂ ਪੂਰਬੀ ਦਿੱਲੀ ਦੇ ਇੱਕ ਨੌਜਵਾਨ ਭਾਜਪਾਈ ਨੂੰ ਮਿਲੀ ਸੁਰੱਖਿਆ ਦਾ ਦਿੱਲੀ ਪੁਲਿਸ ਨੇ ਹੀ ਰੀਵਿਊ ਸ਼ੁਰੂ ਕੀਤਾ ਤਾਂ ਉਸ ਦਾ ਵਿਰੋਧ ਗ੍ਰਹਿ ਮੰਤਰਾਲੇ ਤੱਕ ਜਾ ਪੁੱਜਿਆ। ਕੇਂਦਰ 'ਚ ਰਾਜਗ

ਸਰਕਾਰ ਦੇ ਕਾਰਜ ਕਾਲ 'ਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ 75 ਸਾਲਾ ਇੱਕ ਉੱਚ ਬਾਬਾ ਅਹੁਦੇਦਾਰ ਉਸ ਵੇਲੇ ਦੇ ਗ੍ਰਹਿ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਨਾਲ ਇਸ ਲਈ ਨਰਾਜ਼ ਹੋ ਗਏ ਸਨ ਕਿਉਂਕਿ ਉਨ੍ਹਾਂ ਦੀ ਸੁਰੱਖਿਆ ਵਿਵਸਥਾ 'ਚ ਕਟੌਤੀ ਕਰ ਦਿੱਤੀ ਗਈ ਸੀ। ਅਜਿਹੇ ਹੀ ਕਾਰਨਾਮਿਆਂ ਦੇ ਚਲਦਿਆਂ ਹਾਈ ਕੋਰਟ ਨੇ ਇੱਥੋਂ ਤੱਕ ਕਿਹਾ ਕਿ "ਪੁਲਿਸ ਫ਼ੋਰਸ ਦੀ ਘਾਟ ਦਸ ਕੇ ਜ਼ਿੰਮੇਵਾਰੀਆਂ ਤੋਂ ਪੱਲਾ ਝਾੜਿਆ ਜਾਂਦਾ ਹੈ ਜਦਕਿ ਵਿਅਕਤੀਗਤ ਸੁਰੱਖਿਆ ਦੇ ਨਾਂ 'ਤੇ ਹਜ਼ਾਰਾਂ ਪੁਲਿਸ ਕਰਮਚਾਰੀਆਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ।"

ਵਰਨਣਯੋਗ ਹੈ ਕਿ ਦਿੱਲੀ ਪੁਲਿਸ ਦੇ ਕਰੀਬ 57000 ਮੁਲਾਜ਼ਮਾਂ 'ਚੋਂ 7000 ਵੀ. ਆਈ. ਪੀ. ਦੀ ਸੁਰੱਖਿਆ ਜਾਂ ਦੂਜੀਆਂ ਸੇਵਾਵਾਂ 'ਚ ਲੱਗੇ ਰਹਿੰਦੇ ਹਨ। ਅਜਿਹੇ ਪੁਲਿਸ ਮੁਲਾਜ਼ਮਾਂ ਦੀ ਤਨਖ਼ਾਹ ਨੂੰ ਜੋੜਿਆ ਜਾਵੇ ਤਾਂ ਇਹ ਅੰਕੜਾ ਕੋਈ ਦਸ ਕਰੋੜ ਰੁਪਏ ਦੇ ਕਰੀਬ ਬਣਦਾ ਹੈ ਅਤੇ ਜੇ ਆਮ ਨਾਗਰਿਕਾਂ ਤੇ ਵੀ. ਆਈ. ਪੀ. ਦੀ ਸੁਰੱਖਿਆ 'ਚ ਲੱਗੇ ਪੁਲਿਸ ਕਰਮਚਾਰੀਆਂ ਦੀ ਗਿਣਤੀ ਦਾ ਔਸਤ ਅਨੁਮਾਨ ਲਾਇਆ ਜਾਵੇ ਤਾਂ ਲਗਭਗ 451 ਨਾਗਰਿਕਾਂ ਦੀ ਸੁਰੱਖਿਆ ਦਾ ਜ਼ਿੰਮਾ ਇੱਕ ਪੁਲਿਸ ਕਰਮਚਾਰੀ ਉੱਪਰ ਹੈ ਜਦ ਕਿ ਇੱਕ ਅਤੀ ਵੀ. ਆਈ. ਪੀ. ਦੀ ਸੁਰੱਖਿਆ 'ਚ 20 ਤੋਂ 25 ਜਵਾਨ ਹੁੰਦੇ ਹਨ। ਕਥਿਤ ਵੀ. ਆਈ. ਪੀ. ਲੋਕਾਂ ਦੀ ਸੁਰੱਖਿਆ ਦੇ ਨਾਂ 'ਤੇ ਪੁਲਿਸ ਦੀ ਇਹ ਦੁਰਵਰਤੋਂ ਉਸ ਦਿੱਲੀ ਮਹਾਂ ਨਗਰ 'ਚ ਹੋ ਰਹੀ ਹੈ ਜਿੱਥੇ ਔਰਤਾਂ ਦੀ ਰਾਖੀ ਨੂੰ ਲੈ ਕੇ ਗੰਭੀਰ ਬਹਿਸ ਛਿੜੀ ਹੋਈ ਹੈ। ਪਿਛਲੇ ਸਾਲ 2004 'ਚ ਦਰਜ ਬਲਾਤਕਾਰ ਦੇ 551 ਮਾਮਲਿਆਂ ਦੇ ਮੁਕਾਬਲੇ ਇਸ ਸਾਲ ਨਵੰਬਰ 'ਚ ਅਜਿਹੇ ਕਰੀਬ 600 ਮਾਮਲੇ ਦਰਜ ਹੋ ਚੁੱਕੇ ਹਨ। ਲੁਟ-ਡਕੈਤੀ ਤੇ ਹੱਤਿਆ ਦੇ ਮਾਮਲੇ ਤਾਂ ਦਿੱਲੀ ਪੁਲਿਸ ਦੇ ਅੰਕੜਿਆਂ ਵਾਂਗੂੰ ਘਟਦੇ-ਵਧਦੇ ਰਹਿੰਦੇ ਹਨ। ਪਰ ਅਤਿਵਾਦੀ ਵਾਰਦਾਤਾਂ ਬਰਾਬਰ ਚਲਦੀਆਂ ਰਹਿੰਦੀਆਂ ਹਨ। ਅਜੇ ਦੀਵਾਲੀ ਤੋਂ ਪਹਿਲਾਂ 29 ਅਕਤੂਬਰ ਨੂੰ ਅਤੇ ਇਸ ਤੋਂ ਪਹਿਲਾਂ ਮਈ 2005 'ਚ ਅਤਿਵਾਦੀਆਂ ਦੇ ਬੰਬ ਵਿਸਫੋਟਾਂ ਨੇ ਦਿੱਲੀ ਦੇ ਆਮ ਨਾਗਰਿਕਾਂ ਦੇ ਜਾਨਮਾਲ ਨੂੰ ਭਾਰੀ ਨੁਕਸਾਨ ਪਹੁੰਚਾਇਆ। ਦਿੱਲੀ ਪੁਲਿਸ ਤੇ ਉਸ ਦੇ ਰਾਖੀ ਪ੍ਰਬੰਧਾਂ ਦੀ ਪੋਲ ਖੁੱਲ੍ਹ ਗਈ। ਸ਼ਾਇਦ ਇਹੀ ਵਜ੍ਹਾ ਹੈ ਕਿ ਦਿੱਲੀ ਪੁਲਿਸ ਦੇ ਦਾਅਵਿਆਂ 'ਤੇ ਤਿੱਖੀਆਂ ਅਦਾਲਤੀ ਟਿੱਪਣੀਆਂ ਕਦੇ ਨਾ ਕਦੇ ਸੁਣਾਈ ਦਿੰਦੀਆਂ ਹੀ ਰਹਿੰਦੀਆਂ ਹਨ। ਪਿਛਲੇ ਅਕਤੂਬਰ 'ਚ ਤੀਸ ਹਜ਼ਾਰੀ ਕੋਰਟ ਦੇ ਜੱਜ ਰਾਜੀਵ ਮਹਿਰਾ ਨੇ ਇੱਕ ਮੰਦਬੁੱਧੀ ਨਬਾਲਗ ਲੜਕੀ ਨਾਲ ਬਲਾਤਕਾਰ ਕਰਨ ਵਾਲੇ ਵਿਅਕਤੀ ਨੂੰ ਸਜ਼ਾ ਸੁਣਾਉਂਦਿਆਂ ਕਿਹਾ ਸੀ ਕਿ "ਦਿੱਲੀ ਕਾਲੇ ਕਾਰਨਾਮਿਆਂ ਤੇ ਜਨ ਅਪਰਾਧਾਂ ਦੀ ਰਾਜਧਾਨੀ ਬਣਦੀ ਜਾ ਰਹੀ ਹੈ।" ਅਪਰਾਧੀਆਂ ਨੂੰ ਇੱਥੇ ਕੋਈ ਡਰ ਨਹੀਂ ਹੈ ਆਮ ਆਦਮੀ ਖ਼ੁਦ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗਿਆ ਹੈ। ਲੜਕੀਆਂ ਤੇ ਔਰਤਾਂ 'ਚ ਅਸੁਰੱਖਿਆ ਦੀ ਭਾਵਨਾ ਵੱਧ ਰਹੀ ਹੈ।" ਜ਼ਾਹਿਰ ਹੈ ਕਿ ਟਿੱਪਣੀ ਚਾਹੇ ਦਿੱਲੀ ਹਾਈ ਕੋਰਟ ਦੀ ਹੋਵੇ, ਸਥਾਨਕ ਕੋਰਟ ਦੀ ਜਾਂ ਫਿਰ ਆਮ ਨਾਗਰਿਕ ਦੀ, ਇਸ ਨਾਲ ਰਾਜਧਾਨੀ ਦੀ ਪੁਲਿਸ ਦੀ ਜੋ ਤਸਵੀਰ ਉੱਭਰਦੀ ਹੈ, ਉਹ ਇਸ ਤਰ੍ਹਾਂ ਦੀ ਬਿਆਨ ਕੀਤੀ ਜਾ ਸਕਦੀ ਹੈ : "ਹੇ ਵੀ. ਆਈ. ਪੀ. ਲੋਕਾਂ ਦੀਆਂ ਸੱਸੋ, ਬਹੂਓ ਤੇ ਜਵਾਈਓ! ਅਸੀਂ ਤਾਂ ਕੇਵਲ ਤੁਹਾਡੇ ਨਾਲ, ਤੁਹਾਡੇ ਲਈ ਅਤੇ ਤੁਹਾਡੇ ਵਾਸਤੇ ਹੀ ਹਾਂ ਬੱਸ।"

# ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗ ਲੋਕਾਂ ਲਈ ਖਤਰਾ

*ਇਸ ਵੇਲੇ ਪ੍ਰਦੂਸ਼ਣ ਵੀ ਦੇਸ਼ਾਂ ਦੀਆਂ ਵੱਡੀਆਂ ਸਮੱਸਿਆਵਾਂ ਵਿੱਚ ਸ਼ੁਮਾਰ ਹੈ। ਦਰਿਆਵਾਂ ਦੇ ਪਾਣੀਆਂ ਤੋਂ ਅੰਤਰਰਾਜੀ ਵਿਵਾਦ ਉਠਦੇ ਹਨ ਪਰ ਦਰਿਆਵਾਂ ਦੇ ਪਾਣੀਆਂ ਵਿੱਚ ਜਿੰਨੀ ਵੱਡੀ ਪੱਧਰ 'ਤੇ ਕਚਰਾ ਸੁੱਟ ਕੇ ਇਨ੍ਹਾਂ ਨੂੰ ਜ਼ਮੀਨੀ ਤੇ ਮਨੁੱਖੀ ਵਰਤੋਂ ਦੇ ਨਾਕਾਬਲ ਬਣਾਇਆ ਜਾਂਦਾ ਹੈ, ਉਸ ਨੂੰ ਓਨੀ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ, ਜਿੰਨਾ ਲਿਆ ਜਾਣਾ ਚਾਹੀਦਾ ਹੈ।*

ਹਿਮਾਚਲ 'ਚ ਭਾਵੇਂ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ 'ਤੇ ਨਦੀਆਂ 'ਚ ਜ਼ਹਿਰ ਘੋਲਣ ਵਾਲਿਆਂ ਵਿਰੁੱਧ ਕੇਂਦਰ ਦੀ ਤਰਫੋਂ ਠੋਸ ਕਦਮ ਨਹੀਂ ਚੁੱਕੇ ਗਏ ਜਦ ਕਿ ਇਸ ਮਾਮਲੇ 'ਚ ਸੁਪਰੀਮ ਕੋਰਟ ਨੇ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ। ਹਿਮਾਚਲ 'ਚ 58 ਨਗਰ ਪਾਲਿਕਾਵਾਂ ਮਨੁੱਖੀ ਮਲ-ਮੂਤਰ ਨਦੀਆਂ 'ਚ ਵਹਾ ਰਹੀਆਂ ਹਨ। ਸੂਬੇ 'ਚ ਹਰ ਸਾਲ 1816.98 ਟਨ ਚਿਕੜਨੁਮਾ ਸੁਆਹ, ਸਕਰੈਪ ਤੇ ਉਡਣ ਵਾਲੀ ਸੁਆਹ ਦਾ ਜ਼ਹਿਰੀਲਾ ਕਚਰਾ ਪੈਦਾ ਹੋ ਰਿਹਾ ਹੈ। ਆਉਣ ਵਾਲੇ ਸਾਲਾਂ 'ਚ ਇਸ ਕਚਰੇ ਦੀ ਮਾਤਰਾ 97000 ਟਨ ਤੱਕ ਪਹੁੰਚ ਸਕਦੀ ਹੈ। ਇਸ ਪ੍ਰਕਾਰ ਪਾਣੀ 'ਚ ਪ੍ਰਦੂਸ਼ਣ ਦੀ ਮਾਤਰਾ 'ਚ ਵੀ ਦਸ ਫੀਸਦੀ ਵਾਧਾ ਹੋਇਆ ਹੈ। ਸਨਅਤੀ ਖੇਤਰ ਹੀ ਨਹੀਂ ਪ੍ਰਮੁੱਖ ਨਦੀਆਂ ਦੇ ਕਿਨਾਰੇ ਵਸੇ ਸ਼ਹਿਰ ਵੀ ਨਦੀਆਂ 'ਚ ਪ੍ਰਦੂਸ਼ਣ ਦੀ ਮਾਤਰਾ ਵਧਾ ਰਹੇ ਹਨ। ਸੂਬੇ ਦੇ ਬੱਦੀ, ਬਰੋਟੀਵਾਲਾ, ਪਰਵਾਣੂ ਤੇ ਕਾਲਾ ਅੰਬ ਸਮੇਤ ਆਸ-ਪਾਸ ਦੇ ਖੇਤਰ 'ਚ ਲੱਗਣ ਵਾਲੇ ਉਦਯੋਗ ਪ੍ਰਦੇਸ਼ ਦੇ ਸਰਹੱਦੀ ਖੇਤਰਾਂ ਲਈ ਹੀ ਨਹੀਂ, ਗੁਆਂਢੀ ਸੂਬਿਆਂ ਦੇ ਵਾਤਾਵਰਨ ਲਈ ਵੀ ਵਿਨਾਸ਼ਕਾਰੀ ਸਾਬਤ ਹੋ ਰਹੇ ਹਨ।

ਪੰਜਾਬ ਤੇ ਹਰਿਆਣਾ ਵਾਤਾਵਰਨ ਕੰਟਰੋਲ ਬੋਰਡ ਨੇ ਕੇਂਦਰੀ ਵਾਤਾਵਰਣ ਮੰਤਰਾਲੇ ਕੋਲ ਸ਼ਿਕਾਇਤ ਕੀਤੀ ਹੈ ਕਿ ਹਿਮਾਚਲ ਦੇ ਇਹ ਸਨਅਤੀ ਖੇਤਰ ਨਾ ਸਿਰਫ਼ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੇ ਹਨ ਬਲਕਿ ਹਵਾ ਵਿੱਚ ਵੀ ਪ੍ਰਦੂਸ਼ਣ ਦੀ ਮਾਤਰਾ ਵਧਾ ਰਹੇ ਹਨ। ਇਸ ਨੂੰ ਵੇਖਦਿਆਂ ਕੇਂਦਰ ਸਰਕਾਰ ਨੇ ਰਾਜ ਨੂੰ ਸਖਤ ਹੁਕਮ ਦਿੱਤੇ ਹਨ ਕਿ ਪ੍ਰਦੂਸ਼ਣ ਫੈਲਾਉਣ ਵਾਲੇ ਉਦਯੋਗਾਂ ਖਿਲਾਫ਼ ਸਖਤ ਕਾਰਵਾਈ ਦੇ ਨਾਲ-ਨਾਲ ਪ੍ਰਦੂਸ਼ਣ ਰੋਕਣ ਲਈ ਕਦਮ ਉਠਾਉਣ। ਸਨਅਤੀ ਪੈਕੇਜ ਦੇ ਚਲਦਿਆਂ ਲਗਪਗ 25000 ਕਰੋੜ ਦੇ ਪੂੰਜੀ ਨਿਵੇਸ਼ ਕਰਾਉਣ ਦੀ ਚਾਹਤ ਨੇ ਪ੍ਰਦੇਸ਼ ਦੇ ਵਾਤਾਵਰਣ ਨੂੰ ਵੀ ਦਾਅ 'ਤੇ ਲਾ ਦਿੱਤਾ ਹੈ। ਸੂਬੇ ਤੋਂ ਵਹਿਣ ਵਾਲੀਆਂ ਨਦੀਆਂ 'ਚ ਪ੍ਰਦੂਸ਼ਣ ਵਧਣ ਦੇ ਕਾਰਨ ਪੰਜਾਬ ਤੇ ਹਰਿਆਣਾ ਸਰਕਾਰਾਂ ਨੇ ਵੀ ਆਪਣੀ ਨਾਰਾਜ਼ਗੀ ਦਰਜ ਕਰਵਾਈ ਹੈ।

ਸੂਬੇ 'ਚ ਪਿਛਲੇ ਦੋ ਸਾਲਾਂ 'ਚ ਜੋ 15000 ਕਰੋੜ ਦੇ ਪੂੰਜੀ ਨਿਵੇਸ਼ ਦੇ ਪ੍ਰਸਤਾਵ ਆਏ ਹਨ, ਉਨ੍ਹਾਂ 'ਚ ਬਹੁਤੇ ਉਦਯੋਗ ਅਜੇ ਉਸਾਰੀ ਅਧੀਨ ਹਨ। ਇਨ੍ਹਾਂ ਉਦਯੋਗਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਵਾਤਾਵਰਣ ਲਈ ਜ਼ੋਖ਼ਿਮ ਭਰੇ ਕਚਰੇ ਦੀ ਜੋ ਸਥਿਤੀ ਹੈ ਉਹ ਘਾਤਕ ਹੈ। ਪੰਜਾਬ ਤੇ ਹਰਿਆਣਾ ਸਰਕਾਰਾਂ ਦੀ ਸ਼ਿਕਾਇਤ 'ਤੇ ਕੇਂਦਰ ਸਰਕਾਰ ਨੇ ਸਖ਼ਤ ਰੁਖ ਅਪਣਾਇਆ ਹੈ। ਕੇਂਦਰ ਦੇ ਆਦੇਸ਼ਾਂ ਨੂੰ ਵੇਖਦਿਆਂ

ਪ੍ਰਦੂਸ਼ਣ ਵਿਭਾਗ ਨੇ ਲਗਪਗ ਡੇਢ ਦਰਜਨ ਉਦਯੋਗਾਂ ਨੂੰ ਨੋਟਿਸ ਦਿੱਤੇ ਹਨ ਕਿ ਉਹ ਨਿਰਧਾਰਤ ਮਾਪਦੰਡ ਨਹੀਂ ਅਪਣਾ ਰਹੇ। ਜ਼ਿਲ੍ਹਾ ਸੋਲਨ ਦੇ ਨਾਲਾਗੜ੍ਹ ਇਲਾਕੇ ’ਚ ਵਿਨਾਸ਼ਕ ਕਚਰੇ ਨੂੰ ਦਬਾਉਣ ਲਈ ਜ਼ਮੀਨ ਦੀ ਨਿਸ਼ਾਨਦੇਹੀ ਤਾਂ ਕੀਤੀ ਗਈ ਹੈ ਪਰ ਇਹ ਯੋਜਨਾ ਅਜੇ ਵੀ ਠੰਢੇ ਬਸਤੇ ’ਚ ਹੀ ਹੈ। ਇਹ ਤਾਂ ਸੀ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣ ਵਾਲੇ ਉਦਯੋਗਾਂ ਦੀ ਦਸ਼ਾ ਦਾ ਵਰਨਣ ਪਰ ਦੇਸ਼ ਦੀਆਂ ਨਦੀਆਂ ਦੇ ਜਲ ਨੂੰ ਜ਼ਹਿਰ ਬਣਾਉਣ ਵਾਲੇ ਉਦਯੋਗਾਂ ਦੀ ਵੀ ਕਮੀ ਨਹੀਂ ਹੈ। ਜਿਨ੍ਹਾਂ ਦੇ ਖਿਲਾਫ਼ ਕਾਰਗਰ ਕਾਰਵਾਈ ਕਰਨ ਦੀ ਜ਼ਰੂਰਤ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ।

ਜਿੱਥੇ ਨਦੀਆਂ ’ਚ ਨਿਰਮਲ ਜਲ ਦੀ ਧਾਰਾ ਵਗਦੀ ਸੀ, ਅੱਜ ਦੁਰਗੰਧ ਤੇ ਸੜਿਆਂਦ ਦੇ ਫੁਆਰੇ ਉਠਦੇ ਹਨ। ਇਨ੍ਹਾਂ ਨਦੀਆਂ ਦਾ ਪਾਣੀ ਪ੍ਰਦੂਸ਼ਣ ਦੇ ਖਤਰੇ ਦੀ ਹੱਦਾਂ ਦੀ ਪਾਰ ਕਰ ਚੁੱਕਿਆ ਹੈ। 1400 ਕਰੋੜ ਰੁਪਏ ਖਰਚਣ ਪਿੱਛੋਂ ਵੀ ਗੰਗਾ ਮੈਲੀ ਹੈ। ਗੰਗੋਤਰੀ ਤੋਂ ਇਲਾਹਾਬਾਦ ਪਹੁੰਚਣ ਤੱਕ ਗੰਗਾ ’ਚ 5400000 ਲਿਟਰ ਕੂੜਾ, ਕਚਰਾ, ਮਲ ਤੇ ਰਸਾਇਣ ਮਿਲ ਜਾਂਦਾ ਹੈ। ਹਰਿਦੁਆਰ ਤੋਂ ਹੁਗਲੀ ਤੱਕ ਉਸ ਦਾ ਪਾਣੀ ਵਰਤਣ ਯੋਗ ਨਹੀਂ ਰਿਹਾ। ਦੂਜੀਆਂ ਨਦੀਆਂ ਦਾ ਹਾਲ ਤਾਂ ਹੋਰ ਵੀ ਬੁਰਾ ਹੈ। ਯਮੁਨਾ ਦੇ ਪਾਣੀ ਨਾਲ ਜੋ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ ਉਹ ਦੂਹਰੇ ਪ੍ਰਦੂਸ਼ਣ ਦਾ ਸ਼ਿਕਾਰ ਹੋ ਰਹੀਆਂ ਹਨ। ਉਨ੍ਹਾਂ ’ਚ ਜੈਵਿਕ ਤੇ ਰਸਾਇਣਕ ਪ੍ਰਦੂਸ਼ਣ ਦੀ ਮਾਤਰਾ ਬਹੁਤ ਜ਼ਿਆਦਾ ਹੈ।

ਦੇਸ਼ ਦੇ 70 ਫੀਸਦੀ ਸ਼ਹਿਰਾਂ ਵਿੱਚ ਵੀ ਪੀਣ ਵਾਲੇ ਪਾਣੀ ਦੀ ਸਪਲਾਈ ਨਦੀਆਂ ਤੋਂ ਹੁੰਦੀ ਹੈ ਪਰ 70 ਫੀਸਦੀ ਬਿਮਾਰੀਆਂ ਵੀ ਸ਼ਹਿਰਾਂ ’ਚ ਅੱਜ ਵੀ ਪ੍ਰਦੂਸ਼ਿਤ ਪਾਣੀ ਦੇ ਕਾਰਨ ਹੋ ਰਹੀਆਂ ਹਨ ਕਿਉਂਕਿ ਜ਼ਮੀਨ ਦੇ ਅੰਦਰ ਦੀ ਉਪਰਲੀ ਤਹਿ ਦਾ ਪਾਣੀ ਵੀ ਪ੍ਰਦੂਸ਼ਣ ਦੀ ਲਪੇਟ ਵਿੱਚ ਹੈ। ਇਸ ਪ੍ਰਦੂਸ਼ਣ ਨੂੰ ਰੋਕਣ ਜਾਂ ਖਤਮ ਕਰਨ ਲਈ ਭਾਰੀ ਬਜਟ ਵਾਲੀਆਂ ਯੋਜਨਾਵਾਂ ਤਾਂ ਹਨ ਤੇ ਇਨ੍ਹਾਂ ਯੋਜਨਾਵਾਂ ਦੇ ਨਾਂ ’ਤੇ ਅਰਬਾਂ ਰੁਪਏ ਵੀ ਏਧਰ-ਉਧਰ ਕੀਤੇ ਜਾ ਚੁੱਕੇ ਹਨ ਪਰ ਸਫਾਈ ਦੇ ਮਾਮਲੇ ’ਚ ਇਨ੍ਹਾਂ ਦੀ ਹਾਲਤ ਜਿਉਂ ਦੀ ਤਿਉਂ ਹੀ ਹੈ। ਕੈਗ ਦੀ ਰਿਪੋਰਟ ’ਚ ਇਸ ਤੱਥ ਦਾ ਖਾਸ ਤੌਰ ’ਤੇ ਵਰਨਣ ਕੀਤਾ ਗਿਆ ਹੈ ਕਿ ਜਲ ਪ੍ਰਦੂਸ਼ਣ ਤੇ ਬਰਬਾਦੀ ਰੋਕਣ ਲਈ 1974 ’ਚ ਜੋ ਕਾਨੂੰਨ ਬਣਾਇਆ ਗਿਆ ਸੀ, ਉਸ ਨੂੰ ਲਾਗੂ ਕਰਨ ਲਈ ਸ਼ਾਇਦ ਹੀ ਕੁਝ ਕੀਤਾ ਗਿਆ ਹੋਵੇ।

ਹਰਿਆਣਾ ਵਿੱਚ 600 ਤੋਂ ਵੱਧ ਅਜਿਹੀਆਂ ਸਨਅਤੀ ਇਕਾਈਆਂ ਕੰਮ ਕਰ ਰਹੀਆਂ ਹਨ ਜੋ ਬਿਨਾਂ ਕਿਸੇ ਇਜਾਜ਼ਤ ਦੇ ਨਦੀਆਂ ਤੇ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਦੀਆਂ ਹਨ। ਹਿਮਾਚਲ ਪ੍ਰਦੇਸ਼ ’ਚ 58 ਨਗਰ ਪਾਲਿਕਾਵਾਂ ਮਨੁੱਖੀ ਮਲ-ਮੂਤਰ ਨਦੀਆਂ ’ਚ ਵਹਾ ਰਹੀਆਂ ਹਨ। ਕਰਨਾਟਕ, ਉੜੀਸਾ, ਬਿਹਾਰ, ਉੱਤਰ ਪ੍ਰਦੇਸ਼ ਆਦਿ ਸੂਬਿਆਂ ’ਚ ਵੀ ਕੁੱਲ ਮਿਲਾ ਕੇ ਇਹੋ ਹਾਲਤ ਹੈ। ਇਨ੍ਹਾਂ ਸੂਬਿਆਂ ਵਿੱਚ ਦੀ ਲੰਘਣ ਵਾਲੀਆਂ ਨਦੀਆਂ ਵੱਡੇ ਸ਼ਹਿਰਾਂ ਤੇ ਵੱਡੇ ਕਾਰਖਾਨਿਆਂ ਲਈ ਗਟਰ ਦਾ ਕੰਮ ਕਰ ਰਹੀਆਂ ਹਨ। ਇਨ੍ਹਾਂ ਨਦੀਆਂ ਤੋਂ ਇਲਾਵਾ ਭੂਮੀਗਤ ਸਰੋਤਾਂ ਤੋਂ ਵੀ ਪਾਣੀ ਪੀਣ ਲਈ ਦਿੱਤਾ ਜਾ ਰਿਹਾ ਹੈ। ਦਰਅਸਲ ਉਹ ਪੀਣ ਯੋਗ ਨਹੀਂ ਰਹਿ ਗਿਆ ਹੈ। ਯਮੁਨਾ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਸੁਪਰੀਮ ਕੋਰਟ ਨੂੰ ਵਾਰ ਵਾਰ ਦਖ਼ਲ ਦੇਣਾ ਪਿਆ।

ਫਿਰ ਵੀ ਸਥਿਤੀ 'ਚ ਕੋਈ ਆਸ਼ਾਜਨਕ ਸੁਧਾਰ ਨਹੀਂ ਹੋਇਆ। ਗੰਗਾ, ਯਮੁਨਾ, ਗੋਦਾਵਰੀ, ਨਰਮਦਾ, ਸਿੰਧੂ ਤੇ ਕਾਵੇਰੀ ਸਮੇਤ ਕਈ ਦੂਜੀਆਂ ਨਦੀਆਂ ਵੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕੀਆਂ ਹਨ।

ਦੇਸ਼ ਦੀਆਂ ਮੁੱਖ 13 ਨਦੀਆਂ ਦੀ ਹੋਂਦ ਖਤਰੇ ਵਿੱਚ ਹੈ। ਇਨ੍ਹਾਂ ਦੇ ਪਾਣੀ ਦੀ ਵੰਡ ਦੇ ਨਾਂ 'ਤੇ ਸਮੇਂ-ਸਮੇਂ ਸਿਰ ਸੂਬਿਆਂ 'ਚ ਝਗੜੇ ਵੀ ਹੁੰਦੇ ਰਹਿੰਦੇ ਹਨ। ਕਿਉਂਕਿ ਇਨ੍ਹਾਂ ਦੇ ਪਾਣੀ ਨਾਲ ਹੀ ਸ਼ਹਿਰਾਂ ਤੇ ਉਦਯੋਗਿਕ ਖੇਤਰਾਂ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਦੇਸ਼ ਦੀਆਂ ਮੁੱਖ 13 ਨਦੀਆਂ ਦੇ ਕਿਨਾਰੇ ਵਾਲੇ ਖੇਤਰ ਦੇ ਕਸਬਿਆਂ 'ਚ ਚਮੜੀ ਰੋਗ ਪਣਪ ਰਹੇ ਹਨ। ਇਨ੍ਹਾਂ ਅੰਦਰਲੀਆਂ ਲੱਖਾਂ ਮੱਛੀਆਂ ਮਰ ਚੁੱਕੀਆਂ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਭਾਰਤ 'ਚ ਹਰ ਸਾਲ ਪੰਜ ਕਰੋੜ ਵਿਅਕਤੀ ਪ੍ਰਦੂਸ਼ਿਤ ਪਾਣੀ ਪੀਣ ਕਾਰਨ ਬਿਮਾਰ ਹੁੰਦੇ ਹਨ। ਇਨ੍ਹਾਂ 'ਚੋਂ 20,00000 ਵਿਅਕਤੀ ਹਰ ਸਾਲ ਮਰ ਜਾਂਦੇ ਹਨ। ਇਨ੍ਹਾਂ ਬਿਮਾਰੀਆਂ ਦੇ ਇਲਾਜ ਲਈ 500 ਕਰੋੜ ਰੁਪਏ ਸਾਲਾਨਾ ਖਰਚ ਹੁੰਦੇ ਹਨ।

ਭਾਰਤ ਦੇ ਕੁੱਲ 2431 ਨਗਰਾਂ ਵਿੱਚੋਂ ਸਿਰਫ 176 'ਚ ਹੀ ਮਲ-ਜਲ ਨਿਕਾਸੀ ਦੀ ਵਿਵਸਥਾ ਹੈ। ਇਨ੍ਹਾਂ ਵਿੱਚੋਂ ਵੀ ਜਲ-ਮਲ ਦੇ ਟਰੀਟਮੈਂਟ ਦੀ ਤਾਂ ਨਾਂਮਾਤਰ ਹੀ ਵਿਵਸਥਾ ਹੈ। ਇਹ ਸਾਰਾ ਮਲ-ਜਲ ਸਿੱਧਾ ਨਦੀਆਂ 'ਚ ਵਹਾ ਦਿੱਤਾ ਜਾਂਦਾ ਹੈ। ਦਿੱਲੀ ਦੇ ਆਸ-ਪਾਸ ਯਮੁਨਾ ਕਾਲੀ ਹੋ ਗਈ ਹੈ। ਕਲਕੱਤਾ 'ਚ ਹੁਗਲੀ ਦਾ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੈ। ਮੁੰਬਈ 'ਚ ਮੇਹਮ ਦੀ ਖਾੜੀ ਦਾ ਪਾਣੀ ਗੰਦਾ ਹੋ ਗਿਆ ਹੈ। ਕਸ਼ਮੀਰ ਦੀ ਡਲ ਝੀਲ ਦਾ ਪਾਣੀ ਵੀ ਹੁਣ ਸਾਫ਼ ਨਹੀਂ ਹੈ। ਪ੍ਰਦੂਸ਼ਿਤ ਪਾਣੀ ਨਾਲ ਡਾਇਰੀਆ, ਪੇਚਿਸ, ਪੀਲੀਆ ਤੇ ਟਾਈਡ ਫਾਇਡ, ਪੋਲੀਓ, ਹੈਜ਼ਾ ਆਦਿ ਬਿਮਾਰੀਆਂ ਦਾ ਪ੍ਰਕੋਪ ਵਧ ਰਿਹਾ ਹੈ।

ਭਾਰਤ ਦੇ ਕਈ ਉਦਯੋਗਿਕ ਨਗਰਾਂ ਵਿੱਚ ਨਦੀਆਂ ਦਾ ਜੋ ਪਾਣੀ ਪਹਿਲਾਂ ਸ਼ੁੱਧ ਕਰਕੇ ਪਾਈਪਾਂ ਰਾਹੀਂ ਘਰਾਂ ਤੱਕ ਪਹੁੰਚਾਇਆ ਜਾਂਦਾ ਸੀ, ਹੁਣ ਉਹ ਵੀ ਸਾਫ਼ ਨਹੀਂ ਹੈ। ਰਾਸ਼ਟਰੀ ਵਾਤਾਵਰਨ ਇੰਜੀਨੀਅਰਿੰਗ ਇੰਸਟੀਚਿਊਟ (ਨਾਗਪੁਰ) 'ਚ ਜਾਂਚ-ਪੜਤਾਲ ਪਿੱਛੋਂ ਪਾਇਆ ਗਿਆ ਕਿ ਇਸ ਪਾਣੀ ਵਿੱਚ ਵੀ ਮਲ-ਜਲ ਤੇ ਸਨਅਤੀ ਇਕਾਈਆਂ ਦੇ ਕੂੜੇ ਕਚਰੇ ਦਾ ਅੰਸ਼ ਹੈ।

ਕੇਂਦਰੀ ਜਲ ਪ੍ਰਦੂਸ਼ਣ ਨਿਵਾਰਨ ਤੇ ਕੰਟਰੋਲ ਬੋਰਡ ਦੇ ਅਧਿਐਨ ਅਨੁਸਾਰ ਦਿੱਲੀ ਦੀ ਯਮੁਨਾ 'ਚ ਰੋਜ਼ਾਨਾ, ਜੋ ਗੰਦਾ ਪਾਣੀ ਵਹਿ ਕੇ ਜਾਂਦਾ ਹੈ, ਉਸ ਵਿੱਚ 3,00,000 ਘਣ ਮੀਟਰ ਮੈਲਾ ਪਾਣੀ ਤੇ 20,000 ਘਣ ਮੀਟਰ ਸਨਅਤੀ ਕਚਰਾ ਹੁੰਦਾ ਹੈ। ਨਜ਼ਫਗੜ੍ਹ ਨਾਲਾ ਪ੍ਰਦੂਸ਼ਣ ਦਾ ਮੁੱਖ ਸਰੋਤ ਹੈ। ਉਸ 'ਚ ਸ਼ਹਿਰ ਦੇ ਮੈਲੇ ਜਲ ਦੇ ਨਾਲ ਕਈ ਸਨਅਤੀ ਇਕਾਈਆਂ ਅੱਜ ਵੀ ਆਪਣਾ ਗੰਦਾ ਪਾਣੀ ਸੁੱਟਦੀਆਂ ਹਨ, ਜਿਸ ਥਾਂ 'ਤੇ ਇਸ ਨਾਲੇ ਦਾ ਪਾਣੀ ਯਮੁਨਾ 'ਚ ਮਿਲਦਾ ਹੈ, ਉਸ ਥਾਂ ਤੋਂ ਲੈ ਕੇ ਓਖਲਾ ਤੱਕ ਯਮੁਨਾ ਦਾ ਪਾਣੀ ਸਿੰਚਾਈ ਦੇ ਵੀ ਯੋਗ ਨਹੀਂ ਹੈ। ਯਮੁਨਾ ਹੁਣ ਇੱਕ ਜਾਮ-ਸੀਵਰ 'ਚ ਤਬਦੀਲ ਹੋ ਚੁੱਕੀ ਹੈ, ਇਹ ਸੱਚ ਹੈ।

ਦਿੱਲੀ ਦੇ ਨਾਲ ਹਰਿਆਣਾ, ਉੱਤਰ ਪ੍ਰਦੇਸ਼ ਦੇ 20 ਸ਼ਹਿਰ ਇਸ ਦੇ ਕਿਨਾਰਿਆਂ 'ਤੇ ਵਸੇ ਹਨ ਤੇ ਉਨ੍ਹਾਂ 'ਚ ਰਹਿਣ ਵਾਲੀ ਕਰੀਬ 600,00000 ਦੀ ਕੁੱਲ ਅਬਾਦੀ ਇਸ ਨਦੀ ਨੂੰ ਪਬਲਿਕ ਕੂੜੇਦਾਨ ਵਜੋਂ ਵਰਤ ਰਹੀ ਹੈ। ਉਤਸਰਜਿਤ

ਪਦਾਰਥਾਂ ਤੋਂ ਲੈ ਕੇ ਹਰ ਕਿਸਮ ਦਾ ਜੈਵ ਤੇ ਰਸਾਇਣਕ ਕਚਰਾ ਉਸ 'ਚ ਵਹਾਇਆ ਜਾ ਰਿਹਾ ਹੈ। ਪਰ ਪ੍ਰਦੂਸ਼ਤ ਦੇ ਪ੍ਰਤੀ ਉਦਾਸੀਨਤਾ ਦਾ ਆਲਮ ਇਹ ਹੈ ਕਿ ਇਨ੍ਹਾਂ ਵਿੱਚੋਂ ਸਿਰਫ਼ 75 ਫੀਸਦੀ ਦੇ ਪਾਸ ਅੱਜ ਵੀ ਕਚਰੇ ਦੇ ਟਰੀਟਮੈਂਟ ਦੀ ਸਹੂਲਤ ਨਹੀਂ ਹੈ। ਖ਼ੁਦ ਦਿੱਲੀ ਦਾ ਆਪਣਾ ਟਰੀਟਮੈਂਟ ਪਲਾਂਟ ਠੀਕ ਨਹੀਂ ਚੱਲਦਾ। ਸਾਲ 1993 'ਚ ਯਮੁਨਾ ਐਕਸ਼ਨ ਪਲੈਨ ਸ਼ੁਰੂ ਕੀਤਾ ਗਿਆ ਸੀ, ਪਰ ਇਸ ਦੇ ਤਹਿਤ 735 ਕਰੋੜ ਰੁਪਏ ਤੋਂ ਵੱਧ ਖਰਚ ਹੋਣ ਤੋਂ ਪਿੱਛੋਂ ਵੀ ਪ੍ਰਦੂਸ਼ਣ ਘਟਣ ਦੀ ਥਾਂ ਵਧ ਰਿਹਾ ਹੈ। ਅੱਜ ਵੀ ਹਜ਼ਾਰਾਂ ਲੋਕ ਉਸ 'ਚ ਇਸ਼ਨਾਨ ਕਰਦੇ ਹਨ ਅਤੇ ਪਰਵ ਤਿਉਹਾਰਾਂ 'ਤੇ ਉਸੇ 'ਚ ਦੇਵੀ ਮੂਰਤੀਆਂ ਜਲ ਪ੍ਰਵਾਹ ਕਰਦੇ ਹਨ।

ਤਿੰਨ ਲੋਕ ਤੋਂ ਨਿਆਰੀ ਕਹੀ ਜਾਣ ਵਾਲੀ ਕਾਂਸ਼ੀ ਵਿੱਚ ਵੀ ਮਣਿਕਣਿਕਾ ਘਾਟ 'ਤੇ ਰਾਖ, ਸੁਲਗਦੇ ਅੰਗਿਆਰੇ, ਅੱਧਜਲੀਆਂ ਲਾਸ਼ਾਂ, ਲੱਕੜੀਆਂ ਤੇ ਹੋਰ ਪ੍ਰਦੂਸ਼ਣਾਂ ਕਾਰਨ ਗੰਗਾ ਦਾ ਪਾਣੀ ਕਾਲਾ ਪੈ ਗਿਆ ਹੈ। 2525 ਕਿਲੋ ਤੱਕ ਵਹਿਣ ਵਾਲੀ ਇਸ ਨਦੀ 'ਚ ਰੋਜ਼ਾਨਾ ਲਗਪਗ 14 ਕਰੋੜ ਲਿਟਰ ਤੋਂ ਵੱਧ ਕਚਰਾ ਜਾ ਰਿਹਾ ਹੈ। ਇਸ ਨਾਲ ਇਸ ਨਦੀ ਦੇ ਆਸ ਪਾਸ ਰਹਿਣ ਵਾਲੇ 33 ਕਰੋੜ ਲੋਕਾਂ ਦਾ ਜੀਵਨ ਖ਼ਤਰੇ ਵਿੱਚ ਹੈ। ਪੱਛਮੀ ਬੰਗਾਲ 'ਚ ਹੁਗਲੀ 'ਤੇ 100 ਕਿ. ਮੀ. ਖੇਤਰ 'ਚ ਕੀਤੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ 353 ਨਾਲੇ ਰੋਜ਼ਾਨਾ 2120 ਲਿਟਰ ਕੂੜਾ ਕਚਰਾ ਸੁੱਟ ਰਹੇ ਹਨ।

ਕਲਕੱਤਾ, ਦੁਰਗਾਪੁਰ, ਆਸਨਸੋਲ 'ਚ ਦਾਮੋਦਰ ਨਦੀ ਦੇ ਤੱਟ 'ਤੇ 8 ਵੱਡੇ ਇਸਪਾਤ, ਕੋਕ, ਰਸਾਇਣ ਤੇ ਉਰਵਰਕ ਦੇ ਉਦਯੋਗ ਆਪਣਾ ਸਾਰਾ ਗੰਦਾ ਪਾਣੀ ਇਸ ਨਦੀ ਵਿੱਚ ਹੀ ਸੁੱਟਦੇ ਹਨ। ਇਸ ਗੰਦੇ ਜਲ 'ਚ ਸਾਇਨਾਇਡ 'ਤੇ ਫਿਨੌਲ ਵਰਗੇ ਜ਼ਹਿਰੀਲੇ ਪਦਾਰਥ ਵੀ ਹੁੰਦੇ ਹਨ। ਹਜ਼ਾਰਾਂ ਨਗਰਾਂ 'ਚ ਪੀਣ ਵਾਲੇ ਪਾਣੀ ਦੇ ਅਨੇਕ ਸਰੋਤਾਂ 'ਚ ਜਸਤੇ, ਕਰੋਮੀਅਮ, ਸ਼ੀਸ਼ੇ, ਨਿੱਕਲ ਤੇ ਕੈਡਮੀਅਮ ਵਰਗੀਆਂ ਜ਼ਹਿਰੀਲੀਆਂ ਧਾਤਾਂ ਪਾਈਆਂ ਜਾਂਦੀਆਂ ਹਨ। ਉਸ ਵਿੱਚ ਨਾਈਟ੍ਰੇਟ, ਫਲੋਰਾਇਡ, ਫਾਸਫੇਟ ਅਤੇ ਹੋਰ ਲੂਣਾਂ ਤੇ ਖਣਿਜਾਂ ਦੀ ਮਾਤਰਾ ਮਨੁੱਖ ਦੀ ਸਹਿਣ ਸ਼ਕਤੀ ਤੋਂ ਉੱਪਰ ਪੁੱਜ ਗਈ ਹੈ। ਇਸ ਸਮੇਂ ਸਾਡੇ ਪੀਣ ਵਾਲੇ ਪਾਣੀ 'ਚ ਕਈ ਕਾਰਬਨ ਜ਼ਹਿਰ, ਕੀਟਨਾਸ਼ਕ, ਪੋਲੀਕਲੋਰਾਇਡ, ਬਾਈਫੇਨਿਲਸ (ਪੀ. ਸੀ. ਬੀ.) ਅਤੇ ਡਿਟਰਜੈਂਟ ਆ ਗਏ ਹਨ। ਇਨ੍ਹਾਂ ਪ੍ਰਦੂਸ਼ਕਾਂ ਕਾਰਨ ਕਈ ਸਥਾਨਾਂ 'ਤੇ ਇਨ੍ਹਾਂ ਦੇ ਖਾਣ ਨਾਲ ਜਿਗਰ 'ਚ ਜ਼ਖ਼ਮ, ਪੀਲੀਆ, ਭਾਰ ਘਟਣਾ, ਅੰਤਾਂ 'ਚ ਸੋਜ਼, ਪੇਟ ਦਰਦ, ਕੈਂਸਰ, ਚਮੜੀ ਤੇ ਪ੍ਰਜਨਣ ਸਬੰਧੀ ਰੋਗ ਹੋ ਸਕਦੇ ਹਨ। ਸਰਕਾਰ ਜੇ ਨਦੀਆਂ ਦੀ ਸਫਾਈ ਵੀ ਨਹੀਂ ਕਰਵਾ ਸਕਦੀ ਤਾਂ ਉਹ ਹਕੂਮਤੀ ਕੁਰਸੀਆਂ ਕਿਉਂ ਸਾਂਭੀ ਬੈਠੀ ਹੈ।

# ਆਮ ਲੋਕਾਂ ’ਤੇ ਟੈਕਸਾਂ ਦਾ ਬੋਝ ਕਿੰਨਾ ਕੁ ਜਾਇਜ਼?

ਲੋਕਾਂ ਤੋਂ ਟੈਕਸ ਲਏ ਬਗੈਰ ਕੋਈ ਵੀ ਸਰਕਾਰ ਨਹੀਂ ਚੱਲ ਸਕਦੀ ਪਰ ਆਪਣੇ ਸ਼ਹਿਰੀਆਂ ਪ੍ਰਤੀ ਜੁਆਬਦੇਹ ਸਰਕਾਰਾਂ ਆਪਣੇ ਲੋਕਾਂ ’ਤੇ ਟੈਕਸਾਂ ਦਾ ਉਨ੍ਹਾਂ ਹੀ ਬੋਝ ਪਾਉਂਦੀਆਂ ਹਨ ਕਿ ਉਨ੍ਹਾਂ ਦਾ ਲੱਕ ਨਾ ਟੁੱਟੇ। ਪਰ ਮਨਮੋਹਨ ਸਰਕਾਰ ਨੇ ਆਪਣੇ ਦੋ ਸਾਲਾਂ ਦੀ ਹਕੂਮਤ ਦੌਰਾਨ ਸਿੱਧੇ ਤੇ ਅਸਿੱਧੇ ਟੈਕਸਾਂ ਦੇ ਏਨੇ ਤੀਰ ਚਲਾਏ ਹਨ ਕਿ ਆਮ ਜਨਤਾ ਘੁਟਣ ਹੀ ਮਹਿਸੂਸ ਨਹੀਂ ਕਰ ਰਹੀ ਬਲਕਿ ਸ਼ਰਮਸ਼ਾਰ ਵੀ ਹੋ ਰਹੀ ਹੈ। ਜਿੰਨੀ ਕਿਸਮ ਦੇ ਟੈਕਸ (ਆਮਦਨ ਟੈਕਸ ਵੈਟ, ਸਰਵਿਸ ਟੈਕਸ, ਆਕਸਾਈਜ਼ ਟੈਕਸ ਆਦਿ) ਭਾਰਤ ’ਚ ਹਨ, ਉਹ ਕਿਸੇ ਹੋਰ ਦੇਸ਼ ਵਿੱਚ ਨਹੀਂ ਹਨ।

ਵਿਕਸਤ ਦੇਸ਼ਾਂ ’ਚ ਲੋਕਾਂ ਤੋਂ ਉਗਰਾਹੇ ਟੈਕਸਾਂ ਦੀ ਵਰਤੋਂ ਉਨ੍ਹਾਂ ਦੀਆਂ ਕਲਿਆਣਕਾਰੀ ਯੋਜਨਾਵਾਂ ’ਚ ਹੁੰਦੀ ਹੈ ਪਰ ਇੱਥੇ ਤਾਂ ਬੁਨਿਆਦੀ ਸਹੂਲਤਾਂ ਦੀ ਵੀ ਤੋਟ ਪਈ ਹੋਈ ਹੈ। ਅਜਿਹੀ ਹਾਲਤ ’ਚ ਤਾਂ ਇਹੀ ਲੱਗਦਾ ਹੈ ਕਿ ਇਹ ਸਰਕਾਰ ਹੈ ਜਾਂ ਪ੍ਰਾਈਵੇਟ ਲਿਮਟਿਡ ਕੰਪਨੀ। ਟੈਕਸ-ਦਰ-ਟੈਕਸ। ਇਨਕਮ ਟੈਕਸ, ਵੈਲਥ ਟੈਕਸ, ਸਰਵਿਸ ਟੈਕਸ, ਕੰਪਨੀ ਟੈਕਸ, ਐਜੂਕੇਸ਼ਨ ਟੈਕਸ ਆਦਿ। ਨਾ ਜਾਣੇ ਕਿੰਨੀ ਕਿਸਮ ਦੇ ਟੈਕਸ।

ਬਚਤ ਲਈ ਪੈਸਾ ਕਿੱਥੋਂ ਆਵੇ? ਕੁਝ ਨੂੰ ਛੱਡ ਕੇ ਅਨੇਕਾਂ ਵਸਤੂਆਂ ਲਈ 12.5 ਫੀਸਦੀ ਵੈਟ ਅਦਾ ਕਰਨਾ ਪੈਂਦਾ ਹੈ। ਫੋਨ, ਕੋਰੀਅਰ, ਡ੍ਰਾਈਕਲੀਨਰਜ਼, ਕੋਚਿੰਗ, ਆਰਕੀਟੈਕਟ, ਬਿਊਟੀ ਪਾਰਲਰ ਸਮੇਤ 125 ਤੋਂ ਵੱਧ ਖੇਤਰਾਂ ਦੀ ਸੇਵਾ ’ਤੇ 12.5 ਫੀਸਦੀ ਤੱਕ ਸਰਵਿਸ ਟੈਕਸ ਦੇਣਾ ਪੈਂਦਾ ਹੈ। ਸਿਰਫ 12 ਸਾਲ ਪਹਿਲਾਂ ਸਿਰਫ ਫੋਨ ਤੋਂ ਵਸੂਲੇ ਜਾ ਰਹੇ ਸਰਵਿਸ ਟੈਕਸ ਦਾ ਦਾਇਰਾ ਏਨਾ ਵਧਾ ਦਿੱਤਾ ਗਿਆ ਹੈ ਕਿ ਸਰਕਾਰ ਇਸ ਨਾਲ ਸਾਲਾਨਾ 36 ਹਜ਼ਾਰ ਕਰੋੜ ਤੋਂ ਵੱਧ ਵਸੂਲ ਰਹੀ ਹੈ।

ਕਰਜ਼ੇ ’ਤੇ ਬਣਾਏ ਮਕਾਨ ਦੀ ਬੈਂਕ ਕਿਸ਼ਤ, ਬੱਚਿਆਂ ਦੀ ਸਕੂਲ ਫੀਸ, ਘਰੇਲੂ ਖਰਚ, ਮਹਿੰਗੇ ਪੈਟਰੋਲ, ਬਿਜਲੀ-ਫੋਨ ਦੇ ਭਾਰੀ ਬਿੱਲਾਂ ਦੀ ਅਦਾਇਗੀ ਤੋਂ ਪਿੱਛੋਂ ਮੱਧ ਵਰਗ ਤੋਂ ਭਾਰੀ ਇਨਕਮ ਟੈਕਸ ਦੀ ਵਸੂਲੀ ਉਨ੍ਹਾਂ ਦਾ ਲੱਕ ਤੋੜਨ ’ਚ ਕੋਈ ਕਸਰ ਨਹੀਂ ਛੱਡਦੀ। ਲੱਕ ਤੋੜ ਟੈਕਸ ਦਰਾਂ ਨੇ ਦੇਸ਼ ਦੇ ਦਸ ਕਰੋੜ ਨੌਕਰੀ ਪੇਸ਼ਾ ਆਮਦਨ ਟੈਕਸ ਦਾਤਿਆਂ ਦੀ ਜ਼ਿੰਦਗੀ ਦੁੱਭਰ ਕਰ ਦਿੱਤੀ ਹੈ।

ਇਨ੍ਹਾਂ ’ਚੋਂ ਪੌਣੇ ਤਿੰਨ ਕਰੋੜ ਆਮਦਨ ਟੈਕਸ ਦਾਤਾ ਇਕੱਲੇ ਸਰਕਾਰੀ ਖੇਤਰ ਦੇ ਹਨ। ਆਮਦਨ ਟੈਕਸ ਦੀਆਂ ਸਸਤੀਆਂ ਦਰਾਂ ਸਿਰਫ ਸਿੰਘਾਪੁਰ ਹੀ ਨਹੀਂ, ਰੂਸ, ਰੋਮਾਨੀਆ, ਸਾਊਦੀ ਅਰਬ, ਮੈਕਸੀਕੋ, ਕੈਨੇਡਾ, ਇੰਗਲੈਂਡ ਸਮੇਤ ਕਈ ਦੇਸ਼ਾਂ ਵਿੱਚ ਹਨ। ਜਿੱਥੇ ਨੀਮ ਤੇ ਮੱਧ ਵਰਗ ਤੋਂ ਆਮਦਨ ਟੈਕਸ 10 ਫੀਸਦੀ ਤੇ ਉੱਚ ਵਰਗ ਤੋਂ ਵੱਧ ਤੋਂ ਵੱਧ 30 ਫੀਸਦੀ ਤੱਕ ਹੀ ਆਮਦਨ ਟੈਕਸ ਵਸੂਲਿਆ ਜਾਂਦਾ ਹੈ। ਸਾਰ ਦੇਸ਼ਾਂ ’ਚ ਆਮਦਨ ਟੈਕਸ, ਕੰਪਨੀ ਟੈਕਸ ਤੇ ਵੈਟ ਤੋਂ ਇਲਾਵਾ ਚੌਥਾ ਹੋਰ ਕੋਈ ਟੈਕਸ ਨਹੀਂ ਹੈ। ਵੈਟ ਦਾ ਮਤਲਬ ਹੀ ਹੈ ਕਿ ਐਕਸਾਈਜ਼ ਡਿਊਟੀ, ਸੇਲ ਟੈਕਸ, ਸਥਾਨਕ ਟੈਕਸ ਦੀ ਥਾਂ ਸਿਰਫ ਇੱਕ ਟੈਕਸ ਪ੍ਰਣਾਲੀ ਯਾਨੀ ਵੈਟ ਦੀ ਵਸੂਲੀ ਹੋਵੇਗੀ। ਭਾਰਤ ਦੇ ਸਾਰੇ ਸੂਬਿਆਂ ’ਚ ਵੈਟ ਲਾਗੂ ਹੋਣ ਦੇ ਬਾਵਜੂਦ ਸੇਲਜ਼ ਟੈਕਸ, ਸਥਾਨਕ

ਟੈਕਸ ਤੇ ਸਰਵਿਸ ਟੈਕਸ ਆਦਿ ਦੀ ਵਸੂਲੀ ਬੇਮਾਇਨੀ ਹੈ।

ਵਰਨਣਯੋਗ ਹੈ ਕਿ ਯੂਰਪ-ਅਮਰੀਕਾ ਦੇ ਨਾਗਰਿਕਾਂ ਨੂੰ ਟੈਕਸ ਦੇ ਬਦਲੇ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਉੱਥੋਂ ਦੇ ਨਾਗਰਿਕਾਂ ਦੇ ਇਲਾਜ ਦੀ ਸਮੁੱਚੀ ਜ਼ਿੰਮੇਵਾਰੀ ਸਰਕਾਰ ਦੀ ਹੈ। ਸਕੂਲ ਦੀ ਪੜ੍ਹਾਈ ਮੁਫਤ ਹੈ। (ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ) ਅਤੇ ਬੇਰੁਜ਼ਗਾਰਾਂ ਨੂੰ ਏਨਾ ਭੱਤਾ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦਾ ਕੰਮ ਚੱਲ ਜਾਂਦਾ ਹੈ। ਜੇ ਇਸ ਪੈਮਾਨੇ 'ਤੇ ਵੇਖਿਆ ਜਾਵੇ ਤਾਂ ਭਾਰਤ 'ਚ ਟੈਕਸ ਤਾਂ ਪੂਰਾ ਲਿਆ ਜਾਂਦਾ ਹੈ ਪਰ ਉਸ ਦੇ ਬਦਲੇ 'ਚ ਨਾਗਰਿਕਾਂ ਨੂੰ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ। ਅਜਿਹੀ ਹਾਲਤ 'ਚ ਇਹ ਸੁਆਲ ਆਪਣੇ ਆਪ ਹੀ ਪੈਦਾ ਹੁੰਦਾ ਹੈ ਕਿ ਕੀ ਸਰਕਾਰ ਨੂੰ ਮੁਨਾਫਾ ਕਮਾਉਣ ਵਾਲੀ ਕਿਸੇ ਪ੍ਰਾਈਵੇਟ ਲਿਮ, ਕੰਪਨੀ ਵਾਂਗੂ ਵਰਤਾਅ ਕਰਨਾ ਚਾਹੀਦਾ ਹੈ?

ਭਾਰਤ 'ਚ 2005-06 'ਚ ਇੱਕ ਲੱਖ ਸਾਲਾਨਾ ਆਮਦਨ ਤੋਂ ਉੱਪਰ ਦੀ ਆਮਦਨ 'ਤੇ 10 ਤੋਂ 30 ਫੀਸਦੀ ਤੱਕ ਆਮਦਨ ਟੈਕਸ ਲਾਗੂ ਕੀਤਾ ਗਿਆ। ਇਸ ਟੈਕਸ 'ਤੇ 10% ਸਰਚਾਰਜ ਤੇ ਦੋ ਫੀਸਦੀ ਸਿੱਖਿਆ ਟੈਕਸ ਠੋਸਿਆ ਗਿਆ ਹੈ। ਇਸ ਤਰ੍ਹਾਂ ਕੁੱਲ ਮਿਲਾ ਕੇ 33% ਤੋਂ ਵੀ ਵੱਧ ਟੈਕਸ ਬਣਦਾ ਹੈ। ਆਮਦਨ ਟੈਕਸ ਦੀਆਂ ਇਹੀ ਦਰਾਂ 2005-06 'ਚ ਵੀ ਲਾਗੂ ਹਨ। ਮਾਸਿਕ ਆਮਦਨ ਤੋਂ ਇਲਾਵਾ ਕੈਪੀਟਲ ਲਾਭਾਂ 'ਤੇ ਵੀ ਭਾਰਤੀ ਨਾਗਰਿਕਾਂ ਨੂੰ ਟੈਕਸ ਦੇਣਾ ਪੈਂਦਾ ਹੈ। ਬੈਂਕ, ਡਾਕਘਰਾਂ 'ਚ ਜਮ੍ਹਾਂ ਪੂੰਜੀ 'ਤੇ ਮਿਲਣ ਵਾਲੇ ਵਿਆਜ ਤੋਂ ਇਲਾਵਾ ਮਕਾਨ, ਦੁਕਾਨ ਦੀ ਵਿਕਰੀ ਤੋਂ ਹਾਸਲ ਆਮਦਨ ਵੀ ਲੰਬੇ ਸਮੇਂ ਦੇ ਅਤੇ ਘੱਟ ਸਮੇਂ ਦੇ ਕੈਪੀਟਲ ਲਾਭ 'ਤੇ ਹਾਸਲ ਆਮਦਨ ਟੈਕਸ ਦੇਣਾ ਪੈਂਦਾ ਹੈ। ਵਿਦੇਸ਼ਾਂ 'ਚ ਹੋਈ ਆਮਦਨ 'ਤੇ ਵੀ ਓਵਰਸੀਜ਼ ਟੈਕਸ ਲਾਇਆ ਜਾਂਦਾ ਹੈ।

2005-06 ਦੇ ਕੇਂਦਰੀ ਬਜਟ ਪਿੱਛੋਂ ਤਨਖਾਹਦਾਰ ਆਪਣੀ ਆਮਦਨ 'ਤੇ ਪੂਰਾ ਆਮਦਨ ਟੈਕਸ ਅਦਾ ਕਰ ਰਹੇ ਹਨ। ਜਦ ਕਿ ਵਪਾਰੀ ਤੇ ਸਨਅਤਕਾਰ ਸਿਰਫ ਆਪਣੀ ਇੱਕ ਨੰਬਰ ਦੀ ਦਿਖਾਈ ਘੱਟ ਤੋਂ ਘੱਟ ਆਮਦਨ 'ਤੇ ਹੀ ਆਮਦਨ ਟੈਕਸ ਅਦਾ ਕਰਦੇ ਹਨ। ਵਪਾਰੀਆਂ ਨੂੰ ਆਪਣੀ ਖ਼ੂਨ ਪਸੀਨੇ ਦੀ ਕਮਾਈ ਦਾ ਪੈਟਰੋਲ ਖਰਚ, ਫੋਨ, ਬਿਜਲੀ ਬਿੱਲਾਂ ਦੇ ਭੁਗਤਾਨ, ਡਰਾਈਵਰ, ਚਪੜਾਸੀਆਂ, ਸੇਵਕਾਂ ਦੀ ਤਨਖਾਹ ਦੇ ਖਰਚੇ ਦੀ ਕਟੌਤੀ ਪਿੱਛੋਂ ਹੀ ਬਾਕੀ ਬਚਦੀ ਆਮਦਨ 'ਤੇ ਹੀ ਇਨਕਮ ਟੈਕਸ ਦੇਣਾ ਪੈਂਦਾ ਹੈ। ਆਖਰ ਤਨਖਾਹਦਾਰ ਲੋਕਾਂ ਨਾਲ ਇਹ ਬੇਇਨਸਾਫੀ ਕਿਉਂ?

ਸਚਾਈ ਇਹ ਹੈ ਕਿ ਕੇਂਦਰ ਤੇ ਸੂਬਾਈ ਸਰਕਾਰਾਂ ਦੇ ਕੁਝ ਸੀਨੀਅਰ ਅਫਸਰਾਂ ਨੂੰ ਛੱਡ ਕੇ ਬਾਕੀ ਮੁਲਾਜ਼ਮਾਂ ਨੂੰ ਸਰਕਾਰੀ ਗੱਡੀ ਦੀ ਕੋਈ ਸਹੂਲਤ ਨਹੀਂ ਮਿਲਦੀ। ਜਦ ਕਿ ਆਮਦਨ ਕਰ ਐਕਟ 1961 ਦੀ ਧਾਰਾ 16 ਇੱਕ ਦੇ ਤਹਿਤ ਵਾਹਨ ਭੱਤਾ, ਅਖਬਾਰਾਂ ਆਦਿ 'ਤੇ ਖਰਚ ਮਾਨਕ ਕਟੌਤੀ 'ਚ ਰੱਖਿਆ ਗਿਆ ਸੀ। ਵਧਦੀ ਮਹਿੰਗਾਈ ਨੂੰ ਵੇਖਿਆ ਜਾਵੇ ਤਾਂ 150000 ਰੁਪਏ ਤੋਂ ਹੇਠਾਂ ਦੀ ਸਾਲਾਨਾ ਆਮਦਨ 'ਤੇ ਇਨਕਮ ਟੈਕਸ ਲੈਣਾ ਬਿਲਕੁਲ ਹੀ ਜਾਇਜ਼ ਨਹੀਂ ਹੈ। ਅਜਿਹੀ ਹਾਲਤ 'ਚ ਜਦ ਈ. ਐੱਸ. ਆਈ. ਨੇ 10 ਹਜ਼ਾਰ ਮਾਸਿਕ ਵਾਲੇ ਇੱਕ ਲੱਖ ਵੀਹ ਹਜ਼ਾਰ ਰੁਪਏ ਦੀ ਸਾਲਾਨਾ ਆਮਦਨ ਵਾਲੇ ਕਰਮਚਾਰੀਆਂ ਨੂੰ ਈ. ਐੱਸ. ਆਈ. ਕਟੌਤੀ ਦਾ ਨਿਰਣਾ ਕੀਤਾ ਹੈ। ਈ. ਐੱਸ. ਆਈ. ਦੀ ਮੈਡੀਕਲ ਸਹੂਲਤ ਕਮਜ਼ੋਰ ਤਬਕੇ

ਦੇ ਕਰਮਚਾਰੀਆਂ ਲਈ ਹੀ ਹੈ ਤੇ ਅੱਜ ਤੱਕ ਉਸ ਸ਼੍ਰੇਣੀ ਦੇ ਮੁਲਾਜ਼ਮਾਂ ਤੋਂ ਆਮਦਨ ਟੈਕਸ ਨਹੀਂ ਲਿਆ ਗਿਆ।

ਆਮਦਨ ਟੈਕਸ ਦੀ ਹੱਦ ਜੇ ਸਰਕਾਰ ਵਧਾਉਂਦੀ ਹੈ ਤਾਂ ਇਸ ਨੂੰ ਪੌਣੇ ਤਿੰਨ ਕਰੋੜ ਆਮਦਨ ਦਾਤਾ ਮੁਲਾਜ਼ਮਾਂ ਬਲਕਿ ਇਸ ਦੁੱਗਣੀ ਤਦਾਦ 'ਚ ਪ੍ਰਾਈਵੇਟ ਸੈਕਟਰ ਦੇ ਮੁਲਾਜ਼ਮਾਂ ਨੂੰ ਰਾਹਤ ਮਿਲੇਗੀ। ਭਾਰਤ ਦੇ ਅਰਥਚਾਰੇ 'ਤੇ ਇਹ ਧੱਬਾ ਹੈ ਕਿ ਵਿੱਤ ਮੰਤਰੀ ਨੇ ਸਾਲ 2005-06 ਦੇ ਬਜਟ 'ਚ 30 ਸਾਲ ਤੋਂ ਚੱਲੀ ਆ ਰਹੀ ਸਟੈਂਡਰਡ ਕਟੌਤੀ ਨੂੰ ਇੱਕ ਝਟਕੇ 'ਚ ਹੀ ਖਤਮ ਕਰ ਦਿੱਤਾ। ਛੋਟ ਨੂੰ ਸਟੈਂਡਰਡ ਕਟੌਤੀ ਨਾਲ ਵੀ ਨਹੀਂ ਜੋੜਿਆ ਜਾਣਾ ਚਾਹੀਦਾ। ਆਖਰਕਾਰ ਵਪਾਰੀ, ਉੱਦਮੀ ਵਰਗ, ਵਾਹਨ, ਫੋਨ ਆਦਿ ਵਪਾਰ 'ਚ ਵਿਖਾ ਕੇ ਬਾਕੀ ਬਚਦੀ ਆਮਦਨ 'ਤੇ ਹੀ ਟੈਕਸ ਅਦਾ ਕਰ ਰਿਹਾ ਹੈ ਜਦ ਕਿ ਤਨਖਾਹਦਾਰ ਵਰਗ ਤੋਂ ਉਸ ਦੀ ਆਮਦਨ ਦੇ ਸਰੋਤ 'ਤੇ ਹੀ ਟੈਕਸ ਕਟੌਤੀ ਕਰ ਲਈ ਜਾਂਦੀ ਹੈ, ਜਿਸ ਨਾਲ ਉਸ ਲਈ ਟੈਕਸ 'ਚ ਜਾ ਰਹੀ ਗਾੜ੍ਹੀ ਕਮਾਈ ਬਚਾਉਣ ਦਾ ਕੋਈ ਮੌਕਾ ਹੀ ਨਹੀਂ ਮਿਲਦਾ। ਇਹ ਅਜੀਬ ਗੱਲ ਹੈ ਕਿ ਪਿਛਲੇ ਸਾਲ ਦਾ ਬਜਟ ਬਿਨਾਂ ਬਹਿਸ ਦੇ 15 ਮਿੰਟਾਂ 'ਚ ਹੀ ਪਾਸ ਹੋ ਗਿਆ ਸੀ।

# ਯੂ. ਪੀ. ਦੀ ਚੋਣ ਦੌੜ 'ਚ ਕਿਸਾਨੀ ਮੁੱਦਾ ਭਾਰੂ

*ਯੂ. ਪੀ. ਵਿੱਚ ਤਿੰਨ ਅਪਰੈਲ ਤੋਂ ਸ਼ੁਰੂ ਹੋ ਰਹੇ ਪੋਲਿੰਗ ਪ੍ਰੋਗਰਾਮ ਦੇ ਪਹਿਲੇ ਦੌਰ ਲਈ ਵੋਟਾਂ ਪੈਣ ਦਾ ਕੰਮ ਨਜ਼ਦੀਕ ਆ ਗਿਆ ਹੈ। ਮਸਲੇ ਤਾਂ ਇਸ ਚੋਣ 'ਚ ਹੋਰ ਵੀ ਬਹੁਤ ਹਨ ਪਰ ਸਭ ਤੋਂ ਵੱਡਾ ਮਸਲਾ ਕਿਸਾਨਾਂ, ਖਾਸ ਕਰਕੇ ਗੰਨਾ ਉਤਪਾਦਕਾਂ ਦਾ ਹੈ। ਪਾਰਟੀ ਕੋਈ ਵੀ ਕਿਸਾਨਾਂ ਦਾ ਮੂਲ ਮਸਲਾ ਹੱਲ ਕਰਨ ਦੇ ਸਮਰੱਥ ਨਹੀਂ। ਫਿਰ ਵੀ ਕਿਸਾਨੀ ਹੀ ਸਿਆਸਤਦਾਨਾਂ ਦਾ ਭਵਿੱਖ ਬਣਾ ਕੇ ਵਿਗਾੜ ਸਕਦੀ ਹੈ*

ਉੱਤਰ ਪ੍ਰਦੇਸ਼ ਦਾ ਰਾਜਸੀ ਧਰਾਤਲ ਲੜਖੜਾ ਰਿਹਾ ਹੈ। ਤਹਿ ਥੱਲਿਓਂ ਅਚਾਨਕ ਇੱਕ ਮੁੱਦਾ ਅਜਿਹੇ ਵਿਸ਼ੇ ਦੇ ਰੂਪ 'ਚ ਉੱਛਲ ਪਿਆ ਹੈ ਜੋ ਇਨ੍ਹਾਂ ਚੋਣਾਂ 'ਚ ਸ਼ਾਇਦ ਸਭ ਤੋਂ ਵੱਡਾ ਮੁੱਦਾ ਬਣਨ ਦੀ ਯੋਗਤਾ ਰੱਖਦਾ ਹੈ ਅਤੇ ਉਹ ਹੈ ਕਿਸਾਨ। ਚਿੰਤਾ ਦੀ ਵੱਡੀ ਵਜ੍ਹਾ ਇਸ ਲਈ ਵੀ ਹੈ ਕਿ ਇਹ ਉਹ ਤਬਕਾ ਹੈ ਜਿਸ ਲਈ ਸੱਚ ਕਿਹਾ ਜਾਵੇ ਤਾਂ ਕਿਸੇ ਨੇ ਵੀ ਕੁਝ ਨਹੀਂ ਕੀਤਾ। ਕਿਸੇ ਨੇ ਵੀ ਕੁਝ ਅਜਿਹਾ ਨਹੀਂ ਬੀਜਿਆ ਜਿਸ ਨਾਲ ਉਹ ਇਸ ਫਸਲ 'ਤੇ ਆਪਣੀ ਇਕੱਲ ਦਾਅਵੇਦਾਰੀ ਦਾ ਹੱਕ ਜਿਤਾ ਸਕੇ।

ਕਿਸਾਨੀ ਦੇ ਅਗਾਮੀ ਚੋਣ ਮੁੱਦਾ ਬਣਨ ਦੇ ਕੁੱਝ ਖਾਸ ਕਾਰਨ ਇਸ ਲਈ ਵੀ ਸਮਝ 'ਚ ਆਉਂਦੇ ਹਨ ਕਿ ਬਹੁਜਨ ਸਮਾਜ ਪਾਰਟੀ (ਬਸਪਾ) ਨੂੰ ਛੱਡ ਕੇ ਤਕਰੀਬਨ ਸਾਰੀਆਂ ਮਜ਼ਬੂਤ ਸਿਆਸੀ ਪਾਰਟੀਆਂ ਰਾਸ਼ਟਰੀ ਲੋਕ ਦਲ (ਰਾਲੋਦ), ਸਮਾਜਵਾਦੀ ਪਾਰਟੀ (ਸਪਾ), ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਬਸਪਾ ਕਿਤੇ ਨਾ ਕਿਤੇ ਫੋਰਮ 'ਤੇ ਕਿਸਾਨਾਂ ਦਾ ਰਾਗ ਅਲਾਪਦੇ ਹਨ ਤੇ ਇਸ ਦੇ ਨਾਲ ਕੀਤੀਆਂ ਜਾ ਰਹੀਆਂ ਜ਼ਿਆਦਤੀਆਂ 'ਤੇ ਸਿਆਪਾ ਵੀ ਕਰਦੇ ਦਿੱਸਦੇ ਹਨ। ਤਕਰੀਬਨ ਸਾਢੇ ਤਿੰਨ ਸਾਲ ਤੱਕ ਮੁਲਾਇਮ ਸਿੰਘ ਦੇ ਨਾਲ ਕਦਮ ਨਾਲ ਕਦਮ ਮਿਲਾ ਕੇ ਚਲਦੇ ਰਾਲੋਦ ਪ੍ਰਧਾਨ ਅਜੀਤ ਸਿੰਘ ਭਾਵੇਂ ਹੀ ਇਸ ਚੋਣ ਤੋਂ ਪਹਿਲਾਂ ਕਾਂਗਰਸ ਵੱਲ ਜਾਣ ਦੀ ਆਪਣੀ ਰਣਨੀਤੀ ਨੂੰ ਅਸਲੀ ਜਾਮਾ ਪਹਿਨਾਉਣ ਲਈ ਹਮਾਇਤ ਵਾਪਸ ਲੈਣ ਤੱਕ ਪੁੱਜ ਗਏ ਹੋਣ ਪਰ ਜ਼ਾਹਰਾ ਤੌਰ 'ਤੇ ਉਨ੍ਹਾਂ ਨੇ ਵੀ ਸਪਾ-ਰਾਲੋਦ ਰਿਸ਼ਤਿਆਂ ਦੇ ਇਸ ਪ੍ਰਸੰਗ 'ਚ ਗੰਨਾ ਕਿਸਾਨਾਂ ਦੀ ਉਪਜ ਦਾ ਸਹੀ ਮੁੱਲ ਨਾ ਦਿੱਤੇ ਜਾਣ ਨੂੰ ਹੀ ਆਧਾਰ ਬਣਾਇਆ ਹੈ। ਮੁਲਾਇਮ ਸਿੰਘ ਯਾਦਵ ਦਾ ਕਹਿਣਾ ਹੈ ਕਿ ਅਜੀਤ ਸਿੰਘ ਦੀ ਸਹਿਮਤੀ ਨਾਲ ਹੀ ਇਹ ਮੁੱਲ ਤੈਅ ਹੋਇਆ ਸੀ।

ਅਜੀਤ ਸਿੰਘ ਹੀ ਨਹੀਂ, ਵੀ. ਪੀ. ਸਿੰਘ ਵੀ ਸੱਤਾਧਾਰੀ ਸਪਾ ਆਗੂ ਮੁਲਾਇਮ ਸਿੰਘ ਨੂੰ ਘੇਰਨ ਲਈ ਕਿਸਾਨਾਂ ਦੇ ਮੁੱਦੇ ਉਠਾ ਰਹੇ ਹਨ। ਵੀ. ਪੀ. ਸਿੰਘ ਨੇ ਵਿਸ਼ੇਸ਼ ਆਰਥਿਕ ਖੇਤਰਾਂ ਲਈ ਕਿਸਾਨਾਂ ਦੀ ਜ਼ਮੀਨ ਅਕਵਾਇਰ ਕਰਨ ਨੂੰ ਮੁੱਦਾ ਬਣਾਇਆ ਹੈ ਤੇ ਸਪਾ ਮੁਖੀਆਂ ਦੀ ਕਰੀਬੀ ਰਿਲਾਇੰਸ ਕੰਪਨੀ 'ਤੇ ਨਿਸ਼ਾਨਾ ਸੇਧਿਆ ਹੈ। ਮਾਕਪਾ ਤੇ ਭਾਕਪਾ ਸਮੇਤ ਬਾਕੀ ਖੱਬੀਆਂ ਪਾਰਟੀਆਂ ਨੇ ਵੀ ਕਿਸਾਨਾਂ ਦੀ ਜ਼ਮੀਨ ਜਬਰੀ ਅਕਵਾਇਰ ਕਰਨ ਵਿਰੁੱਧ ਸੰਘਰਸ਼ ਤੇਜ਼ ਕੀਤਾ ਹੈ। ਭਾਜਪਾ ਦੀ ਰੈਲੀ 'ਚ ਜਿਸ ਤਰ੍ਹਾਂ ਅਟਲ ਬਿਹਾਰੀ ਵਾਜਪਾਈ ਤੋਂ ਲੈ ਕੇ ਨੀਚੇ ਤੱਕ ਸਭ ਨੇਤਾਵਾਂ ਨੇ

ਕਾਨੂੰਨ ਵਿਵਸਥਾ ਦੇ ਨਾਲ-ਨਾਲ ਕਿਸਾਨਾਂ ਦੀ ਦੁਰਦਸ਼ਾ ਦਾ ਬਿਆਨ ਕੀਤਾ। ਉਸ ਤੋਂ ਸਾਫ਼ ਹੋ ਰਿਹਾ ਸੀ ਕਿ ਉਨ੍ਹਾਂ ਨੂੰ ਕਿਸਾਨਾਂ ਦੀ ਸੁੱਧ ਆ ਰਹੀ ਹੈ।

ਕਾਂਗਰਸ ਦੇ ਨਵੇਂ ਸਟਾਰ ਪ੍ਰਚਾਰਕ ਰਾਹੁਲ ਗਾਂਧੀ ਨੇ ਵੀ ਜਦ ਲੋਕ ਸਭਾ 'ਚ ਮੂੰਹ ਖੋਲ੍ਹਿਆ ਤਾਂ ਪਹਿਲੀ ਵਾਰੀ ਗੰਨਾ ਕਿਸਾਨਾਂ ਦੇ ਦੁਖ-ਦਰਦ 'ਤੇ ਮਗਰਮੱਛ ਦੇ ਹੰਝੂ ਵਹਾਏ। ਇਹ ਨਹੀਂ ਕਾਂਗਰਸ ਬੁਦੇਲਖੰਡ ਦੇ ਕਿਸਾਨਾਂ ਦੀ ਆਤਮ ਹੱਤਿਆ ਦੇ ਮੁੱਦੇ 'ਤੇ ਵੀ ਮੁਲਾਇਮ ਨੂੰ ਘੇਰੇਗੀ। ਮੁਲਾਇਮ ਸਿੰਘ ਪਾਸ ਕਿਸਾਨਾਂ ਲਈ ਕੀਤੇ ਐਲਾਨਾਂ ਤੇ ਕੰਮਾਂ ਦਾ ਅੰਬਾਰ ਹੀ ਹੈ। ਸੂਬੇ ਦੀ ਰਾਜਨੀਤੀ ਦਾ ਬਹੁਤ ਵੱਡਾ ਹਿੱਸਾ ਗੰਨੇ ਦੀ ਸਮਰਥਨ ਕੀਮਤ ਮਿੱਥਣ 'ਤੇ ਨਿਰਭਰ ਕਰਦਾ ਹੈ। ਮੁਲਾਇਮ ਲਈ ਇਸ ਰਾਜਨੀਤੀ 'ਚ ਬਾਜ਼ੀ ਮਾਰਨ ਦੀ ਵਜ੍ਹਾ ਗੰਨਾ ਕੀਮਤਾਂ 'ਚ ਇਸ ਸਾਲ ਤੀਜੀ ਵਾਰ ਲਗਾਤਾਰ ਵਾਧਾ ਹੈ।

ਇਸ ਤੋਂ ਇਲਾਵਾ ਗੰਨਾ ਕਿਸਾਨਾਂ ਦੇ ਪੁਰਾਣੇ ਭੁਗਤਾਨ ਨਿਬੇੜਨ ਵੀ ਉਹ ਆਪਣੀ ਪ੍ਰਾਪਤੀ ਦਰਸਾ ਰਹੇ ਹਨ। ਵਰਨਣਯੋਗ ਹੈ ਕਿ ਇਸ ਸਾਲ ਗੰਨਾ ਮੁੱਲ 'ਚ 10 ਰੁਪਏ ਦਾ ਵਾਧਾ ਹੋਇਆ ਹੈ ਹੁਣ ਸੂਬੇ 'ਚ ਗੰਨੇ ਦੀ ਅਗੇਤੀ ਕਿਸਮ ਦਾ ਮੁੱਲ 130 ਰੁਪਏ ਅਤੇ ਪਿਛੇਤੀ ਕਿਸਮ ਦਾ ਮੁੱਲ 122.50 ਰੁਪਏ ਨਿਰਧਾਰਤ ਕੀਤਾ ਗਿਆ ਹੈ। ਫੇਰ ਵੀ ਸੂਬੇ 'ਚ ਆਪਣੀ ਥਾਂ ਤਲਾਸ਼ ਰਹੇ ਜਦ (ਯੂ) ਦੇ ਸ਼ਰਦ ਪਵਾਰ ਹੋਣ ਜਾਂ ਮੁਲਾਇਮ ਦੇ ਸਹਿਯੋਗੀ ਰਹੇ ਰਾਲੋਦ ਦੇ ਅਜੀਤ ਸਿੰਘ, ਸਰਕਾਰ ਤੇ ਗੰਨਾ ਮਾਲਕਾਂ ਦੇ ਪੱਖ 'ਚ ਕੰਮ ਕਰਨ ਦਾ ਦੋਸ਼ ਲਾਉਂਦੇ ਹਨ।

ਧਨੀ ਕਿਸਾਨ ਆਗੂ ਮਹਿੰਦਰ ਸਿੰਘ ਟਿਕੈਤ ਅਨੁਸਾਰ 'ਮੁਲਾਇਮ ਸਿੰਘ ਨੇ ਕਿਸਾਨਾਂ ਦੇ ਹਿੱਤਾਂ ਨੂੰ ਗੰਨਾ ਮਿੱਲ ਮਾਲਕਾਂ ਦੇ ਹੱਥਾਂ 'ਚ ਵੇਚ ਦਿੱਤਾ ਹੈ।" ਹਾਲਾਂਕਿ ਸਰਕਾਰ ਦੀ ਨਵੀਂ ਚੀਨੀ ਨੀਤੀ ਨੇ ਸੂਬੇ 'ਚ 3730 ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਦੇ ਨਾਲ ਹੀ 28 ਨਵੀਆਂ ਮਿੱਲਾਂ ਖੋਲ੍ਹ ਕੇ ਕਿਸਾਨਾਂ ਨੂੰ ਰਾਹਤ ਦਿਵਾਉਣ 'ਚ ਕਾਮਯਾਬੀ ਹਾਸਲ ਕੀਤੀ ਹੈ। ਪਰ ਇਸ ਹਕੀਕਤ ਤੋਂ ਵੀ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਨਵੀਂ ਨੀਤੀ ਨਾਲ ਗੰਨਾ ਕਿਸਾਨਾਂ ਦੇ ਲਾਭ ਤੋਂ ਕਈ ਗੁਣਾ ਵੱਧ ਲਾਭ ਮਿੱਲ ਮਾਲਕਾਂ ਦੇ ਹੱਥ ਲੱਗਿਆ ਹੈ।

ਨੀਤੀ ਦੇ ਮਸੌਦਿਆਂ ਦਾ ਨਿਰਪੱਖ ਮੁਲਅੰਕਣ ਕਰੀਏ ਤਾਂ ਸਾਫ਼ ਹੋ ਜਾਂਦਾ ਹੈ ਕਿ ਪੰਜ ਸਾਲਾਂ ਲਈ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ 'ਤੇ ਪ੍ਰਤੀ ਪੂਰਤੀ ਨਿਵੇਸ਼ ਦੀ ਧਨ ਰਾਸ਼ੀ ਦੇ ਬਰਾਬਰ ਬੈਠਦੀ ਹੈ। ਗੰਨਾ ਕਿਸਾਨਾਂ ਨੂੰ ਵੱਡੀ ਕੀਮਤ ਦੇ ਕੇ ਭਾਵੇਂ ਹੀ ਸਰਕਾਰ ਆਪਣੇ ਆਪ ਨੂੰ ਸ਼ਾਬਾਸ਼ ਦੇਵੇ ਪਰ ਹਕੀਕਤ ਇਹ ਹੈ ਕਿ ਅਜੇ ਵੀ ਗੰਨੇ ਦਾ ਮੁੱਲ ਲਾਗਤ ਕੀਮਤ ਦੇ ਮੁਕਾਬਲੇ ਬਹੁਤ ਘੱਟ ਹੈ। ਸ਼ਾਇਦ ਖੇਤੀ ਅਜੇ ਇਕੱਲਾ ਹੀ ਧੰਦਾ ਹੋਵੇਗੀ ਜਿੱਥੇ ਸਮਰਥਨ ਮੁੱਲ ਦਾ ਨਿਰਧਾਰਨ ਵੀ ਹਮੇਸ਼ਾ ਲਾਗਤ ਮੁੱਲ ਤੋਂ ਘੱਟ ਤੈਅ ਕੀਤਾ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਖੇਤੀ ਮਹਿਕਮੇ ਦੀ ਰਿਪੋਰਟ ਮੁਤਾਬਕ ਇੱਕ ਹੇਕਟੇਅਰ ਜ਼ਮੀਨ 'ਚ ਤਕਰੀਬਨ 27 ਕੁਇੰਟਲ ਕਣਕ ਪੈਦਾ ਹੁੰਦੀ ਹੈ। ਅੱਜ ਕਣਕ ਦੀ ਲਾਗਤ ਪ੍ਰਤੀ ਕੁਇੰਟਲ 910 ਰੁਪਏ ਬੈਠਦੀ ਹੈ। ਜਦੋਂ ਕਿ ਸਰਕਾਰੀ ਖਰੀਦ (ਲੇਵੀ) ਦਾ ਮੁੱਲ 700 ਰੁਪਏ ਹੈ।

ਇਹ ਸਵਾਲ ਪੈਦਾ ਹੁੰਦਾ ਹੈ ਕਿ ਅਜਿਹੇ 'ਚ ਕਿਸਾਨ ਜ਼ਿੰਦਾ ਕਿਵੇਂ ਹਨ? ਉਹ ਆਪਣੀ ਮਿਹਨਤ ਦਾ ਮੁੱਲਅੰਕਣ ਕਰਨ ਦੀ ਬਜਾਏ ਕਿਸਮਤ ਦੇ ਭਰੋਸੇ ਭਵਿੱਖ

ਨਿਰਧਾਰਤ ਕਰਦਾ ਹੈ। ਸਿਰਫ਼ ਕਣਕ ਹੀ ਨਹੀਂ ਖੇਤੀ ਦੀ ਹਰ ਵਸਤ ’ਤੇ ਕਿਸਾਨਾਂ ਦੀ ਲਾਗਤ ਤੱਕ ਦਾ ਨਿਕਲਣਾ ਮੁਸ਼ਕਲ ਹੈ। ਇਹ ਚੁਣੌਤੀ ਨਾਲ ਕਿਵੇਂ ਨਿਪਟਿਆ ਜਾਵੇ? ਰਾਜਸੀ ਇੱਛਾ ਸ਼ਕਤੀ ਨਾ ਹੋਣ ਕਰਕੇ 1947 ਤੋਂ ਪਿੱਛੋਂ ਕਿਸਾਨਾਂ ਨੂੰ ਸਿਰਫ਼ ਵੋਟਾਂ ਦੇ ਰੂਪ ’ਚ ਹੀ ਦੇਖਿਆ ਗਿਆ ਹੈ। ਲਾਗਤ ਘਾਟੇ ਤਾਂ ਹੀ ਕਿਸਾਨ ਬਚ ਸਕੇਗਾ। ਡੀਜ਼ਲ ਦੀਆਂ ਵਧਦੀਆਂ ਕੀਮਤਾਂ, ਮਹਿੰਗੀ ਖਾਦ ਤੇ ਸੋਕੇ ਦੀ ਮਾਰ ਦੇ ਚਲਦਿਆਂ ਸ਼ਾਇਦ ਹੀ ਕੋਈ ਕਿਸਾਨ ਅਜਿਹਾ ਹੋਵੇ ਜਿਸ ਨੂੰ ਕਰਜ਼ੇ, ਭੁੱਖਮਰੀ, ਮੰਦਹਾਲੀ, ਅਨਪੜ੍ਹਤਾ ਤੇ ਬਿਮਾਰੀਆਂ ਨਾਲ ਨਾ ਲੜਨਾ ਪੈਂਦਾ ਹੋਵੇ।

ਸਿੱਟੇ ਵਜੋਂ ਖੇਤੀ ਤੋਂ ਕਿਸਾਨਾਂ ਦਾ ਮੋਹ ਭੰਗ ਹੋਣ ਲੱਗਿਆ ਹੈ। ਇਕੱਲੇ ਲਖਨਊ ’ਚ ਪਿਛਲੇ ਦਸ ਸਾਲਾਂ ’ਚ ਪੰਜਾਹ ਹਜ਼ਾਰ ਕਿਸਾਨਾਂ ਦੀ ਗਿਣਤੀ ਘਟੀ ਹੈ। ਰਾਜ ’ਚ ਜਾਰੀ ਹੋਏ ਅੰਕੜਿਆਂ ਮੁਤਾਬਕ ਲਖਨਊ ਜ਼ਿਲੇ ’ਚ ਸਾਲ 2001 ’ਚ ਕੁੱਲ 189.279 ਕਿਸਾਨ ਮਿਲੇ ਜਦੋਂ ਕਿ 1991 ’ਚ ਇਹ ਗਿਣਤੀ 2,35,538 ਸੀ। ਕੁਸ਼ੀਨਗਰ ਤੋਂ ਲੈ ਕੇ ਗਾਜ਼ੀਆਬਾਦ ਤੱਕ ਕਿਸਾਨ ਖਾਦ ਲਈ ਸੜਕੀ ਆਵਾਜਾਈ ਜਾਮ ਕਰ ਰਹੇ ਹਨ। ਗੋਰਖਪੁਰ ਦੇ ਪਿਪਰਾਇਚ ਬਲਾਕ ਦੇ ਕਿਸਾਨ ਕਹਿੰਦੇ ਹਨ ਕਿ ‘ਕਣਕ ਦਾ ਬੀਜ 12 ਦਾ ਥਾਂ 15 ਰੁਪਏ ਕਿਲੋ ਖਰੀਦਿਆ ਸੀ। ਜਦ ਕਿ 258 ਰੁਪਏ ਵਾਲੀ ਯੂਰੀਆ 360 ’ਚ ਖਰੀਦਣੀ ਮਜਬੂਰੀ ਹੈ। ਹਾਲ ਬੁਰੇ ਹਨ, ਖੇਤੀ ਛੱਡ ਕੇ ਮਜ਼ਦੂਰੀ ਕਰਨਾ ਹੀ ਇੱਕੋ-ਇੱਕ ਬਦਲ ਨਜ਼ਰ ਆ ਰਿਹੈ।

ਨੈਸ਼ਨਲ ਸੈਂਪਲ ਸਰਵੇ ਮੁਤਾਬਕ 46 ਫੀਸਦੀ ਜ਼ਮੀਨ ਤੋਂ ਆਪਣਾ ਰਿਸ਼ਤਾ ਤੋੜਨਾ ਚਾਹੁੰਦੇ ਹਨ। ਜਲ ਸੰਕਟ ਤੇ ਬਿਜਲੀ ਦੇ ਕਟੌਤੀ ਨਾਲ ਜੂਝ ਰਹੇ ਕਿਸਾਨਾਂ ’ਤੇ ਇੱਕ-ਇੱਕ ਕਰਕੇ ਸੰਕਟ ਵਧਦੇ ਜਾ ਰਹੇ ਹਨ। ਜੀ. ਐੱਮ. ਯਾਨੀ ਜੀਨ ਸੋਧਿਤ ਬੀਜਾਂ ਦੀ ਮਾਰ ਨੇ ਕਿਸਾਨਾਂ ’ਤੇ ਇੱਕ-ਇੱਕ ਕਰਕੇ ਸੰਕਟ ਵਧਦੇ ਜਾ ਰਹੇ ਹਨ। ਜੀ. ਐੱਮ. ਯਾਨੀ ਜੀਨ ਸੋਧਿਤ ਬੀਜਾਂ ਦੀ ਮਾਰ ਨੇ ਕਿਸਾਨਾਂ ਦੀ ਪ੍ਰੇਸ਼ਾਨੀ ਵੱਖਰੀ ਹੀ ਵਧਾ ਰੱਖੀ ਹੈ। ਗੋਰਖਪੁਰ ਤੇ ਇਲਾਹਾਬਾਦ ’ਚ ਹੋਏ ਪ੍ਰਯੋਗਾਂ ’ਤੇ ਇਤਰਾਜ਼ ਇਸ ਹੱਦ ਤੱਕ ਉਠੇ ਹਨ ਕਿ ਬਹੁਕੌਮੀ ਕੰਪਨੀਆਂ ਨੇ ਪ੍ਰਯੋਗ ਦੇ ਤੌਰ ’ਤੇ ਉਗਾਈ ਕੱਚੀ ਫਸਲ ਰਾਤੋ ਰਾਤ ਕੱਟ ਲਈ। ਭਾਰਤ ਤੋਂ ਇਕੱਲੇ 300 ਕਰੋੜ ਰੁਪਏ ਦੇ ਬਾਸਮਤੀ ਚਾਵਲਾਂ ਦੀ ਬਰਾਮਦ ਹੁੰਦੀ ਹੈ। ਜੀ. ਐੱਮ. ਬੀਜ ਅਪਣਾਉਣ ਦੀ ਨੀਤੀ ਉਸ ਨੂੰ ਨਿਗਲ ਜਾਵੇਗੀ।

ਉੱਤਰ ਪ੍ਰਦੇਸ਼ ’ਚ ਕਿਸਾਨ ਪੁੱਤਰ ਤੇ ਧਰਤੀ ਪੁੱਤਰ ਕਿਸਾਨਾਂ ਦਾ ਹੜ੍ਹ ਜਿਹਾ ਹੈ। ਕਿਸਾਨ ਪੁੱਤਰ ਰਾਜਨਾਥ ਦੇ ਜ਼ਮਾਨੇ ਤੋਂ ਲੈ ਕੇ ਕੇਂਦਰੀ ਖੇਤਰੀ ਮੰਤਰੀ ਤੱਕ ਦੇ ਉਨ੍ਹਾਂ ਦੇ ਕਾਰਜਕਾਲ ’ਚ ਕਿਸਾਨਾਂ ਦੀ ਹਾਲਤ ’ਚ ਕੋਈ ਸੁਧਾਰ ਨਹੀਂ ਹੋਇਆ। ਧਰਤੀ ਪੁੱਤਰ ਮੁਲਾਇਮ ਸਿੰਘ 20 ਦਸੰਬਰ 2005 ਨੂੰ ਜਾਰੀ ਸਰਕਾਰੀ ਖੇਤੀ ਨੀਤੀ ’ਚ ਡਾ. ਰਾਮ ਮਨੋਹਰ ਲੋਹੀਆ ਦੀ ‘ਸੰਪਤਕ੍ਰਾਂਤੀ’ ਦੇ ਨਾਲ ਹੀ ਨਾਲ ਵਿਕਾਸ ਦਰ ਨੂੰ 1.5 ਫੀਸਦੀ ਤੋਂ ਵਧਾ ਕੇ 4 ਫੀਸਦੀ ਸਾਲਾਨਾ ਕਰਨ ਦਾ ਟੀਚਾ ਰੱਖਿਆ ਹੈ। ਪਰ ਨਵੀਂ ਨੀਤੀ ਦੇ ਤਹਿਤ ਖੇਤੀ ਉਤਪਾਦਾਂ ਦੀ ਬਰਾਂਡਿੰਗ ਕੌਮਾਂਤਰੀ ਬਾਜ਼ਾਰ ’ਚ ਹਿੱਸੇਦਾਰ ਬਹੁਕੌਮੀ ਕੰਪਨੀਆਂ ਨਾਲ ਕਿਸਾਨਾਂ ਦੇ ਸਮਝੌਤੇ ਦ ਆਧਾਰ ’ਤੇ ਖੇਤੀ (ਕਾਂਟਰੈਕਟਰ ਫਾਰਮਿੰਗ) ਕਰਨ ਦੇ ਮੁੱਦੇ ਨੇ ਧਰਤੀ ਪੁੱਤਰ ਦੇ ਖਿਲਾਫ ਕਿਸਾਨਾਂ ਦੇ ਹੀ ਨਹੀਂ ਮਜ਼ਦੂਰ ਸੰਗਠਨਾਂ ਨੂੰ ਵੀ ਸੰਘਰਸ਼ਸ਼ੀਲ ਕਰ ਦਿੱਤਾ ਹੈ।

ਉੱਤਰ ਪ੍ਰਦੇਸ਼ ਮੰਡੀ ਪ੍ਰੀਸ਼ਦ ਕਰਮਚਾਰੀ ਸੰਘ ਦੇ ਪ੍ਰਧਾਨ ਆਰ. ਕੇ. ਨਿਗਮ ਕਹਿੰਦੇ ਹਨ, "ਸਰਕਾਰ ਦੀ ਨੀਅਤ ਕਿਸਾਨ ਨੂੰ ਪੂੰਜੀਪਤੀਆਂ ਤੇ ਬਹੁਕੌਮੀ ਕੰਪਨੀਆਂ ਦੇ ਹਵਾਲੇ ਕਰਨ ਦੀ ਸੀ ਪਰ ਅਸੀਂ ਲੋਕ ਵੀ ਅੜੇ ਰਹੇ। ਸਿੱਟੇ ਵਜੋਂ ਸਰਕਾਰ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨਾ ਪਿਆ।" ਇਹੀ ਨਹੀਂ ਕੰਟਰੈਕਟ ਫਾਰਮਿੰਗ ਦੇ ਸਵਾਲ 'ਤੇ ਤਾਂ ਸਰਕਾਰ ਨੂੰ ਆਪਣੇ ਕਦਮ ਪਿੱਛੇ ਖਿੱਚਦਿਆਂ ਮੰਤਰੀ ਪ੍ਰੀਸ਼ਦ ਦੀ ਉਪਸਮਿਤੀ ਬਣਾ ਕੇ ਉਸ ਨੂੰ ਠੰਢੇ ਬਸਤੇ 'ਚ ਪਾਉਣ ਦਾ ਨਾਟਕ ਕਰਨਾ ਪਿਆ। ਨੀਤੀ ਕਿਸਾਨ ਕੇਂਦਰਤ ਨਾ ਹੋ ਕੇ ਉਤਪਾਦਨ ਆਧਾਰਤ ਹੈ, ਖੇਤੀ ਨੂੰ ਵਪਾਰ ਵਜੋਂ ਵੇਖਿਆ ਜਾ ਰਿਹਾ ਹੈ। ਕਿਸਾਨਾਂ ਦੇ ਹੱਥਾਂ 'ਚੋਂ ਨਿਕਲ ਕੇ ਮਾਲਕੀ ਬਾਜ਼ਾਰ ਦੇ ਹੱਥਾਂ 'ਚ ਜਾਂਦੀ ਦਿਸ ਰਹੀ ਹੈ। ਖੇਤੀ ਨੂੰ ਕਾਰਪੋਰੇਟ ਸੈਕਟਰ ਦੇ ਹੱਥ ਸੌਂਪਣ ਦੀ ਤਿਆਰੀ ਲਈ ਸਰਕਾਰ ਬੇਚੈਨ ਹੈ। ਕਿਸਾਨਾਂ ਨੂੰ ਉਪਜ ਦੀ ਵਾਜਬ ਕੀਮਤ ਦਿਵਾਉਣ ਲਈ ਸੂਬੇ 'ਚ ਖੋਲ੍ਹੇ ਜਾ ਰਹੇ ਚਾਰ ਅਤਿ-ਆਧੁਨਿਕ ਹਾਂਟ ਤੇ ਐਗਰੀਮਾਰਟ ਵਾਰੇ ਤਾਂ ਕਿਹਾ ਜਾ ਰਿਹਾ ਹੈ ਕਿ ਇਹ ਪੇਂਡੂ ਖੇਤਰਾਂ 'ਚ ਈਸਟ ਇੰਡੀਆ ਕੰਪਨੀ ਦਾ ਦੂਜਾ ਰੂਪ ਹੈ। ਮੁਕਤ ਮੰਡੀ ਦੇ ਸਿੱਟੇ ਆਉਣੇ ਅਜੇ ਬਾਕੀ ਹਨ।

ਸੂਬੇ 'ਚ ਕਿਸਾਨਾਂ ਦੀ ਔਸਤ, ਭੂਮੀਜੋਤ ਦਾ ਆਕਾਰ 0.9 ਹੈਕਟੇਅਰ ਹੈ ਜੋ ਖੇਤੀ ਉੱਨਤੀ 'ਚ ਇੱਕ ਮੁੱਖ ਅੜਿੱਕਾ ਹੈ। 73 ਫੀਸਦੀ ਤੋਂ ਵੱਧ ਕਿਸਾਨ ਦਰਮਿਆਨੇ ਹਨ। ਇੱਕ ਹੇਕਟੇਅਰ ਜੋਤਾਂ ਵਾਲੇ ਕਿਸਾਨਾਂ ਦੀ ਫੀਸਦੀ 15 ਹੈ। ਬੈਂਕ ਛੋਟੇ ਕਿਸਾਨਾਂ ਨੂੰ ਕਰਜ਼ਾ ਦੇਣ ਤੋਂ ਟਾਲਾ ਵੱਟ ਰਹੇ ਹਨ। ਪੰਜਾਹ ਫੀਸਦੀ ਕਿਸਾਨਾਂ ਨੂੰ ਹੀ ਕਿਸਾਨ ਕਰੈਡਿਟ ਕਾਰਡ ਨਸੀਬ ਹੋਏ ਹਨ। ਟੀਚਾ ਸਿਰਫ 53 ਫੀਸਦੀ ਹੀ ਹਾਸਲ ਹੋਇਆ ਹੈ। 24 ਲੱਖ ਕਿਸਾਨਾਂ ਨੂੰ ਕਾਰਡ ਦੇਣੇ ਸਨ ਪਰ 12.9 ਲੱਖ ਕਿਸਾਨਾਂ ਨੂੰ ਹੀ ਦਿੱਤੇ ਗਏ। ਸਹਿਕਾਰੀ ਬੈਂਕ ਨੇ 95% ਟੀਚਾ ਹਾਸਲ ਕੀਤਾ ਹੈ। ਕਾਰਡਾਂ ਦੀ ਦੁਰਵਰਤੋਂ ਵੀ ਹੋ ਰਹੀ ਹੈ। ਫਿਲਹਾਲ ਉੱਤਰ ਪ੍ਰਦੇਸ਼ 'ਚ ਕਿਸਾਨ ਏਜੰਡਾ ਬਣ ਗਿਆ ਹੈ ਤੇ ਕਿਸਾਨੀ ਨਾਲ ਜੁੜੇ ਸਵਾਲਾਂ 'ਤੇ ਸੰਘਰਸ਼ ਸ਼ੁਰੂ ਹੋ ਗਿਆ ਹੈ। ਰਾਜਨੀਤੀ ਫਿਰ ਪਿੰਡ ਮੁਖੀ ਹੋ ਗਈ ਹੈ। ਗਾਂ, ਬਲਦ, ਹਲ, ਕਿਸਾਨ, ਖੇਤ ਵਰਗੇ ਸ਼ਬਦ ਨੇਤਾ ਅਕਸਰ ਬੋਲਦੇ ਹਨ। ਦੇਖੋ! ਊਠ ਕਿਸ ਕਰਵਟ ਬੈਠਦਾ ਹੈ।

# .ਗਰੀਬ ਬੱਚੇ ਹੁਣ ਕੂਪਨਾ ਦੇ ਹਵਾਲੇ

ਜੇ ਤੁਸੀਂ ਗਰੀਬ ਹੋ ਤੇ ਆਪਣੇ ਬੱਚੇ ਨੂੰ ਪੜ੍ਹਾਉਣਾ ਚਾਹੁੰਦੇ ਹੋ ਪਰ ਤੁਹਾਡੇ ਇਲਾਕੇ 'ਚ ਕੋਈ ਸਰਕਾਰੀ ਸਕੂਲ ਨਹੀਂ ਹੈ ਜਾਂ ਉਹ ਚੰਗਾ ਨਹੀਂ ਹੈ ਤਾਂ ਫਿਕਰ ਕਰਨ ਦੀ ਲੋੜ ਨਹੀਂ। ਤੁਹਾਡੀ ਸਮੱਸਿਆ ਹੱਲ ਕਰਨ ਦਾ ਇਕ 'ਸ਼ਾਨਦਾਰ' ਤਰੀਕਾ ਲੱਭ ਲਿਆ ਹੈ ਅਤੇ ਜੇ ਯੋਜਨਾ ਕਮਿਸ਼ਨ ਦੀ ਚੱਲੀ ਤਾਂ ਜਲਦੀ ਹੀ ਇਸ ਨੂੰ ਅਮਲੀ ਜਾਮਾ ਵੀ ਪਹਿਨਾ ਦਿੱਤਾ ਜਾਵੇਗਾ। ਯੋਜਨਾ ਕਮਿਸ਼ਨ ਨੇ ਆਪਣੇ ਅਪਰੋਚ ਪੇਪਰ 'ਚ ਸਿੱਖਿਆ 'ਚ ਵਾਊਚਰ ਪ੍ਰਣਾਲੀ ਸ਼ੁਰੂ ਕਰਲ ਦੀ ਗੱਲ ਹੋ ਰਹੀ ਹੈ ਜੋ ਸਰਕਾਰ ਗਰੀਬ ਬੱਚਿਆਂ ਦੇ ਮਾਪਿਆਂ ਨੂੰ ਦੇਵੇਗੀ ਅਤੇ ਇਨ੍ਹਾਂ ਨੂੰ ਵਿਖਾ ਕੇ ਉਹ ਨਿੱਜੀ ਸਕੂਲਾਂ 'ਚ ਆਪਣੇ ਬੱਚਿਆਂ ਨੂੰ ਦਾਖਲਾ ਦਵਾ ਸਕਣਗੇ। ਪਿੰਡਾਂ 'ਚ ਕੀ ਹੋਵੇਗਾ ਜਿੱਥੇ ਨਿਜੀ ਸਕੂਲ ਹੈ ਹੀ ਨਹੀਂ ਹਨ? ਉਥੇ ਇਨ੍ਹਾਂ ਕੂਪਨਾਂ ਦੇ ਲਾਲਚ 'ਚ ਨਿੱਜੀ ਸਕੂਲ ਖੋਲ੍ਹਣ ਵਾਲੇ ਆਉਣਗੇ ਤੇ ਇਸ ਤਰ੍ਹਾਂ ਗਰੀਬ ਬੱਚਿਆਂ ਦਾ 'ਕਲਿਆਣ' ਹੋਣਾ ਯਾਨੀ ਗਰੀਬ ਬੱਚਿਆਂ ਨੂੰ ਪੜ੍ਹਨ ਲਈ ਨਿੱਜੀ ਸਕੂਲਾਂ ਦਾ ਪੂਰਾ ਬਜ਼ਾਰ ਤਿਆਰ ਕਰਨਾ। ਜੋ ਗੱਲ ਸਿੱਧੀ ਇਸ ਯੋਜਨਾ 'ਚ ਨਹੀਂ ਕਹੀ ਜਾਂਦੀ ਉਹ ਇਹ ਹੈ ਕਿ ਹੁਣ ਸਰਕਾਰ ਸਕੂਲ ਨਹੀਂ ਖੋਹਲੇਗੀ ਬਲਕਿ ਇਨ੍ਹਾਂ ਵਾਊਚਰਾਂ ਦੇ ਜ਼ਰੀਏ ਨਿਜੀ ਸਕੂਲਾਂ ਦੀ ਦੁਕਾਨ 'ਚ ਗਰੀਬ ਮਾਪਿਆਂ ਨੂੰ ਗਾਹਕ ਬਣਾ ਕੇ ਭੇਜੇਗੀ। ਵਾਊਚਰ ਜਾਂ ਕੂਪਨ ਦੇ ਜ਼ਰੀਏ ਸਰਕਾਰ ਉਨੇ ਹੀ ਪੈਸੇ ਵੰਡੇਗੀ ਜਿੰਨੇ ਵੀ ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ ਹਰੇਕ ਬੱਚੇ 'ਤੇ ਖਰਚ ਕਰਦੀ ਹੈ। ਯੋਜਨਾ ਕਮਿਸ਼ਨ ਦਾ 11ਵੀਂ ਪੰਜ ਸਾਲਾ ਯੋਜਨਾ ਲਈ ਤਿਆਰ ਕੀਤੇ ਗਏ ਅਪਰੋਚ ਪੇਪਰ 'ਚ ਬਹੁਤ ਸੰਖੇਪ ਰੂਪ 'ਚ ਇਸ ਯੋਜਨਾ ਬਾਰੇ ਨਾ ਸਿਰਫ ਚਰਚਾ ਕੀਤੀ ਗਈ ਹੈ ਬਲਕਿ ਇਸ ਨੂੰ ਸਿੱਖਿਆ ਜਗਤ 'ਚ 'ਬਰਾਬਰੀ ਤੇ ਗੁਣਵਣਤਾ' ਲਿਆਉਣ ਵਾਲਾ ਦੱਸਿਆ ਗਿਆ ਹੈ ਹਾਲਾਂਕਿ ਇਸ ਵਿਚ ਵੀ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ 'ਜਿੱਥੇ ਨਿੱਜੀ ਸਕੂਲਾਂ ਦੀ ਸਪਲਾਈ ਲੋੜੀਂਦੀ ਹੈ' ਉਥੇ ਇਹ ਸਕੀਮ ਕੰਮ ਕਰ ਸਕਦੀ ਹੈ ਯਾਨੀ ਇਹ ਮੰਨਿਆ ਗਿਆ ਹੈ ਕਿ ਬਹੁਤ ਸਾਰੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਨਿਜੀ ਸਕੂਲ ਨਹੀਂ ਜਾਣਗੇ ਤੇ ਉਥੇ ਆਸਰਾ ਸਰਕਾਰੀ ਸਕੂਲਾਂ ਦਾ ਹੀ ਤੱਕਣਾ ਪੈਣਾ ਹੈ। ਇਸ ਯੋਜਨਾ ਨੂੰ ਇਉਂ ਸਮਝਿਆ ਜਾ ਸਕਦਾ ਹੈ:

* ਗ਼ਰੀਬ ਆਦਮੀ ਨੂੰ ਸਰਕਾਰ ਸਿੱਖਿਆ ਖਰੀਦਣ ਲਈ ਗਰਾਂਟ ਦੇ ਰੂਪ ਵਿਚ ਕੂਪਨ ਫੜਾ ਦੇਵੇਗੀ। ਇਹ ਇਕ ਤਰ੍ਹਾਂ ਦਾ ਡਿਮਾਂਡ ਡਰਾਫਟ ਹੋਵੇਗਾ।
* ਇਸ ਕੂਪਨ ਨੂੰ ਉਹ ਨਿੱਜੀ ਸਕੂਲਾਂ 'ਚ ਵਿਖਾਕੇ ਆਪਣੇ ਬੱਚੇ ਨੂੰ ਉਸ ਵਿਚ ਦਾਖਲਾ ਦਿਵਾ ਦੇਵੇਗਾ।
* ਜਿਨ੍ਹਾਂ ਇਲਾਕਿਆਂ 'ਚ ਇਹ ਕੂਪਨ ਹੋਣਗੇ ਉਥੇ ਨਿਜੀ ਸਕੂਲ ਇਨ੍ਹਾਂ ਦੇ ਲਾਲਚ 'ਚ ਆਪਣੀਆਂ ਬਰਾਂਚਾਂ ਖੋਹਲਣਗੇ ਤੇ ਇਸ ਤਰ੍ਹਾਂ ਨਾਲ ਸਿੱਖਿਆ ਦਾ ਬਾਜ਼ਾਰ ਫੈਲੇਗਾ।
* ਇਨ੍ਹਾਂ ਕੂਪਨਾਂ ਦੀ ਸ਼ਕਤੀ ਦੀ ਵਰਤੋਂ ਕਰਕੇ ਗ਼ਰੀਬ ਮਾਪੇ ਜਾਗਰੂਕ ਖਪਤਕਾਰਾਂ ਵਾਂਗੂੰ ਆਪਣੇ ਬੱਚਿਆਂ ਲਈ ਬੇਹਤਰ ਸਿੱਖਿਆ ਖ਼ਰੀਦ ਸਕਣਗੇ।

* ਗ਼ਰੀਬ ਬੱਚਿਆਂ ਦੀ ਸਰਕਾਰੀ ਸਕੂਲਾਂ ਤੇ ਨਿਰਭਰਤਾ ਘਟੇਗੀ ਤੇ ਨਵੇਂ ਸਕੂਲ ਖੋਹਲਣ ਤੇ ਝੰਜਟ ਤੋਂ ਸਰਕਾਰ ਵੀ ਆਜ਼ਾਦ ਹੋ ਜਾਵੇਗੀ।

ਆਖ਼ਰ ਸਰਕਾਰ ਕਿਉਂ ਆਪਣੀ ਜ਼ਿੰਮੇਵਾਰੀ ਤੋਂ ਬਚਣਾ ਚਾਹੁੰਦੀ ਹੈ? ਸਰਕਾਰੀ ਸਕੂਲਾਂ ਦੀ ਖਸਤਾ ਹਾਲਤ ਦਾ ਇਹ ਕੋਈ ਇਲਾਜ ਨਹੀਂ ਹੈ ਕਿਉਂਕਿ ਸਮਾਜ ਕਲਿਆਣ ਦਾ ਏਜੰਡਾ ਸਰਕਾਰ ਦਾ ਹੋਣਾ ਚਾਹੀਦਾ ਹੈ। ਇਸ ਲਈ ਨਿੱਜੀ ਖੇਤਰ ਤੇ ਅੱਜ ਤੱਕ ਦਬਾਅ ਨਹੀਂ ਬਣਾਇਆ ਜਾ ਸਕਿਆ ਹੈ। ਸਾਰੀਆਂ ਗੜਬੜਾਂ ਦੇ ਬਾਵਜੂਦ ਅੱਜ ਵੀ ਸਾਰੇ ਸਕੂਲ ਹੀ ਬੇਹਤਰ ਨਤੀਜੇ ਦੇ ਰਹੇ ਹਨ ਅਤੇ ਗ਼ਰੀਬ ਬੱਚਿਆਂ ਲਈ ਆਸਰਾ ਬਣੇ ਹੋਏ ਹਨ। ਜ਼ਰੂਰਤ ਇਸ ਪ੍ਰਬੰਧ ਨੂੰ ਹੋਰ ਬੇਹਤਰ ਬਣਾਉਣ ਦੀ ਹੈ ਨਾ ਕਿ ਇਸ ਨੂੰ ਪੂਰੀ ਤਰ੍ਹਾਂ ਅਪਾਹਜ ਬਣਾਉਣ ਦੀ। ਪਰ ਗ਼ਰੀਬ ਬੱਚਿਆਂ ਨੂੰ ਨਿੱਜੀ ਸਕੂਲ ਸਿੱਖਿਆ ਦੇਣ ਲਈ ਤਾਂ ਹੀ ਤਿਆਰ ਹੋਣਗੇ ਜੇ ਸਰਕਾਰ ਉਨ੍ਹਾਂ ਨੂੰ ਧਨ ਮੁਹੱਈਆ ਕਰਵਾਏਗੀ। ਪੈਸਾ ਸਰਕਾਰ ਤੇ ਸਿੱਖਿਆ ਵੇਚਣ ਦਾ ਕੰਮ ਨਿੱਜੀ ਸਕੂਲਾਂ ਦਾ ਇਹ ਕਿਵੇਂ ਜਾਇਜ਼ ਹੈ? ਇਹ ਪੂਰੀ ਤਰ੍ਹਾਂ ਨਾਲ ਸਿੱਖਿਆ ਦਾ ਵਪਾਰੀਕਰਨ ਹੈ ਤੇ ਹਰ ਹਾਲਤ 'ਚ ਗ਼ਰੀਬ ਵਿਰੋਧੀ ਹੈ। ਜੋ ਲੋਕ ਇਸ ਦਲੀਲ ਦੇ ਪੱਖ 'ਚ ਇਹ ਵਿਕਲਪ ਪੇਸ਼ ਕਰਦੇ ਹਨ ਕਿ ਜੇ ਇਕ ਕੰਪਨੀ ਦਾ ਮਾਲ ਅੱਛਾ ਨਹੀਂ ਤਾਂ ਖਪਤਕਾਰ ਦੂਜੀ ਕੰਪਨੀ ਦਾ ਮਾਲ ਖ਼ਰੀਦ ਲੈਂਦੇ ਹਨ। ਉਨ੍ਹਾਂ ਨੂੰ ਸ਼ਾਇਦ ਇਹ ਵੀ ਪਤਾ ਨਹੀਂ ਹੁੰਦਾ ਕਿ ਸਕੂਲ ਰੋਜ਼-ਰੋਜ਼ ਨਹੀਂ ਬਦਲੇ ਜਾਂਦੇ। ਇਕ ਵਾਰੀ ਸਕੂਲ 'ਚ ਦਾਖਲਾ ਲੈਣ ਪਿੱਛੋਂ ਘੱਟੋ-ਘੱਟ ਇਕ ਸਾਲ ਲਈ ਤਾਂ ਬੱਚਾ ਉਸ ਸਕੂਲ ਨਾਲ ਬੱਝ ਜਾਂਦਾ ਹੈ। ਇਸ ਹਾਲਤ 'ਚ ਆਜ਼ਾਦ ਵਿਕਲਪ ਦਾ ਪੂਰਾ ਤਰਕ ਹੀ ਗ਼ਲਤ ਸਾਬਤ ਹੋ ਜਾਂਦਾ ਹੈ। ਨਿੱਜੀ ਸਕੂਲਾਂ ਦੀਆਂ ਦੁਕਾਨਾਂ ਸਰਕਾਰੀ ਪੈਸਿਆਂ ਨਾਲ ਕਿਉਂ ਖੋਹਲੀਆਂ ਜਾਣ, ਇਸ ਦਾ ਜੁਆਬ ਕਿਸੇ ਕੋਲ ਨਹੀਂ ਹੈ। ਜੇ ਨਿੱਜੀ ਸਕੂਲ ਵਾਕਿਆ ਹੀ ਗ਼ਰੀਬ ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦੇ ਹਨ ਤਾਂ ਸਿੱਧਾ ਪੇਂਡੂ ਹਲਕਿਆਂ 'ਚ ਕਿਉਂ ਨਹੀਂ ਜਾਂਦੇ? ਇਸ ਸੁਨਹਿਰੀ ਧਾਰਨਾ ਦੀ ਹਕੀਕਤ ਲੱਭਣੀ ਅਤੀ ਜ਼ਰੂਰੀ ਹੈ ਇਸ ਸਬੰਧੀ ਸਿੱਖਿਆ ਸ਼ਾਸਤਰੀਆਂ ਦੀਆਂ ਕਈ ਵਾਜਬ ਚਿੰਤਾਵਾਂ ਹਨ।

* ਜਿਸ ਦੇਸ਼ 'ਚ ਭੁੱਖ ਪਿਆਸ ਮਿਟਾਉਣਾ ਹੀ ਅੱਧੀ ਤੋਂ ਵੱਧ ਆਬਾਦੀ ਲਈ ਮੁਸ਼ਕਲ ਹੋਵੇ ਉਥੇ ਇਸ ਤਰ੍ਹਾਂ ਦੇ ਕੂਪਨਾਂ ਦੀ ਕਾਲਾਬਜ਼ਾਰੀ ਹੋਣ ਦੀ ਪੂਰੀ ਤਰ੍ਹਾਂ ਸ਼ੱਕ ਹੈ। ਜਿਸ ਤਰ੍ਹਾਂ ਦਲਾਲ ਝੁੱਗੀਆਂ ਲਈ ਬੇਕਾਰ ਜ਼ਮੀਨ ਵੇਚ ਦਿੰਦੇ ਹਨ ਉਹੀ ਹਾਲਤ ਇਹ ਕੂਪਨਾਂ ਦੀ ਹੋਵੇਗੀ।

* ਮੱਧ ਵਰਗ ਪਹਿਲਾਂ ਤੋਂ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ 'ਚ ਭੇਜਣਾ ਮੁਸ਼ਕਲ ਹੀ ਨਹੀਂ ਅਸੰਭਵ ਹੈ। ਕਿਉਂਕਿ ਉਨ੍ਹਾਂ ਲਈ ਸਕੂਲ ਦੀ ਡ੍ਰੈਸ, ਟਿਫਨ ਤੇ ਆਉਣ ਜਾਣ ਦਾ ਖ਼ਰਚਾ ਸਹਿਣਾ ਅਸੰਭਵ ਹੈ।

* ਅਣਪੜ੍ਹ ਮਾਪਿਆਂ ਤੋਂ ਇਹ ਆਸ ਰੱਖਣੀ ਕਿ ਉਹ ਕਈ ਸਕੂਲਾਂ 'ਚੋਂ ਬੇਹਤਰ ਸਕੂਲ ਦੀ ਚੋਣ ਕਰਨ ਦੀ ਹਾਲਤ 'ਚ ਹੋਣਗੇ, ਹਕੀਕਤ ਤੋਂ ਅੱਖਾਂ ਬੰਦ ਕਰਨ ਵਾਲੀ ਗੱਲ ਹੈ।

* ਸਕੂਲਾਂ ਦੀ ਮੰਗ ਵਧਣ ਨਾਲ ਉਨ੍ਹਾਂ ਦੀ ਫੀਸ ਵਧਾਉਣ ਦਾ ਸਖਤ ਸ਼ੱਕ ਰਹੇਗਾ ਤੇ ਹੌਲੀ ਹੌਲੀ ਵਾਊਚਰ ਦਾ ਮੁੱਲ ਘੱਟ ਜਾਵੇਗਾ।

ਇਸ ਤੋਂ ਇਲਾਵਾ ਜ਼ਰੂਰੀ ਨਹੀਂ ਕਿ ਸਕੂਲਾਂ ਦੀ ਫੀਸ ਵਾਊਚਰ ਦੇ ਬਰਾਬਰ

ਹੀ ਹੋਵੇ। ਫ਼ੀਸ ਜ਼ਿਆਦਾ ਹੋਣ ਤੇ ਬਾਕੀ ਧਨ ਗ਼ਰੀਬ ਖਪਤਕਾਰਾਂ ਲਈ ਦੇਣਾ ਅਸੰਭਵ ਹੋਵੇਗਾ ਅਤੇ ਇਸ ਲਈ ਇਹ ਵਾਊਚਰ ਗਰੀਬਾਂ ਨੂੰ ਸਿੱਖਿਆ ਦੇਣ ਦੀ ਬਜਾਏ ਉਨ੍ਹਾਂ ਨੂੰ ਸਿੱਖਿਆ ਤੇ ਹੋਰ ਦੂਰ ਕਰ ਦੇਣਗੇ ਕਿਉਂਕਿ ਜਦ ਉਨ੍ਹਾਂ ਕੋਲ ਸਰਕਾਰੀ ਸਕੂਲਾਂ ਦਾ ਵਿਕਲਪ ਵੀ ਨਹੀਂ ਹੋਵੇਗਾ।

ਦਰਅਸਲ ਵਾਊਚਰ ਯੋਜਨਾ ਵਿਸ਼ਵ ਬੈਂਕ ਦੇ 1980 ਤੋਂ ਸ਼ੁਰੂ ਹੋਏ ਢਾਂਚਾ ਢਲਾਈ ਸੁਧਾਰਾਂ ਦੀ ਹੀ ਇੱਕ ਕੜੀ ਹੈ। ਜਿਸਦੇ ਤਹਿਤ ਸਰਕਾਰ ਦੀਆਂ ਸਾਰੀਆਂ ਕਲਿਆਣਕਾਰੀ ਖੇਤਰਾਂ ਤੋਂ ਆਪਣਾ ਖ਼ਰਚ ਹੋਰ ਘੱਟ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਸਿੱਖਿਆਂ 'ਚ ਵੀ ਲੰਮੇ ਸਮੇਂ ਤੋਂ ਸਰਕਾਰੀ ਭੂਮਿਕਾ ਨੂੰ ਘੱਟ ਕਰਨ ਲਈ ਨਿੱਤ ਨਵੀਆਂ ਦਲੀਲਾਂ ਘੜੀਆਂ ਜਾ ਰਹੀਆਂ ਹਨ। ਇਸ ਵਿੱਚ ਦੋ ਰਾਵਾਂ ਨਹੀਂ ਕਿ ਸਰਕਾਰੀ ਸਕੂਲਾਂ ਦੇ ਹਾਲ ਬੁਰੇ ਹਨ। ਠੀਕ ਉਸੇ ਤਰ੍ਹਾਂ ਹੀ ਜਿਵੇਂ ਸਰਕਾਰੀ ਹਸਪਤਾਲ ਮੰਦੇਹਾਲ ਹਨ। ਇਸ ਸਭ ਕਾਸੇ ਦੇ ਬਾਵਜੂਦ ਅੱਜ ਵੀ ਦੇਸ਼ ਦੀ ਦੁਖੀ ਜਨਤਾ ਦਾ ਸਹਾਰਾ ਇਹੀ ਸਕੂਲ ਤੇ ਹਸਪਤਾਲ ਹਨ। ਦੂਰ ਜਾਣ ਦੀ ਜ਼ਰੂਰਤ ਨਹੀਂ, ਦੇਸ਼ ਦੀ ਰਾਜਧਾਨੀ ਦਾ ਹੀ ਇੱਕ ਸਰਕਾਰੀ ਸਕੂਲ ਲਵੋ। ਪੂਰਬੀ ਦਿਲੀ ਦੇ ਇਸ ਸਕੂਲ ਵਿਚ, ਖੁੱਲ੍ਹੇ ਅਸਮਾਨ ਹੇਠਾਂ ਤਿੰਨ ਤਿੰਨ ਹਜ਼ਾਰ ਬੱਚੇ ਬੈਠਦੇ ਹਨ। ਸਰਕਾਰੀ ਬੇਧਿਆਨੀ ਤੇ ਪੈਸੇ ਦੀ ਥੁੜ ਕਾਰਨ ਸਕੂਲ ਦੀ ਇਮਾਰਤ ਡਿੱਗਣ ਕਿਨਾਰੇ ਹੈ। ਫਿਰ ਵੀ ਬੱਚੇ ਇਕੋ ਹੀ ਸਿੱਖਿਆ ਦਾ ਗਿਆਨ ਹਾਸਲ ਕਰ ਰਹੇ ਹਨ। ਵਜ੍ਹਾ ਨਿੱਜੀ ਸਕੂਲਾਂ 'ਚ ਇਨ੍ਹਾਂ ਲਈ ਕੋਈ ਥਾਂ ਨਹੀਂ ਹੈ। ਨਿੱਜੀ ਸਕੂਲਾਂ ਦੀ ਕੀ ਹਕੀਕਤ ਹੈ ਤੇ ਉਸ ਕਿਸ ਤਰ੍ਹਾਂ ਦੀ ਸਿੱਖਿਆ ਦੇ ਰਹੇ ਹਨ ਤੇ ਕਿਸ ਜਮਾਤ ਦੇ ਬੱਚੇ ਉੱਥੋਂ ਤੱਕ ਪਹੁੰਚ ਸਕਦੇ ਹਨ। ਇਹ ਕੋਈ ਛੁਪੀ ਹੋਈ ਗੱਲ ਨਹੀਂ ਹੈ। ਦੂਜੇ ਪਾਸੇ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਗ਼ਰੀਬ ਬੱਚਿਆਂ ਲਈ ਨਿੱਜੀ ਸਕੂਲ ਦਿੱਲੀ 'ਚ ਤਾਂ ਨਹੀਂ ਖੁੱਲ੍ਹ ਸਕੇ। ਗ਼ਰੀਬ ਬੱਚਿਆਂ ਨੂੰ ਨਿੱਜੀ ਸਕੂਲਾਂ ਵਿਚ 25 ਫੀਸਦੀ ਦਾਖਲਾ ਦਿੱਤੇ ਜਾਣ ਦੇ ਸਰਕਾਰੀ ਫੈਸਲੇ ਦੇ ਬਾਵਜੂਦ ਇਹ ਸਕੂਲ ਤਿਆਰ ਨਹੀਂ ਹੋਏ ਹਨ। ਅਜਿਹੀ ਹਾਲਤ 'ਚ ਵਾਊਚਰ ਯੋਜਨਾ ਕੀ, ਵਾਕਿਆ ਹੀ ਗ਼ਰੀਬ ਬੱਚਿਆਂ ਨੂੰ ਬੇਹਤਰ ਸਿੱਖਿਆ ਦੇ ਸਕੇਗੀ? ਇਸ ਤੇ ਸ਼ੱਕ ਕਰਨਾ ਜਾਇਜ਼ ਹੀ ਹੈ। ਇਹ ਵਾਊਚਰ ਪ੍ਰਣਾਲੀ ਭਾਰਤ ਲਈ ਨਵੀਂ ਨਹੀਂ ਪਰ ਕਈ ਦਹਾਕਿਆਂ ਤੋਂ ਵਿਦੇਸ਼ਾਂ ਵਿਚ ਇਸ ਬਾਰੇ ਤਜਰਬੇ ਚੱਲ ਰਹੇ ਹਨ ਅਤੇ ਕੁਲ ਮਿਲਾ ਕੇ ਹਰ ਥਾਂ (ਚਿਲੀ, ਅਲਸਲਵਾਡੋਰ, ਕੋਲੰਬੀਆ, ਅਰਜਨਟੀਨਾ, ਅਮਰੀਕਾ, ਸਵੀਡਨ ਤੇ ਬ੍ਰਿਟੇਨ) ਹੀ ਇਸ ਦੇ ਸਕਾਰਾਤਮਕ ਨਤੀਜੇ ਨਹੀਂ ਮਿਲੇ ਹਨ। ਕਈ ਥਾਂ ਸਿੱਖਿਆ ਦੇ ਪੱਧਰ ਤੇ ਗੁਣਵੰਣਤਾ 'ਚ ਗਿਰਾਵਟ ਹੀ ਆਈ ਹੈ।

# ਸਿੱਖਿਆ ਦਾ ਇਹ ਕੈਸਾ ਮਜ਼ਾਕ?

ਸਹਿਰਸਾ ਦੇ ਸਾਹੂਗੜ੍ਹ ਸਥਿਤ ਕਾਮਰਸ ਕਾਲਜ ’ਚ ਇੰਟਰਮੀਡੀਏਟ ਦੇ ਕਰੀਬ 500 ਅਜਿਹੇ ਵਿਦਿਆਰਥੀ ਇਮਤਿਹਾਨ ਦੇ ਰਹੇ ਹਨ ਜਿਨ੍ਹਾਂ ਕੋਲ ਦਾਖਲਾ ਪੱਤਰ ਨਹੀਂ ਹਨ। ਇਨ੍ਹਾਂ ਨੂੰ ਪ੍ਰੀਖਿਆ ’ਚ ਸ਼ਾਮਲ ਕਰਨ ਦਾ ਫੈਸਲਾ ਮੇਘੁਪੁਰਾ ਜ਼ਿਲਾ ਪ੍ਰਸ਼ਾਸਨ ਤੇ ਇੰਟਰਮੀਡੀਏਟ ਸਿੱਖਿਆ ਪ੍ਰੀਸ਼ਦ ਨੂੰ ਦਬਾਅ ਕਾਰਨ ਲੈਣਾ ਪਿਆ ਕਿਉਂਕਿ ਇਹ ਵਿਦਿਆਰਥੀ ਸੜਕਾਂ ’ਤੇ ਉਤਰ ਆਏ ਸਨ ਅਤੇ ਮੇਘੁਪੁਰਾ ’ਚ ਕਾਨੂੰਨ-ਪ੍ਰਬੰਧ ਸਾਹਮਣੇ ਚੁਣੌਤੀ ਬਣ ਗਏ ਸਨ। ਵਿਦਿਆਰਥੀਆਂ ਦਾ ਦਾਅਵਾ ਹੈ ਕਿ ਕਾਲਜ ਪ੍ਰਬੰਧਕਾਂ ਨ ਉਨ੍ਹਾਂ ਦੇ ਫਾਰਮ ਭਰਵਾਏ ਸਨ। ਕਾਲਜ ਪ੍ਰਬੰਧਕ ਵੀ ਇਹ ਦਾਅਵਾ ਕਰ ਰਿਹਾ ਹੈ ਕਿ ਉਸ ਨੇ ਵਿਦਿਆਰਥੀਆਂ ਦੇ ਫਾਰਮ ਇੰਟਰਮੀਡੀਏਟ ਸਿੱਖਿਆ ਪ੍ਰੀਸ਼ਦ ਨੂੰ ਭੇਜ ਦਿੱਤੇ ਸਨ। ਇਥੇ ਵਿਦਿਆਰਥੀਆਂ ਉਸ ਮੇਘੁਪੁਰ ਕਾਲਜ ਨਾਲ ਜੁੜੇ ਹਨ ਜਿਥੇ 2003 ’ਚ ਗਿਯਾ ਦੇ ਮਹੇਸ਼ ਸਿੰਘ ਯਾਦਵ ਕਾਲਜ ਦੇ ਵਿਦਿਆਰਥੀਆਂ ਦੀਆਂ ਉੱਤਰ ਪੁਸਤਕਾਂ ਦੀ ਜਾਂਚ ਹੋਈ ਸੀ ਅਤੇ ਉਦਾਰਤਾ ਨਾਲ ਅੰਕ ਵੰਡੇ ਜਾਣ ਕਰਕੇ ਇਸ ਕਾਲਜ ਦੇ ਵਿਦਿਆਰਥੀ ਪ੍ਰੀਸ਼ਦ ਦੇ ਮੇਘਾ ਸੂਚ ਇਕ ਤੋਂ 100 ਤੱਕ ਛਾ ਗਏ ਸਨ। ਉਤਰ ਕਾਪੀਆਂ ਦੀ ਦੁਬਾਰਾ ਜਾਂਚ ’ਚ ਸਭ ਟਾਪਰ ਦੂਜੀ ਤੋਂ ਤੀਜੀ ਸ਼੍ਰੇਣੀ ਤੱਕ ਕਰਾਰ ਦਿੱਤੇ ਗਏ ਸਨ। ਸੂਬੇ ਦ ਰਾਜਪਾਲ ਆਰ. ਐਸ. ਗਵਈ ਰਾਜ ’ਚ ਚੌਪਟ ਹੋ ਚੁੱਕੀ ਉੱਚ ਸਿੱਖਿਆ ’ਚ ਸੁਧਾਰ ਦੇ ਯਤਨਾਂ ’ਚ ਜੁਟੇ ਹੋਏ ਹਨ ਅਤੇ ਇਸ ਤਰ੍ਹਾਂ ਕਾਲਜਾਂ ’ਚ ਪੜ੍ਹਨ-ਪੜ੍ਹਾਉਣ ਦਾ ਮਾਹੌਲ ਬਣਿਆ ਵੀ ਹੈ।

ਅਧਿਆਪਕ ਹੁਣ ਕਾਲਜਾਂ ’ਚ ਨਜ਼ਰ ਆਉਣ ਲੱਗੇ ਹਨ ਪਰ ਅਜੇ ਵੀ ਕੌੜਾ ਸੱਚ ਇਹ ਹੈ ਕਿ ਸਕੂਲੀ ਤੇ ਤਕਨੀਕੀ, ਕਾਲਜੀ ਤੇ ਕਾਰੋਬਾਰੀ ਸਿੱਖਿਆ ਵਿਚਕਾਰ ਇਕ ਅਹਿਮ ਕੜੀ ਇੰਟਰਮੀਡੀਏਟ ਸਿੱਖਿਆ ਦੇ ਖੇਤਰ ’ਚ ਸੁਧਾਰ ਦੇ ਲੱਛਣ ਨਹੀਂ ਦਿਸ ਰਹੇ ਹਨ। ਇਹ ਅਜੇ ਸਿੱਖਿਆ ਮਾਫੀਆ ਦੇ ਚੁੰਗਲ ’ਚੋਂ ਨਿਕਲ ਨਹੀਂ ਸਕੀ ਹੈ।

ਵੈਸੇ ਗਵਈ ਸਿੱਖਿਆ ਦੇ ਸੁਧਾਰ ਨੇ ਆਪਣੇ ਯਤਨਾਂ ਵਿਚ ਯੂਨੀਵਰਸਿਟੀ ਦੇ ਚਾਂਸਲਰ ਉਨ੍ਹਾ ਦੀ ਗੱਲ ਨਹੀਂ ਮੰਨਦੇ ਹਨ। ਹਾਲ ਦੀ ਘੜੀ 12 ਫਰਵਰੀ ਤੋਂ ਇੰਟਰਮੀਡੀਏਟ ਦਾ ਇਮਤਿਹਾਨ ਸ਼ੁਰੂ ਹੋ ਗਿਆ ਤਾਂ ਅਚਾਨਕ ਮੇਘੁਪੁਰਾ, ਸਹਿਰਸਾ ਗਿਯਾ ਹਾਜ਼ੀਪੁਰ, ਛਪਰਾ ਤੇ ਸੀਤਾਗੜ੍ਹੀ ’ਚ ਵਿਦਿਆਰਥੀਆਂ ਦਾ ਗੁੱਸਾ ਉਬਲ ਪਿਆ। ਪ੍ਰਸ਼ਾਸਨ ਦੀ ਮੰਨੀਏ ਤਾਂ ਵਿਦਿਆਰਥੀ ਨਕਲ ਦੀ ਛੋਟ ਚਾਹੁੰਦੇ ਸਨ ਤੇ ਇਹ ਛੋਟ ਨਾ ਮਿਲਣ ਕਰਕੇ ਉਹ ਉਤੇਜਿਤ ਹੋਏ। ਇਹ ਗੱਲ ਬਹੁਤ ਹੱਦ ਤੱਕ ਸੱਚ ਵੀ ਹੈ ਕਿ ਪਰਦੇ ਪਿੱਛੇ ਦੇ ਖੇਲ ਦੀ ਅਣਦੇਖੀ ਕਰਕੇ ਇਹ ਸਿੱਕੇ ਦੇ ਇਕ ਹੀ ਪਹਿਲੂ ਨੂੰ ਰੇਖਾਂਕਿਤ ਕਰਦਾ ਹੈ। ਆਖਰ ਜਦ ਫਾਰਮ ਭਰਵਾਉਣ ਸਮੇਂ ਇਹ ਲਾਲਚ ਮਿਲਿਆ ਹੋਵੇ ਕਿ ਨਕਲ ਦੀ ਛੋਟ ਹੋਵੇਗੀ, ਜਿਵੇਂ ਪਹਿਲਾਂ ਵੀ ਹੁੰਦਾ ਆ ਰਿਹਾ ਹੈ। ਤਾਂ ਸਿਰਫ ਵਿਦਿਆਰਥੀਆਂ ’ਤੇ ਨਕੇਲ ਕਸ ਕੇ ਪ੍ਰੀਖਿਆ ਸੈਂਟਰਾਂ ’ਚ ਵਿਦਿਆਰਥੀਆਂ ਨੇ ਘੁਸ ਕੇ ਤੋੜ-ਭੰਨ, ਅਗਜ਼ਨੀ ਤੇ ਇਮਿਤਹਾਨ ਦੇ ਰਹੇ ਵਿਦਿਆਰਥੀਆਂ ਤੋਂ ਉੱਤਰ

ਕਾਪੀਆਂ ਖੋਹ ਕੇ ਫਾੜ ਦੇਣ ਦੀਆਂ ਘਟਨਾਵਾਂ ਨੂੰ ਅੰਜਾਮ ਦੇਣਾ ਸ਼ੁਰੂ ਕਰ ਦਿੱਤਾ ਗਿਆ। ਝਮੇਲਾ ਪਾਉਣ ਵਾਲੇ ਵਿਦਿਆਰਥੀਆਂ ਦਾ ਦੋਸ਼ ਸੀ ਕਿ ਫਾਰਮ ਭਰਨ ਦੇ ਬਾਵਜੂਦ ਉਨ੍ਹਾਂ ਦਾ ਦਾਖਲਾ ਪੱਤਰ ਨਹੀਂ ਭੇਜਿਆ ਗਿਆ, ਜਿਸ ਕਾਰਨ ਉਹ ਇਮਤਿਹਾਨ ਤੋਂ ਵਾਂਝੇ ਹੋ ਰਹੇ ਹਨ। ਖਾਸ ਕਰਕੇ ਮੇਘੁਪੁਰਾ 'ਚ ਸਥਿਤੀ ਭਿਅੰਕਰ ਸੀ ਅਤੇ ਉਥੇ ਭੜਕੇ ਵਿਦਿਆਰਥੀਆਂ 'ਤੇ ਕੰਟਰੋਲ ਕਰਨ ਲਈ ਪੁਲੀਸ ਨੂੰ ਫਾਇਰਿੰਗ ਵੀ ਕਰਨੀ ਪਈ। ਸਥਿਤੀ ਦੀ ਗੰਭੀਰਤਾ ਨੂੰ ਵੇਖਦੇ ਹੋਇਆ ਇੰਟਰਮੀਡੀਏਟ ਸਿੱਖਿਆ ਪ੍ਰੀਸ਼ਦ ਦੇ ਉਪ ਸਕੱਤਰ ਮਨਮੋਹਨ ਚੌਧਰੀ ਜਾਇਜ਼ਾ ਲੈਣ ਮੇਘੁਪੁਰਾ ਪਹੁੰਚੇ। ਵਿਦਿਆਰਥੀਆਂ ਦੇ ਰੋਹ ਨੂੰ ਵੇਖਦਿਆਂ ਪ੍ਰੀਸ਼ਦ ਤੇ ਪ੍ਰਸ਼ਾਸਨ ਨੇ ਫੌਰਨ ਅਜਿਹੇ ਵਿਦਿਆਰਥੀਆਂ ਨੂੰ ਸਾਹੂਗੜ੍ਹ ਦੇ ਕਾਮਰਸ ਕਾਲਜ 'ਚ ਅਸਥਾਈ ਇਮਤਿਹਾਨ ਦੀ ਇਜ਼ਾਜਤ ਦੇ ਦਿੱਤੀ। ਪ੍ਰੀਸ਼ਦ ਦੇ ਸੂਤਰਾਂ ਦਾ ਕਹਿਣਾ ਹੈ ਕਿ ਉਸ ਸਕੱਤਰ ਨੇ ਜਦ ਮੇਘੁਪੁਰ ਕਾਲਜ 'ਚ ਵਿਦਿਆਰਥੀਆਂ ਦੇ ਫਾਰਮ ਭਰਨ ਦੇ ਦਾਅਵੇ ਦੀ ਜਾਂਚ ਲਈ ਸਬੰਧਤ ਕਾਗਜ਼ਾਤ ਕਾਲਜ ਪ੍ਰਬੰਧਕ ਤੋਂ ਮੰਗੇ ਤਾਂ ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਲਾਈ ਅੱਗ 'ਚ ਉਹ ਸੜ ਗਏ। ਇਸ ਸਾਲ ਇੰਟਰਮੀਡੀਏਟ ਸਿੱਖਿਆ ਪ੍ਰੀਸ਼ਦ ਇਸ ਗੱਲ ਨਾਲ ਗਦਗਦ ਹੈ ਕਿ ਪ੍ਰੀਖਿਆ 'ਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਕਰੀਬ ਸਵਾ ਲਖ ਵਧ ਗਈ ਹੈ। ਵੈਸੇ ਅਜਿਹਾ ਸ਼ਾਇਦ ਹੀ ਕਿਧਰੇ ਹੋਇਆ ਹੋਵੇ ਇਮਤਿਹਾਨ ਤੋਂ ਕੁਝ ਦਿਨ ਪਹਿਲਾਂ ਤੱਕ ਵਿਦਿਆਰਥੀਆਂ ਦੀ ਰਜਿਸਟਰੇਸ਼ਨ ਕੀਤੀ ਜਾਵੇ। ਪ੍ਰੀਸ਼ਦ ਦੇ ਸਕੱਤਰ ਨਿਵਾਸ ਚੰਦਰ ਤਿਵਾੜੀ ਨੇ ਇਮਤਿਹਾਨ ਦੇਣ ਵਾਲਿਆਂ ਦੀ ਗਿਣਤੀ 'ਚ ਏਨੇ ਵਾਧੇ ਬਾਰੇ ਦੱਸਿਆ ਕਿ ਪ੍ਰਾਇਮਰੀ ਤੇ ਮਿਡਲ ਸਕੂਲ 'ਚ ਅਧਿਆਪਕਾਂ ਦੀ ਭਰਤੀ ਇੰਟਰਮੀਡੀਏਟ ਸ਼ਰਤ ਤੈਅ ਕੀਤੇ ਜਾਣ ਕਰਕੇ ਪਹਿਲਾਂ ਹੀ ਦਸਵੀਂ ਉਪਰਲੇ ਵਿਦਿਆਰਥੀਆਂ ਨੇ ਇਸ ਵਾਰੀ ਇਮਤਿਹਾਨ ਦਾ ਫਾਰਮ ਭਰਿਆ ਹੈ। ਇਹ ਪੁਛਣ 'ਤੇ ਕਿ ਮੇਘੁਪੁਰਾ, ਛਪਰਾ, ਵੈਸ਼ਾਲੀ, ਨਾਲੰਦਾ, ਗਿਯਾ ਆਦਿ ਜ਼ਿਲਿਆਂ ਵਿਚ ਇਮਤਿਹਾਨ ਦੇਣ ਵਾਲੇ ਏਨੇ ਰੋਹ 'ਚ ਕਿਉਂ ਆਏ ਤਾਂ ਉਨ੍ਹਾਂ ਦਾ ਜੁਆਬ ਸੀ ਕਿ ਇਹ ਇਮਤਿਹਾਨ 'ਚ ਨਕਲ ਦੀ ਛੋਟ ਚਾਹੁੰਦੇ ਹਨ। ਪਰ ਤਿਵਾੜੀ ਇਸ ਸੁਆਲ ਦਾ ਠੋਸ ਜੁਆਬ ਨਹੀਂ ਦੇ ਸਕੇ ਕਿ ਮੇਘੁਪੁਰਾ ਸਮੇਤ ਕਈ ਥਾਵਾਂ 'ਤੇ ਵਡੀ ਗਿਣਤੀ 'ਚ ਵਿਦਿਆਰਥੀਆਂ ਨੂੰ ਪ੍ਰੀਖਿਆ ਫਾਰਮ ਭਰਨ ਪਿੱਛੋਂ ਵੀ ਪ੍ਰਸ਼ਨ ਪੱਤਰ ਕਿਉਂ ਨਹੀਂ ਮਿਲੇ। ਉਹ ਇਸ ਗੱਲ ਨੂੰ ਵੀ ਟਾਲ ਗਏ ਕਿ ਕਈ ਕਾਲਜਾਂ ਵੱਲੋਂ ਮਨਜ਼ੂਰ ਸੀਟਾਂ ਤੋਂ ਕਈ ਗੁਣਾਂ ਵੱਧ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ 'ਤੇ ਕੀ ਕਾਰਵਾਈ ਕੀਤੀ ਜਾਵੇਗੀ।

ਗੌਰ ਕਰਨ ਵਾਲੀ ਗੱਲ ਹੈ ਕਿ ਇਸ ਵਾਰੀ ਭਾਵੇਂ ਵਿਦਿਆਰਥੀਆਂ ਦੀ ਗਿਣਤੀ ਇਕ ਲੱਖ 20 ਹਜ਼ਾਰ ਵਧ ਗਈ ਹੈ ਪਰ ਸੂਤਰਾਂ ਮੁਤਾਬਕ ਇਹ ਐਫੀਲੀਏਟਿਡ ਕਾਲਜਾਂ 'ਚ ਸਰਕਾਰੀ +2 ਸਕੂਲਾਂ 'ਚ ਨਹੀਂ ਵਧੀ ਬਲਕਿ ਨਿਜੀ ਕਾਲਜਾਂ ਤੇ ਉਨ੍ਹਾਂ 'ਚੋਂ ਵੀ ਮੇਘੁਪੁਰਾ, ਗਿਯਾ, ਨਾਲੰਦਾ, ਵੈਸ਼ਾਲੀ, ਛਪਰਾ ਆਦਿ ਜ਼ਿਲਿਆ 'ਚ ਜ਼ਿਆਦਾ ਵਧੀ ਹੈ। ਨਿਜੀ ਕਾਲਜਾਂ ਨੇ ਦਾਖਲੇ ਲਈ ਮਨਜ਼ੂਰ ਸੀਟਾਂ ਤੋਂ 20 ਗੁਣਾਂ ਵੱਧ ਤੱਕ ਵਿਦਿਆਰਥੀਆਂ ਦੇ ਫਾਰਮ ਭਰਭਾਵੇ ਹਨ। ਦੋਸ਼ ਹੈ ਕਿ ਲਾਲੂ-ਰਾਬੜੀ ਸਰਕਾਰ 'ਚ ਰਾਜਦ ਦੇ ਕਈ ਬਾਹੂ-ਬਲੀ ਨੇਤਾ ਇੰਟਰਮੀਡੀਏਟ ਇਮਤਿਹਾਨ 'ਚ ਨੰਬਰ ਲਾਉਣ ਤੋਂ ਲੈ ਕੇ ਵੱਧ ਤੋਂ ਵੱਧ ਨੰਬਰ ਦਿਵਾਉਣ ਦੀ ਠੇਕੇਦਾਰੀ ਕਰ ਕੇ ਹਰ ਸਾਲ

ਕਰੋੜਾਂ ਦੀ ਕਮਾਈ ਕਰਦੇ ਸਨ ਅਤੇ ਹੁਣ ਨਿਤੀਸ਼ ਕੁਮਾਰ ਦੀ ਹਕੂਮਤ ’ਚ ਜਦ (ਯੂ.) ਇਕ ਬਹੁ-ਬਲੀ ਦਾ ਧੰਦਾ ਖ਼ੂਬ ਚੱਲ ਰਿਹਾ ਹੈ। ਵੈਸ਼ਾਲੀ ਦੇ ਹਾਜ਼ੀਪੁਰ ਦੇ ਆਰ. ਬੀ. ਕਾਲਜ ’ਚ ਕੀਰਤਪੁਰ ਭਗਵਾਨਪੁਰ ਸਥਿਤ ਵਿਸ਼ੁਨ ਰਾਏ ਕਾਲਜ ਦਾ ਪ੍ਰੀਖਿਆ ਕੇਂਦਰ ਹੈ। ਇੰਟਰਮੀਡੀਆ ਸਿੱਖਿਆ ਪ੍ਰੀਸ਼ਦ ਦੇ ਆਲਾ ਅਧਿਕਾਰੀ ਕਈ ਵਾਰੀ ਹਾਜ਼ੀਪੁਰ ਗਏ। ਉਥੇ ਕਈ ਸੈਂਟਰਾਂ ’ਚ ਪ੍ਰੀਖਿਆ ਦਾ ਜਾਇਜ਼ਾ ਲਿਆ ਪਰ ਆਰ. ਬੀ. ਕਾਲਜ ਸੈਂਟਰ ’ਤੇ ਜਾਣ ਦੀ ਜ਼ਰੂਰਤ ਨਹੀਂ ਸਮਝੀ। ਵਿਸ਼ੁਨ ਰਾਏ ਕਾਲਜ ਦਾ ਸੈਂਟਰ ਅਕਸਰ ਇਥੇ ਹੀ ਹੁੰਦਾ ਹੈ। ਸਾਲ 2005 ’ਚ ਵਿਸ਼ੁਨ ਰਾਏ ਕਾਲਜ ਦੀਆਂ ਉੱਤਰ ਕਾਪੀਆਂ ਦਾ ਮੁਲਾਂਕਣ ਗਿਯਾ ਦੇ ਕਾਲਜ ’ਚ ਹੁੰਦਾ ਸੀ। 477 ਪ੍ਰੀਖਿਆਰਥੀਆਂ ’ਚੋਂ 473 ਪਹਿਲੇ ਦਰਜੇ ’ਚ ਸਫਲ ਹੋ ਗਏ। ਸ਼ੱਕ ਹੋਣ ’ਤੇ ਉਸ ਕਾਲਜ ਦੀਆਂ ਉੱਤਰ ਕਾਪੀਆਂ ਮਾਹਿਰਾਂ ਸਾਹਮਣੇ ਰੱਖੀਆਂ ਗਈਆਂ ਤੇ ਦੁਬਾਰਾ ਨੰਬਰਿੰਗ ‘ਚ ਪਹਿਲੇ ਦਰਜੇ ’ਚ ਸਿਰਫ ਇਕ ਵਿਦਿਆਰਥੀ ਦਾ ਹੀ ਨਾਂ ਆਇਆ ਅਤੇ 476  ਦੂਜੇ ਦਰਜੇ ’ਚ ਐਲਾਨੇ ਗਏ। ਇਸ ਤੋਂ ਪਿੱਛੋਂ ਗਿਯਾ ਕਾਲਜ ਦੇ ਪ੍ਰਿੰਸੀਪਲ ਨੂੰ ਪ੍ਰੀਖਿਆ ਕਾਲਜ ਦੇ ਸੰਚਾਲਨ ਤੋਂ ਰੋਕ ਦਿੱਤਾ। ਗਯਾ ਦੇ ਬਾਹਰ ਅਜਿਹੇ ਕਾਲਜ ਸਨ ਜਿਨ੍ਹਾਂ ’ਤੇ ਪ੍ਰੀਸ਼ਦ ਨੇ ਰੋਕ ਲਾ ਦਿੱਤੀ। ਪਰ ਇਸ ਵਾਰੀ ਫਿਰ ਉਨ੍ਹਾਂ ਨੂੰ ਫਾਰਮ ਭਰਨ ਦੀ ਮਨਜ਼ੂਰੀ ਦੇ ਦਿੱਤੀ। ਵਰਨਣਯੋਗ ਹੈ ਕਿ 2003 ’ਚ ਗਿਯਾ ਦੇ ਇਕ ਕਾਲਜ ਦੇ ਰਿਜ਼ਲਟ ’ਤੇ ਰੋਕ ਲਾ ਦਿੱਤੀ ਤੇ ਉੱਤਰ ਕਾਪੀਆਂ ਦੀ ਦੁਬਾਰਾ ਜਾਂਚ ਕਰਵਾਈ ਗਈ।

ਪਰ ਇਸ ਵਾਰੀ ਫਿਰ ਉਨ੍ਹਾਂ ਨੂੰ ਇਜਾਜ਼ਤ ਦੇ ਦਿੱਤੀ। ਇਸੇ ਕਾਲਜ ਦੀ ਉੱਤਰ ਕਾਪੀਆਂ ਦਾ ਮੁਲਾਂਕਣ ਮੇਘੁਪੁਰਾ ਕਾਲਜ ’ਚ ਹੋਇਆ ਸੀ। ਪ੍ਰੀਸ਼ਦ ਦੇ ਅਧਿਕਾਰੀਆਂ ਨੇ ਕਾਪੀਆਂ ਦਾ ਦੁਬਾਰਾ ਮੁਲਾਂਕਣ ਕਰਵਾਇਆ ਤਾਂ ਮੇਘੁਪੁਰਾ ਸੂਚੀ ਦੇ ਸਾਰੇ ਵਿਦਿਆਰਥੀ ਦੂਜੇ ਦਰਜੇ ’ਚ ਚਲੇ ਗਏ ਸਨ। ਗਿਯਾ ਦਾ ਇਹ ਕਾਲਜ ਰਾਜਦ ਦੇ ਹੀ ਇਕ ਬਹੁ-ਬਲੀ ਨੇਤਾ ਦੀ ਸਰਪ੍ਰਸਤੀ ਹੇਠ ਚੱਲਦਾ ਹੈ। ਅਜਿਹੇ ਅਨੇਕਾਂ ਕਾਲੇ ਅਧਿਆਇ ਪ੍ਰੀਸ਼ਦ ਦੇ ਇਤਿਹਾਸ ਨਾਲ ਜੁੜੇ ਹੋਏ ਹਨ। ਹਾਲ ਦੀ ਘੜੀ ਨਕਲ ਮੁਕਤ ਇੰਟਰਮੀਡੀਏਟ ਪ੍ਰੀਖਿਆ ਦੇ ਦਾਅਵੇ ਦਾ ਅਸਲੀ ਚਿਹਰਾ ਕੁਝ ਹੋਰ ਹੀ ਹੈ। ਇੰਟਰਮੀਡੀਏਟ ਸਿੱਖਿਆ ਪ੍ਰੀਸ਼ਦ ਦੇ ਲੋਕਾਂ ਨੂੰ ਸ਼ਾਇਦ ਦੇ ਲੋਕਾਂ ਨੂੰ ਸ਼ਾਇਦ ਇਹ ਅਪਮਾਨ ਵੀ ਹੁਣ ਯਾਦ ਨਹੀਂ ਹੈ ਜਦ ਅਰਾਜਕਤਾ ਦਾ ਕਾਰਨ ਪੰਜਾਬ ਹਰਿਆਣਾ ਤੇ ਰਾਜਸਥਾਨ ਨੇ ਸੰਨ 2000 ’ਚ ਆਪਣੇ-ਆਪਣੇ ਰਾਜਾਂ ’ਚ ਇਸ ਦੇ ਸਰਟੀਫਿਕੇਟ ਦੀ ਮਾਨਤਾ ਸਮਾਪਤ ਕਰ ਦਿੱਤੀ ਸੀ। ਬਿਹਾਰ ਤੋਂ ਮੈਟ੍ਰਿਕ ਅਤੇ ਇੰਟਰਮੀਡੀਏਟ ਦੇ ਜਾਅਲੀ ਸਰਟੀਫਿਕੇਟਾਂ ਦੇ ਆਧਾਰ ’ਤੇ ਦੇਸ਼ ਦੀ ਉੱਚ ਕੋਟੀ ਦੀ ਗੁਪਤਚਰ ਸੇਵਾ ਰਾਅ ’ਚ ਨੌਕਰੀ ਹਾਸਲ ਕਰਨ ਦਾ ਇਕ ਕੇਸ ਵੀ ਅਜੇ ਪਿੱਛੇ ਜਿਹੇ ਸਾਹਮਣੇ ਆਇਆ ਹੈ ਜ਼ਾਹਿਰ ਹੈ ਕਿ ਰਾਜ ’ਚ ਸਿੱਖਿਆ ਦਾ ਬੇੜਾ ਹੀ ਗਰਕਿਆ ਹੋਇਆ ਹੈ ਤੇ ਇਸ ਦਾ ਮਜ਼ਾਕ ਵੀ ਉਡਾਇਆ ਜਾ ਰਿਹਾ ਹੈ।

# ਬਾਲ ਮਜ਼ਦੂਰੀ, ਕੁਪੋਸ਼ਣ ਤੇ ਅਨਪੜ੍ਹਤਾ

ਡਾਕ ਟਿਕਟ ਅਕਸਰ ਅਜਿਹੇ ਪ੍ਰਸੰਗ ਚਿਤਰਨ ਕਰਦੇ ਹਨ ਜਿਨ੍ਹਾਂ 'ਤੇ ਸਮਾਜ ਤੇ ਦੇਸ਼ ਨੂੰ ਮਾਣ ਹੋਵੇ। ਅਫਰੀਕਾ ਦੇ ਅਨੇਕਾਂ ਦੇਸ਼, ਜਿਥੇ ਭਿਆਨਕ ਘਟਨਾਵਾਂ ਰੋਜ਼ਮਰਾ ਜ਼ਿੰਦਗੀ ਦਾ ਹਿੱਸਾ ਬਣੀਆਂ ਰਹਿੰਦੀਆਂ ਹਨ। ਆਪਣੇ ਖ਼ੂਬਸੂਰਤ ਟਿਕਟਾਂ ਲਈ ਜਾਣੇ ਜਾਂਦੇ ਹਨ ਭਾਰਤ ਵਿੱਚ ਵੀ ਸਭਿਆਚਾਰ ਤੇ ਇਤਿਹਾਸ ਦੇ ਸੁਖੀ ਪ੍ਰਸੰਗ ਹੀ ਡਾਕ ਟਿਕਟਾਂ 'ਤੇ ਛਪ ਰਹੇ ਹਨ। ਇਥੋਂ ਤੱਕ ਕਿ ਬਾਲ ਦਿਵਸ 'ਤੇ ਜਾਰੀ ਟਿਕਟ 'ਤੇ ਵੀ ਕਦੀ ਕਿਸੇ ਕੁਪੋਸ਼ਿਤ ਬੱਚੇ ਦੀ ਛਵੀ ਨਹੀਂ ਆ ਸਕੀ ਭਾਵੇਂ ਭੁੱਖ 'ਤੇ ਕੁਪੋਸ਼ਣ ਭਾਰਤੀ ਬਚਪਨ ਦਾ ਅਟੁੱਟ ਅੰਗ ਬਣੇ ਹੋਏ ਹਨ। ਕੁਪੋਸ਼ਿਤ ਬੱਚਿਆ ਦੀ ਪ੍ਰਤੀਸ਼ਤਤਾ ਕਈ ਰਾਜਾਂ 'ਚ ਵਧੀ ਹੈ। ਡਾਕ ਟਿਕਟਾਂ ਦੇ ਇਤਿਹਾਸ 'ਚ ਸ਼ਾਇਦ ਇਹ ਪਹਿਲੀ ਵਾਰੀ ਹੋਇਆ ਹੈ ਕਿ ਸਮਾਜ ਦੀ ਚੇਤਨਾ ਨੂੰ ਝੰਜੋੜਨ ਵਾਲੀਆਂ ਛਵੀਆਂ ਕਿਸੇ ਵਿਸ਼ੇਸ਼ ਟਿਕਟ ਮਾਲਾ 'ਤੇ ਉਭਰ ਗਈਆਂ ਹਨ। ਬਾਲ-ਮਜ਼ਦੂਰੀ 'ਤੇ ਕੇਂਦਰਿਤ ਪਿਛਲੇ ਦਿਨੀਂ ਜਾਰੀ ਕੀਤੀਆਂ ਗਈਆਂ ਚਾਰ ਡਾਕ ਟਿਕਟਾਂ ਇਹ ਸਿੱਧ ਕਰਦੀਆਂ ਹਨ ਕਿ ਡਾਕ ਤਾਰ ਵਿਭਾਗ ਸਿਰਫ ਸਰਕਾਰੀ ਪ੍ਰਾਪਤੀਆਂ ਦੀ ਹੀ ਭੌਂਪੂ ਨਹੀਂ ਹੈ। ਸਿਰ 'ਤੇ ਟੋਕਰੀ, ਮੋਢੇ 'ਤੇ ਕਹੀ ਰੱਖੀ ਜਾਂ ਫਿਰ ਕੇਤਲੀ 'ਚੋਂ ਚਾਹ ਕੱਢਦੇ ਅਤੇ ਸੜਕ 'ਤੇ ਬਾਜੀਗਰੀ ਕਰਦੇ ਬੱਚਿਆਂ ਦੀ ਤਸਵੀਰ ਲਿਫਾਫੇ 'ਤੇ ਦੇਖ ਕੇ ਲੋਕਾਂ ਦੀ ਅੰਤਰ ਆਤਮਾ ਜ਼ਰੂਰ ਕੁਝ ਹਿਲੇਗੀ। ਇਹ ਬਿੰਬ ਮਜ਼ਦੂਰ ਜਮਾਤ ਦੇ ਬੱਚਿਆਂ ਦੀ ਰੋਜ਼ਾਨਾ ਜ਼ਿੰਦਗੀ ਦਾ ਚਿਤਰਣ ਕਰਦੇ ਹਨ। ਇਹ ਨਿਠਾਰੀ ਦੇ ਅਖ਼ਬਾਰੀ ਚਿਤਰਾਂ ਵਾਂਗੂ ਨਾਟਕੀ ਨਹੀਂ ਹਨ।

ਨਿਠਾਰੀ ਦੇ ਵੇਰਵੇ ਦੱਸਦੇ ਹਨ ਕਿ ਅਪਰਾਧ ਤੇ ਬਰਬਰਤਾ ਉਥੋਂ ਦਾ ਸਿਲਸਿਲਾ ਬਣ ਚੁੱਕੀ ਹੈ ਜਿਸ ਦੇ ਟੁੱਟਣ ਦੀ ਅਸ਼ੰਕਾ ਨਾਲ ਕੋਈ ਪ੍ਰੇਸ਼ਾਨ ਨਹੀਂ ਸੀ। ਇਹ ਸਿਲਸਿਲਾ ਪੁਲੀਸ, ਪੱਤਰਕਾਰ ਤੇ ਗੁਆਂਢ ਦੀ ਦਿਲਚਸਪੀ ਦਾ ਪਾਤਰ ਕਈ ਕਾਰਨਾਂ ਕਰਕੇ ਨਹੀਂ ਕਿਹਾ ਹੋਵੇਗਾ ਪਰ ਘੱਟੋ-ਘੱਟ ਇਕ ਵੱਡਾ ਕਾਰਨ ਗਾਇਬ ਹੋ ਰਹੇ ਬੱਚਿਆਂ ਦੀ ਸਮਾਜਕ ਹੈਸੀਅਤ ਸੀ। ਧਨੀ ਤੇ ਸ਼ਕਤੀਸ਼ਾਲੀ ਪਰਿਵਾਰਾਂ ਦੇ ਬੱਚਿਆਂ ਦਾ ਵਰਤਮਾਨ ਤੇ ਭਵਿੱਖ ਭਾਰਤ ਦੇ ਔਸਤ ਬੱਚਿਆਂ ਤੋਂ ਵੱਖਰੇ ਹਨ। ਇਹ ਗੱਲ ਕਿਸ ਤੋਂ ਛੁਪੀ ਹੈ? ਸਿੱਖਿਆ 'ਚ ਪਾੜਾ ਘੱਟ ਕਰਨ ਦੀ ਤਾਕਤ ਹੈ ਪਰ ਅੱਜ ਕੱਲ੍ਹ ਸਿੱਖਿਆ ਖੁਦ ਨਾਬਰਾਬਰੀ ਦੀ ਸੰਚਾਲਕ ਬਣ ਚੁੱਕੀ ਹੈ। ਇਹ ਗੱਲ ਨਾਲ ਆਪਣੀ ਅਸਹਿਮਤੀ ਪ੍ਰਗਟ ਕਰਦਿਆਂ ਸੁਪਰੀਮ ਕੋਰਟ ਨੇ ਦਿੱਲੀ ਦੇ ਦੋ ਨਾਮੀ ਨਿਜੀ ਸਕੂਲਾਂ ਦੀ ਉਹ ਪਟੀਸ਼ਨ ਖਾਰਜ ਕਰ ਦਿੱਤੀ ਹੈ ਜਿਸ 'ਚ ਉਨ੍ਹਾਂ ਨੇ ਦਿੱਲੀ ਹਾਈ ਕੋਰਟ ਵੱਲੋਂ ਨਰਸਰੀ ਦੇ ਦਾਖਲੇ ਲਈ ਮਾਪਿਆਂ ਤੇ ਬੱਚਿਆਂ ਦੀ ਇੰਟਰਵਿਊ ਲੈਣ ਦੀ ਚਾਲੂ ਵਿਵਸਥਾ 'ਤੇ ਲਾਈ ਰੋਕ ਹਟਾਉਣ ਦੀ ਮੰਗ ਕੀਤੀ ਸੀ। ਇੰਟਰਵਿਊ ਦੀ ਥਾਂ 'ਤੇ ਲਾਗੂ ਕੀਤੀ ਗਈ ਪ੍ਰਣਾਲੀ ਵਿੱਚ ਕੁਝ ਨਿਸ਼ਚਿਤ ਪੈਮਾਨਿਆਂ 'ਤੇ ਹਰ ਨਿਵੇਦਕ ਬੱਚੇ ਨੂੰ ਨੰਬਰ ਦੇਣ ਦੀ ਵਿਵਸਥਾ ਹੈ। ਇਹ ਪ੍ਰਣਾਲੀ ਇੰਟਰਵਿਊ ਦੇ ਮੁਕਾਬਲਤਨ ਵੱਧ ਪਾਰਦਰਸ਼ੀ ਹੈ ਤੇ ਤਰਜੀਹ ਦਿੰਦੀ ਹੈ ਪਰ ਮਾਪਿਆਂ ਦੀ ਸਿੱਖਿਆ ਨੂੰ ਵੀ ਇਕ ਆਧਾਰ ਮੰਨ ਕੇ ਉਨ੍ਹਾਂ ਬੱਚਿਆਂ ਦਾ ਦਾਖਲਾ ਬਹੁਤ ਮੁਸ਼ਕਲ ਬਣਾਉਂਦੀ

ਹੈ ਜੋ ਆਪਣੇ ਪਰਿਵਾਰ ’ਚੋਂ ਸਕੂਲ ਜਾਣ ਵਾਲੀ ਪਹਿਲੀ ਪੀੜ੍ਹੀ ਹੈ। ਇਸੇ ਤਰ੍ਹਾਂ ਸਿੱਖਿਆ ਅਮੀਰਾਂ ਦੀ ਕੈਦ ’ਚ ਰਹੇਗੀ।

ਦੂਜੇ ਪਾਸੇ ਪਿਛਲੀਆਂ ਗਰਮੀਆਂ ’ਚ ਦਿੱਲੀ ਸਰਕਾਰ ਵੱਲੋਂ ਪ੍ਰਾਈਵੇਟ ਸਕੂਲਾਂ ’ਚ ਗਰੀਬ ਬੱਚਿਆਂ ਲਈ ਰਾਖਵੇਂਕਰਨ ਦੀ ਵਿਵਸਥਾ ਸੰਬੰਧੀ ਅੱਗੇ ਦਾ ਰਾਹ ਸੁਝਾਉਣ ਲਈ ਬਣਾਈ ਗਈ ਸੰਮਤੀ ਦੀ ਰਿਪੋਰਟ ਭੁਲਾ ਦਿੱਤੀ ਗਈ ਹੈ। ਬੱਚਿਆਂ ਨੂੰ ਲੈ ਕੇ ਸਾਡਾ ਦੇਸ਼ ਅਜੇ ਤੱਕ ਕਿਉਂ ਅਸਪਸ਼ੱਟ ਤੇ ਗੰਦਲਾ ਬਣਿਆ ਹੋਇਆ ਹੈ। ਇਹ ਗੱਲ ਆਸਾਨੀ ਨਾਲ ਨਹੀਂ ਸਮਝੀ ਜਾ ਸਕਦੀ। ਜਿਨ੍ਹਾਂ ਚੀਜ਼ਾਂ ਨੂੰ ਲੈ ਕੇ ਹੁਣ ਜਨਤਕ ਜੀਵਨ ਕਾਫੀ ਮੁਸ਼ਕਲ ਹੋ ਚਲਿਆ ਹੈ। ਉਨ੍ਹਾਂ ’ਚ ਬਾਲ ਮਜ਼ਦੂਰੀ, ਕੁਪੋਸ਼ਣ ਤੇ ਸਿੱਖਿਆ ਵਰਗੇ ਵਿਸ਼ੇ ਸ਼ਾਮਲ ਨਹੀਂ। ਇਨ੍ਹਾਂ ਸੰਬੰਧੀ ਚਿੰਤਾ ਕਦੇ ਹੀ ਵੇਖਣ ਨੂੰ ਮਿਲਦੀ ਹੈ। ਅਸੀਂ ਬੱਚਿਆਂ ਬਾਰੇ ਮਾਤਾ ਜਾਂ ਪਿਤਾ ਦੇ ਰੂਪ ’ਚ ਸੋਚਦੇ ਹਾਂ, ਨਾਗਰਿਕ ਦੇ ਰੂਪ ’ਚ ਨਹੀਂ। ਜੋ ਬੱਚੇ ਸਾਡੇ ਆਪਣੇ ਹਨ, ਉਨ੍ਹਾਂ ਸੰਬੰਧੀ ਤਾਂ ਸੋਚਦੇ ਹਾਂ ਪਰ ਦੇਸ਼ ਦੇ ਬੱਚੇ ਸਾਨੂੰ ਦੂਜਿਆਂ ਦੇ ਬੱਚੇ ਹੀ ਨਜ਼ਰ ਆਉਂਦੇ ਹਨ।

# ਦੇਸ਼ ਉਜੜ ਕਿਵੇਂ ਰਿਹੈ ...

ਸਸਤੀ ਦਰਾਮਦ ਕਾਰਨ ਦੇਸ਼ ਦੇ ਸਨਅਤੀ ਨਗਰਾਂ ਦਾ ਉਜਾੜਾ ਹੋ ਰਿਹਾ ਹੈ। ਅੱਪ ਸਨਅਤੀਕਰਨ ਦਾ ਆਤਮਘਾਤੀ ਅਮਲ ਚਾਲੂ ਹੋ ਗਿਆ ਹੈ, ਜਿਸ ਕਾਰਨ ਵੱਡੇ ਪੈਮਾਨੇ 'ਤੇ ਬੇਰੁਜ਼ਗਾਰੀ, ਉਜਾੜਾ ਤੇ ਬਦਹਾਲੀ ਫੈਲ ਰਹੀ ਹੈ, ਕਿਉਂਕਿ ਵਿਦੇਸ਼ੀ ਵਸਤੂਆਂ ਦੀ ਦਰਾਮਦ 'ਤੇ ਕਿਸੇ ਪ੍ਰਕਾਰ ਦੀ ਕੋਈ ਪਾਬੰਦੀ ਨਹੀਂ ਹੈ। ਘਰੇਲੂ ਬਾਜ਼ਾਰ 'ਚ ਹਿੱਸੇਦਾਰੀ ਤੇਜ਼ੀ ਨਾਲ ਘਟਦੀ ਜਾ ਰਹੀ ਹੈ, ਜਿਵੇਂ ਕਿ ਮੁਕਾਬਲੇ 'ਚ ਆਏ ਦੇਸ਼ਾਂ ਦੀਆਂ ਇਕਾਈਆਂ ਕਰ ਰਹੀਆਂ ਹਨ। ਲੁਧਿਆਣਾ ਦੀ ਸਾਈਕਲ ਸਨਅਤ ਇਸੇ ਸੰਕਟ ਦੇ ਦੌਰ 'ਚ ਗੁਜ਼ਰ ਰਹੀ ਹੈ ਤਾਂ ਪੂਰੇ ਦੇਸ਼ ਦੇ ਸਾਈਕਲ ਉਦਯੋਗ ਦੇ ਸਾਹਮਣੇ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ ਹੈ। ਦੇਸ਼ ਦੇ ਸਾਈਕਲ ਬਾਜ਼ਾਰ 'ਚ ਚੀਨੀ ਫੈਨਸੀ ਸਾਈਕਲਾਂ ਨੇ 25 ਫੀਸਦੀ ਬਾਜ਼ਾਰ 'ਤੇ ਕਬਜ਼ਾ ਕਰ ਲਿਆ ਹੈ, ਭਾਰਤ 'ਚ ਬਣੀ ਸਾਈਕਲ ਚੀਨੀ ਸਾਈਕਲ ਦੇ ਮੁਕਾਬਲੇ 30 ਫੀਸਦੀ ਮਹਿੰਗੀ ਹੈ। ਇਸ ਦਾ ਕਾਰਨ ਹੈ ਚੀਨ 'ਚ ਸਾਈਕਲ ਬਣਾਉਣ ਲਈ ਕੱਚਾ ਮਾਲ ਜਾਂ ਜ਼ਰੂਰੀ ਸਾਮਾਨ ਸਸਤਾ ਮੁਹੱਈਆ ਹੈ। ਜਿਵੇਂ ਐਮ. ਐਸ. ਰਾਊਂਡ, ਸੀ. ਆਰ. ਸੀ. ਏ. ਸ਼ੀਅ ਅਤੇ ਟਿਊਬ ਹਾਵਰ ਦੀ ਭਾਰਤ 'ਚ ਕੀਮਤ ਕ੍ਰਮਵਾਰ 29000, 36000, 43000 ਰੁਪਏ ਪ੍ਰਤੀ ਟਨ ਹੈ, ਜਦਕਿ ਇਨ੍ਹਾਂ ਹੀ ਚੀਜ਼ਾਂ ਦੀ ਚੀਨ 'ਚ ਕੀਮਤ ਕ੍ਰਮਵਾਰ 14000, 21000 ਤੇ 25000 ਪ੍ਰਤੀ ਟਨ ਹੈ।

ਲੁਧਿਆਣਾ ਸਥਿਤ ਭਾਰਤੀ ਬਾਈਸਾਈਕਲ ਮੈਨੂਫਕਚਰਜ਼ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਨੀਲਮ ਸਾਈਕਲ ਦੇ ਮਾਲਕ ਕੇ. ਕੇ. ਸੇਠ ਨੇ ਕਿਹਾ, "ਪਿਛਲੇ ਸਾਲ 2006 'ਚ ਅਸੀਂ 760 ਕਰੋੜ ਰੁਪਏ ਮੁੱਲ ਦੀਆਂ ਸਾਈਕਲਾਂ ਬਰਾਮਦ ਕੀਤੀਆਂ, ਜਦਕਿ ਇਸ ਸਾਲ ਸਿਰਫ਼ 650 ਕਰੋੜ ਰੁਪਏ ਦੀਆਂ ਹੀ ਕਰ ਰਹੇ ਹਾਂ। ਐਸਾ ਬਾਜ਼ਾਰ 'ਚ ਚੀਨੀ ਸਾਈਕਲਾਂ ਦੇ ਆਉਣ ਨਾਲ ਹੋਇਆ ਹੈ। ਲੁਧਿਆਣੇ ਦੀ ਸਾਈਕਲ ਸਨਅਤ 60 ਸਾਲ ਪੁਰਾਣੀ ਹੈ। ਇਹ ਦੁਨੀਆਂ ਭਰ ਨੂੰ ਸਾਈਕਲਾਂ 'ਤੇ ਸਾਈਕਲਾਂ ਦੇ ਕਲਪੁਰਜ਼ੇ ਬਰਾਮਦ ਕਰਦੀ ਆ ਰਹੀ ਹੈ। ਲੁਧਿਆਣੇ ਦੀ ਵਿਸ਼ਾਲ ਸਾਈਕਲ ਸਨਅਤ ਕਾਰਨ ਹੀ ਭਾਰਤ ਚੀਨ ਤੋਂ ਬਾਅਦ ਦੁਨੀਆ ਦਾ ਸਭ ਤੋਂ ਵੱਡਾ ਸਾਈਕਲ ਉਤਪਾਦਕ ਦੇਸ਼ ਹੈ। ਲੁਧਿਆਣੇ 'ਚ ਵਿਸ਼ਾਲ ਸਾਈਕਲ ਸਨਅਤ ਕਾਰਨ ਹੀ 3000 ਸਨਅਤੀ ਇਕਾਈਆਂ ਹਨ, ਜੋ ਸਾਈਕਲ ਜਾਂ ਸਾਈਕਲਾਂ ਦੇ ਕਲਪੁਰਜ਼ੇ ਬਣਾਉਂਦੀਆਂ ਹਨ।

ਚੀਨ 'ਚ ਸਾਈਕਲ ਦੇ ਪੁਰਜ਼ੇ ਜ਼ਿਆਦਾਤਰ ਸਵੈਚਾਲਿਤ ਮਸ਼ੀਨਾਂ ਨਾਲ ਬਣਾਏ ਜਾਂਦੇ ਹਨ। ਉਹ ਸਾਡੇ ਬਣੇ ਕਲਪੁਰਜ਼ਿਆਂ ਦੇ ਮੁਕਾਬਲੇ ਕਾਫੀ ਸਸਤੇ ਪੈਂਦੇ ਹਨ। ਹਰ ਮਹੀਨੇ 100 ਕੰਟੇਨਰ ਚੀਨ ਤੋਂ ਆਉਂਦੇ ਹਨ, ਜਿਨ੍ਹਾਂ 'ਚ ਉਥੋਂ ਦੇ ਕਲਪੁਰਜ਼ੇ ਭਰੇ ਹੁੰਦੇ ਹਨ। ਉਮੀਦ ਹੈ ਕਿ ਇਸ ਸਾਲ ਚੀਨੀ ਸਾਈਕਲਾਂ ਤੇ ਪੁਰਜ਼ਿਆਂ ਕਾਰਨ ਲੁਧਿਆਣੇ ਦੀ ਇਹ ਸਨਅਤ ਦੀ 100 ਕਰੋੜ ਰੁਪਏ ਮੁੱਲ ਦੀ ਬਰਾਮਦ ਖੁਸ ਜਾਵੇਗੀ। ਹੀਰੋ, ਈਸਟਮਾਨ, ਸਫਾਰੀ ਸਾਈਕਲਜ਼, ਸਦਮ ਸਾਈਕਲਜ਼ ਅਤੇ ਅਜਿਹੇ ਹੀ ਹੋਰ ਵੱਡੇ ਅਨੇਕਾਂ ਸਾਈਕਲ ਬਰਾਮਦਕਾਰਾਂ ਨੇ ਅਜੇ ਪਿੱਛੇ ਜਿਹੇ ਹੀ ਚੀਨ 'ਚ ਆਪਣੇ

ਦਫ਼ਤਰ ਤੇ ਕੇਂਦਰ ਖੋਲ੍ਹੇ ਹਨ। ਜਿੱਥੋਂ ਉਹ ਵਿਕਾਸਸ਼ੀਲ ਦੇਸ਼ਾਂ ਦੇ ਬਾਜ਼ਾਰਾਂ ਨੂੰ ਸਸਤੇ ਸਾਈਕਲ ਪੁਰਜ਼ੇ ਬਰਾਮਦ ਕਰਨਗੇ।

ਸਾਇਕਲ ਸਨਅਤ ਵਾਂਗੂੰ ਹੀ ਲੁਧਿਆਣਾ ਸਿਲਾਈ ਮਸ਼ੀਨ ਸਨਅਤ ਦਾ ਵੀ ਪਿਛਲੇ 100 ਸਾਲਾਂ ਤੋਂ ਕੇਂਦਰ ਰਿਹਾ ਹੈ। ਦੇਸ਼ ਦੇ ਕੁੱਲ ਸਿਲਾਈ ਮਸ਼ੀਨ ਨਿਰਮਾਣ ਦਾ 75 ਫੀਸਦੀ ਕਾਰੋਬਾਰ ਲੁਧਿਆਣਾ 'ਚ ਹੀ ਹੈ। ਇਹ ਦੇਸ਼ ਦਾ ਸਭ ਤੋਂ ਵੱਡਾ ਸਿਲਾਈ ਮਸ਼ੀਨਾਂ ਬਣਾਉਣ ਵਾਲਾ ਕੇਂਦਰ ਹੈ, ਪਰ ਹੁਣ ਇਹ ਚੀਨੀ ਸਿਲਾਈ ਮਸ਼ੀਨਾਂ ਤੇ ਉਨ੍ਹਾਂ ਦੇ ਪੁਰਜ਼ਿਆਂ, ਜੋ ਭਾਰਤੀ ਮਸ਼ੀਨਾਂ ਤੇ ਕਲਪੁਰਜ਼ਿਆਂ ਤੋਂ 40 ਤੋਂ 60 ਫੀਸਦੀ ਤੱਕ ਸਸਤੇ ਹਨ, ਦੇ ਮੁਕਾਬਲੇ ਬਾਜ਼ਾਰ 'ਚ ਪਛੜ ਰਿਹਾ ਹੈ। ਹੁਣ ਵੱਡੀਆਂ ਰੈਡੀਮੇਡ ਕੱਪੜੇ ਦੀਆਂ ਨਿਰਮਾਣ ਕੰਪਨੀਆਂ ਦੇ ਸਿਲਾਈ ਕੇਂਦਰਾਂ ਵਿਚ ਵੀ ਲੁਧਿਆਣੇ ਦੇ ਸਿਲਾਈ ਕੇਂਦਰਾਂ ਵਿਚ ਵੀ ਲੁਧਿਆਣੇ ਦੀਆਂ ਬਣਾਈਆਂ ਮਸ਼ੀਨਾਂ ਦੀ ਥਾਂ 'ਤੇ ਜਗੁਆਰ, ਜੁਲਸੀ, ਪੈਗਾਸਸ ਆਦਿ ਨਾਵਾਂ ਹੇਠ ਦਰਾਮਦ ਹੋਈਆਂ ਸਿਲਾਈ ਮਸ਼ੀਨਾਂ ਦਾ ਵੀ 60 ਫੀਸਦੀ ਬਾਜ਼ਾਰ ਚੀਨੀ ਕਢਾਈ ਮਸ਼ੀਨਾਂ ਦੇ ਕਬਜ਼ੇ 'ਚ ਆ ਚੁੱਕਿਆ ਹੈ। ਸਿਊਇੰਗ ਮਸ਼ੀਨ ਡੀਲਰਜ਼ ਐਂਡ ਇਸੈਬਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵਰਿੰਦਰ ਰਖੇਜਾ ਮੁਤਾਬਕ, "ਭਾਰਤੀ ਬਾਜ਼ਾਰ 'ਚ ਚੀਨ ਦੀ ਹਿੱਸੇਦਾਰੀ ਤੇਜ਼ੀ ਨਾਲ ਵਧ ਰਹੀ ਹੈ, ਕਿਉਂਕਿ ਸਿਲਾਈ ਮਸ਼ੀਨਾਂ 'ਚ ਵਰਤੀ ਜਾਣ ਵਾਲੀ ਸੂਈ ਪਲੇਟ, ਬਾਬਿੰਸ ਤੇ ਬਾਬਿਨ ਕੇਸ ਵਰਗੇ ਜ਼ਰੂਰੀ 95 ਫੀਸਦੀ ਤੱਕ ਚੀਨ ਤੋਂ ਦਰਾਮਦ ਕਲਪੁਰਜ਼ੇ ਹੀ ਵਰਤੇ ਜਾ ਰਹੇ ਹਨ। ਇਸ ਦਾ ਮੁੱਖ ਕਾਰਨ ਇਨ੍ਹਾਂ ਦੀ ਕੀਮਤ 'ਚ ਭਾਰੀ ਫ਼ਰਕ ਹੋਣਾ ਹੈ।"

ਲਾਗਤ ਵਸਤੂਆਂ ਦੇ ਮੁੱਲਾਂ 'ਚ ਵੀ ਦੋਵਾਂ ਦੇਸ਼ਾਂ 'ਚ ਭਾਰੀ ਫ਼ਰਕ ਹੈ। ਸ਼ੀਟ ਮੈਟਲ (ਸਿਲਾਈ ਮਸ਼ੀਨਾਂ ਦੇ ਨਿਰਮਾਣ 'ਚ ਵਰਤਿਆ ਜਾਣ ਵਾਲਾ ਮਾਲ) ਦੀ ਕੀਮਤ 26000 ਰੁਪਏ ਪ੍ਰਤੀ ਟਨ ਤੋਂ ਵਧ ਕੇ 36000 ਪ੍ਰਤੀ ਟਨ ਹੋ ਗਈ ਹੈ, ਜਦਕਿ ਪਿਛਲੇ 6 ਮਹੀਨਿਆਂ ਵਿਚ ਹੀ ਨਿਕਿਲ ਦੇ ਭਾਅ ਵੀ 4 ਫੀਸਦੀ ਵਧੇ ਹਨ। ਸੂਈ ਦੇ ਭਾਵਾਂ ਵਿਚ ਵੀ ਭਾਰੀ ਫ਼ਰਕ ਹੈ। ਜਪਾਨ ਦੀ ਬਣੀ ਇਕ ਸੂਈ 2.50 ਰੁਪਏ, ਭਾਰਤ ਦੀ ਬਣੀ 1.50 ਰੁਪਏ ਤੇ ਚੀਨ ਦੀ ਬਣੀ ਸਿਰਫ 25 ਪੈਸੇ 'ਚ ਪੈਂਦੀ ਹੈ।

120 ਸਾਲ ਪਹਿਲਾਂ ਲੁਧਿਆਣੇ ਦੇ ਕੁਝ ਉਤਸ਼ਾਹੀ ਤੇ ਨਵੇਂ ਵਿਚਾਰਾਂ ਨਾਲ ਪਰਨਾਏ ਉੱਦਮੀਆਂ ਨੇ ਸਿਲਾਈ ਮਸ਼ੀਨਾਂ ਦਾ ਨਿਰਮਾਣ ਸ਼ੁਰੂ ਕੀਤਾ ਸੀ। ਇਹ ਮਸ਼ੀਨਾਂ ਲਾਹੌਰ ਤੱਕ ਜਾਂਦੀਆਂ ਸਨ। ਹੁਣ ਲੁਧਿਆਣੇ ਦਾ ਇਹ ਗੌਰਵਮਈ ਉਦਯੋਗ ਜਪਾਨੀ, ਤਾਇਵਾਨੀ ਤੇ ਚੀਨੀ ਮਸ਼ੀਨਾਂ ਕਾਰਨ ਘਾਟੇ ਦੇ ਦੌਰ 'ਚ ਜਾ ਚੁੱਕਾ ਹੈ। ਚੀਨ ਦੇ ਉੱਦਮੀ ਆਪਣੀਆਂ ਮਸ਼ੀਨਾਂ ਵੇਚਣ ਲਈ ਸਭ ਤਰ੍ਹਾਂ ਦੇ ਧੱਕੇ ਵਰਤ ਰਹੇ ਹਨ, ਜਿਸ ਨਾਲ ਸਾਡਾ ਬਾਜ਼ਾਰ ਉਨ੍ਹਾਂ ਦੇ ਕਬਜ਼ੇ 'ਚ ਜਾ ਰਿਹਾ ਹੈ। ਛੋਟੀ ਸਨਅਤ ਦੇ ਉਜਾੜੇ ਦੀ ਇਹ ਜਿਊਂਦੀ ਜਾਗਦੀ ਮਿਸ਼ਾਲ ਹੈ।

# ਬਲਾਤਕਾਰ ਦਾ ਜਾਲ

ਰਾਜਸਥਾਨ ਪੁਲਸ ਨੇ ਤਿੰਨ ਸਾਲਾਂ 'ਚ 3000 ਤੋਂ ਵੱਧ ਕੇਸਾਂ ਦੀ ਵਿਸਥਾਰਿਤ ਰੀਪੋਰਟ ਬਣਾਈ ਤਾਂ ਹੈਰਾਨ ਕਰਨ ਵਾਲੇ ਨਤੀਜੇ ਸਾਹਮਣੇ ਆਏ। ਨਵੰਬਰ ਦੇ ਪਹਿਲੇ ਹਫ਼ਤੇ ਦੀ ਗੱਲ ਹੈ। ਜੈਪੁਰ ਦੇ ਸਿਟੀ ਪੈਲੇਸ ਕੈਂਪਸ ਸਥਿਤ ਰਾਜਸਥਾਨ ਪੁਲਸ ਦੇ ਮੁਖ ਦਫਤਰ 'ਚ ਡੀ. ਜੀ. ਪੀ. ਏ. ਐੱਸ. ਗਿੱਲ ਆਪਣੇ ਮਤਾਹਿਤਾਂ ਨਾਲ ਗਹਿਰੀ ਸੋਚ 'ਚ ਮਸ਼ਗੂਲ ਸਨ, ਮਾਮਲਾ ਅਸਲ ਵਿੱਚ ਇੱਕ 18 ਸਾਲ ਪੜੀ ਲਿਖੀ ਬ੍ਰਾਹਮਣ ਲੜਕੀ ਸੀ, ਉਸ ਦੇ ਇਥੇ ਕਿਰਾਏ 'ਤੇ ਰਹਿ ਰਹੇ 19 ਸਾਲਾਂ ਇੱਕ ਜਾਟ ਵਿਦਿਆਰਥੀ ਮਹਾਂਵੀਰ ਪ੍ਰਸ਼ਾਦ ਨੇ ਬਲਾਤਕਾਰ ਪਿੱਛੋਂ, ਉਸ ਦਾ ਗਲਾ ਘੋਟ ਦਿੱਤਾ ਸੀ। ਉਦੋਂ ਤੋਂ ਉਸ ਦੇ ਖਿਲਾਫ਼ ਮੁਜਾਹਰੇ ਹੋ ਰਹੇ ਸਨ। ਮਾਮਲੇ ਦੀ ਗੰਭੀਰਤਾ ਨੂੰ ਲੈਂਦਿਆਂ ਪੁਲਸ ਨੇ ਦੋਸ਼ੀ ਨੂੰ ਘਰੇ ਦਬੋਚਿਆ, ਜੈਪੁਰ ਦੇ ਆਈ. ਜੀ. ਗਿੱਲਹੋਤਰਾ ਯਾਦ ਕਰਦੇ ਹਨ ਕਿ ਦੋਸ਼ੀ ਦੀ ਗ੍ਰਿਫ਼ਤਾਰੀ ਦੇ ਬਾਵਜੂਦ ਲੋਕਾਂ ਦਾ ਗੁੱਸਾ ਸ਼ਾਂਤ ਨਹੀਂ ਹੋਇਆ। ਮੁਜਾਹਰਾਕਾਰੀ ਫੌਰਨ ਚਲਾਣ ਪੇਸ਼ ਕਰਨ ਦੀ ਮੰਗ ਕਰ ਰਹੇ ਸਨ। ਦਰਅਸਲ ਲੋਕਾਂ ਦੇ ਦਿਮਾਗ 'ਚ ਚਾਰ ਦਿਨ ਪਹਿਲਾਂ 30 ਅਕਤੂਬਰ ਨੂੰ ਪ੍ਰਿਆਦਰਸ਼ਨੀ ਮੱਟੂ ਮਾਮਲੇ 'ਚ ਆਇਆ ਦਿੱਲੀ ਹਾਈਕੋਰਟ ਦਾ ਫੈਸਲਾ ਘੁੰਮ ਰਿਹਾ ਸੀ। ਉਸ ਨੇ ਬਲਾਤਕਾਰ ਤੇ ਕਤਲ ਦੇ ਦੋਸ਼ੀ ਕਰਾਰ ਦਿੱਤੇ ਗਏ ਵਕੀਲ ਸੰਤੋਸ਼ ਸਿੰਘ ਨੂੰ ਮੌਤ ਦੀ ਸਜਾ ਸੁਣਾਈ ਸੀ, ਇਸ ਦਾ ਖਾਸਾ ਪ੍ਰਚਾਰ ਵੀ ਹੋਇਆ। ਇਸਦੇ ਬਾਵਜੂਦ ਮਹਾਂਵੀਰ ਪ੍ਰਸ਼ਾਦ ਇਸ ਤਰ੍ਹਾਂ ਦਾ ਅਪਰਾਧ ਕਰਨ ਤੋਂ ਖ਼ੁਦ ਨੂੰ ਨਹੀਂ ਰੋਕ ਸਕਿਆ। ਜਾਂਚ ਤੋਂ ਪਤਾ ਲੱਗਿਆ ਕਿ ਹਾਦਸੇ ਸਮੇਂ ਲੜਕੀ ਘਰੇ ਇਕੱਲੀ ਸੀ। ਕੀ ਇਸਨੂੰ ਟਾਲਿਆ ਜਾ ਸਕਦਾ ਸੀ। ਗਿੱਲ ਨੇ ਖੁਦ ਨੂੰ ਸੁਆਲ ਕੀਤਾ, ਫਿਰ ਅਜਿਹੇ ਹਾਦਸਿਆਂ ਦੇ ਬਿਉਰੇ 'ਚ ਜਾਣ ਲਈ ਰਾਜ 'ਚ 2003-05 ਵਿਚਕਾਰ ਦਰਜ ਅਜਿਹੇ 3081 ਕੇਸਾਂ 'ਤੇ ਵਿਸਥਾਰਿਤ ਰੀਪੋਰਟ ਮੰਗਵਾਈ। ਇਸ ਦੇ ਵਿਸਲੇਸ਼ਨ ਨਾਲ ਇਸ ਘਾਤਕ ਅਪਰਾਧ ਦੇ ਪਹਿਲੂਆਂ ਨੂੰ ਸਮਝਿਆ ਜਾ ਸਕਦਾ ਹੈ ਤੇ ਪੁਲਸ ਦੀ ਭੂਮਿਕਾ ਨੂੰ ਵੀ। ਹੈਰਤ ਅੰਗੇਜ਼ ਤੱਥ ਹੈ ਕਿ ਇਸ ਦਾ ਸ਼ਿਕਾਰ ਘੱਟ ਉਮਰ ਦੀਆਂ ਲੜਕੀਆਂ ਦਾ ਹੋਣਾ, 18 ਸਾਲ ਤੱਕ ਦੀ ਉਮਰ ਵਾਲੀਆਂ ਪੀੜਤਾਂ ਦੀ ਸੰਖਿਆ ਸ਼ੁਰੂ ਵਿੱਚ 4.6 ਫੀਸਦੀ ਸੀ ਜੋ 2005 'ਚ 33.6 ਫ਼ੀਸਦੀ ਹੋ ਗਈ। ਇਸ ਤਰ੍ਹਾਂ 18 ਤੋਂ 30 ਸਾਲ ਦੀ ਉਮਰ ਦੀਆਂ ਪੀੜਤਾਂ ਦੀ ਤੈਦਾਦ 2002 'ਚ 71.52 ਫ਼ੀਸਦੀ ਦੇ ਮੁਕਾਬਲੇ 2005 'ਚ 48.43 ਫੀਸਦੀ ਹੋ ਗਈ। ਇਹ ਰਾਸ਼ਟਰੀ ਅੰਕੜਿਆਂ ਨਾਲ ਮੇਲ ਖਾਂਦੇ ਤੱਥ ਹਨ। ਜਿਥੇ 2002 'ਚ 15.8 ਫੀਸਦੀ ਪੀੜਤ ਲੜਕੀਆਂ ਦੀ ਉਮਰ 18 ਸਾਲ ਤੱਕ ਸੀ। 2005 'ਚ ਇਹ ਅੰਕੜਾ ਵਧ ਕੇ 22.19 ਫੀਸਦੀ ਹੋ ਗਿਆ ਅਤੇ 18 ਤੋਂ 30 ਸਾਲ ਤੱਕ ਦੀਆਂ ਪੀੜਤਾਂ ਦਾ ਅੰਕੜਾ 65.3 ਫੀਸਦੀ ਤੋਂ ਘੱਟ ਕੇ 58.7 ਫੀਸਦੀ ਹੋ ਗਿਆ। ਗਿੱਲ ਇਸ ਨੂੰ ਬੇਹੱਦ ਖਤਰਨਾਕ ਰੁਝਾਨ ਕਰਾਰ ਦਿੰਦੇ ਹਨ। ਸੰਕੇਤ ਇਹ ਹੈ ਕਿ ਪੁਰਸ਼ ਮਾਨਸਿਕਤਾ ਨੌਜਵਾਨ ਲੜਕੀਆਂ ਨੂੰ ਹੀ ਨਿਸ਼ਾਨਾ ਬਣਾ ਰਹੀ ਹੈ। ਦੂਜਾ ਵੱਡਾ ਸੰਕੇਤ ਪੀੜਤ ਮੁਟਿਆਰਾਂ ਦੇ ਰਿਸ਼ਤੇਦਾਰ ਹੁਣ ਵੱਧ ਗਿਣਤੀ 'ਚ ਰਿਪੋਰਟ ਲਿਖਵਾਉਣ ਆ ਰਹੇ ਹਲ। ਦੂਜਾ ਜਬਰ ਦਾ ਸ਼ਿਕਾਰ ਹੋਣ

ਵਾਲਾ ਗਰੁੱਪ ਹੈ 30 ਤੋਂ 50 ਸਾਲਾਂ ਦੀ ਉਮਰ ਵਾਲੀਆਂ ਔਰਤਾਂ ਦਾ। ਕੁਝ ਹੋਰ ਸਿੱਟੇ ਸਾਹਮਣੇ ਆਏ ਹਨ। ਇੱਕ ਬੇਹੱਦ ਸਪੱਸ਼ਟ ਸਿੱਟਾ ਇਹ ਹੈ ਕਿ ਅਨਪੜ੍ਹਾਂ ਨੂੰ ਵੱਧ ਸ਼ਿਕਾਰ ਬਣਾਇਆ ਜਾਣਾ।

ਰਾਜਸਥਾਨ 'ਚ ਅਨਪੜ੍ਹ ਔਰਤਾਂ 55 ਫੀਸਦੀ ਹਨ ਜਦ ਕਿ ਇਸ ਵਰਗ ਦੀਆਂ 78 ਫੀਸਦੀ ਔਰਤਾਂ ਨਿਸ਼ਾਨਾ ਬਣੀਆਂ। 2005 'ਚ ਜਦ ਔਰਤਾਂ ਦੀ ਸਾਖਰਤਾ ਵਧਣ ਦੀ ਗੱਲ ਸਾਹਮਣੇ ਆਈ ਤਾਂ ਬਲਾਤਕਾਰ ਦਾ ਸ਼ਿਕਾਰ ਅਨਪੜ੍ਹ ਲੜਕੀਆਂ-ਔਰਤਾਂ ਦਾ ਅੰਕੜਾ 68 ਫੀਸਦੀ 'ਤੇ ਆ ਗਿਆ, ਇੱਕ ਪਹਿਲੂ ਇਹ ਹੈ ਕਿ ਅਨਪੜ੍ਹ ਦਾ ਇਹ ਸਮੂਹ ਸਿੱਖਿਅਤ ਹੋ ਗਿਆ, ਹਾਇਰ ਸੈਕੰਡਰੀ ਤੱਕ ਸਿੱਖਿਅਤ ਪੀੜਤਾਂ ਦੀ ਤੈਦਾਦ 20 ਤੋਂ ਵੱਧ ਕੇ 27 ਫੀਸਦੀ ਹੋ ਗਈ ਤਾਂ ਕੀ ਉਹਨਾਂ ਦੀ ਆਰਥਕ ਸਥਿਤੀ ਵੀ ਇਸ ਦੇ ਲਈ ਜ਼ੁੰਮੇਵਾਰ ਹੈ? ਚੂਰੂ ਦਾ ਇੱਕ ਹਾਦਸਾ ਇਸ ਦੀ ਮਿਸਾਲ ਤਾਂ ਹੈ ਹੀ, ਦੋਸ਼ੀਆਂ ਦੇ ਚਰਿੱਤਰ ਦਾ ਵੀ ਸ਼ੀਸ਼ਾ ਹੈ, ਰਾਵਟੀਬਾਦੀ ਜਮਾਤ ਨੌਂਵੀਂ ਦੀ ਵਿਦਿਆਰਥਣ ਸੁਪਨ ਸਿੰਘ ਨੂੰ ਚਰਵਾਹਾ ਮਾਂ ਬਾਪ ਰਣਬੀਰ ਸਿੰਘ ਜਾਟ ਤੇ ਰਮੀ ਨੇ ਸਮੁੱਚੀਆਂ ਮੁਸ਼ਕਲਾਂ ਝਲਦਿਆਂ ਹੋਇਆ ਪੜ੍ਹਾਇਆ। ਨਵੰਬਰ 'ਚ ਉਸ ਨੇ ਉਸ ਵਕਤ ਖੁਦਕੁਸ਼ੀ ਕਰ ਲਈ ਜਦ ਦੋ ਜਾਣੇ ਪਹਿਚਾਣੇ ਨੌਜਵਾਨਾਂ-ਜਾਕਰ ਤੇ ਅਹਿਮਦ ਨੇ ਜ਼ਬਰੀ ਉਸ ਨਾਲ ਸਰੀਰਕ ਸਬੰਧ ਬਣਾਏ। ਖੈਰ ਅੰਕੜੇ ਦੱਸਦੇ ਹਨ ਕਿ ਮਾੜੇ ਕੰਮ ਲਈ ਗਰੀਬ ਸਭ ਤੋਂ ਸੌਖੇ ਸ਼ਿਕਾਰ ਹਨ, ਜੈਪੁਰ ਸਥਿਤ ਇੰਸਟੀਚਿਊਟ ਆਫ ਡਿਵੈਲਪਮੈਂਟ ਸਟੱਡੀ ਦੇ ਮੁਖੀ ਤੇ ਆਈ. ਆਈ. ਐੱਮ. ਅਹਿਮਦਾਬਾਦ ਦੇ ਸਾਬਕਾ ਡਾਇਰੈਕਟਰ ਪ੍ਰੋ. ਵੀ. ਐੱਸ. ਵਿਆਸ ਮੁਤਾਬਿਕ "ਰਾਜਸਥਾਨ 'ਚ ਨਿਮਨ ਮੱਧ ਵਰਗ ਤੱਕ ਦੀ ਅਬਾਦੀ 60 ਫੀਸਦੀ ਦੇ ਆਸਪਾਸ ਹੋਣੀ ਚਾਹੀਦੀ ਹੈ। ਇਸ ਤੋਂ ਵੀ ਸਾਬਤ ਹੁੰਦਾ ਹੈ ਕਿ ਨਿਮਨ ਆਮਦਨ ਵਰਗ ਦੀ ਅਬਾਦੀ ਅਜੇਹੇ ਹਾਦਸਿਆਂ ਦਾ ਸ਼ਿਕਾਰ ਵੱਧ ਹੁੰਦੀ ਹੈ" ਆਰਥਿਕ ਰੂਪ ਨਾਲ ਕਮਜ਼ੋਰ ਤਿੰਨ ਤਬਕੇ ਨਿਮਨ ਆਮਦਨ ਵਰਗ, ਨਿਮਨ ਮੱਧ ਆਮਦਨ ਵਰਗ, ਤੇ ਬੇਹੱਦ ਗਰੀਬ ਤਬਕੇ ਇਸਦਾ ਸ਼ਿਕਾਰ 90 ਫੀਸਦੀ ਹਨ ਜਦ ਕਿ ਮੱਧ ਵਰਗ ਤੇ ਉਸ ਤੋਂ ਉੱਪਰ ਦੇ ਪੀੜਤਾਂ ਦੀ ਤੈਦਾਦ 10 ਫੀਸਦੀ ਤੱਕ ਹੈ।" ਹਾਇਰ ਸੈਕੰਡਰੀ ਤੋਂ ਵੱਧ ਸਿੱਖਿਅਤ ਵਰਗ ਦੀਆਂ ਬਲਾਤਕਾਰ ਪੀੜਤਾਂ ਦਾ ਅੰਕੜਾ ਪੰਜ ਫੀਸਦੀ ਦਾ ਸੀ ਜੋ ਇਸ ਧਾਰਨਾ ਦੀ ਪੁਸ਼ਟੀ ਕਰਦਾ ਹੈ ਕਿ ਨਿਮਨ ਆਮਦਨ ਤੇ ਅਨਪੜਤਾ ਦਾ ਰਿਸ਼ਤਾ ਆਪਸ ਵਿੱਚ ਹੈ। ਦੂਜੇ ਪਾਸੇ 8 ਤੋਂ 9 ਫੀਸਦੀ ਦੋਸ਼ੀਆਂ ਦਾ 18 ਸਾਲ ਤੋਂ ਘੱਟ ਹੋਣਾ ਚਿੰਤਾ ਦਾ ਕਾਰਨ ਹੋਣਾ ਚਾਹੀਦਾ ਹੈ। ਬਹੁਤੇ ਦੋਸ਼ੀ 18 ਤੋਂ 30 ਸਾਲ ਤੱਕ ਦੀ ਉਮਰ ਦੇ ਹਨ। ਸਭ ਤੋਂ ਅਹਿਮ ਇਹ ਹੈ ਕਿ ਅਜੇਹੇ ਕੇਸਾਂ ਪਿੱਛੋਂ ਜਾਤ ਤੇ ਫਿਰਕੇ ਕੋਈ ਅਹਿਮ ਵਜ੍ਹਾ ਨਹੀਂ ਹਨ। ਪੀੜਤਾਂ ਤੇ ਦੋਸ਼ੀਆਂ ਦੋਨਾਂ 'ਚ ਹੀ 37 ਫੀਸਦੀ ਅਨੁਸੂਚਿਤ ਜਾਤੀ ਤੇ ਜਨਜਾਤੀ ਵਰਗ ਹੈ। ਇਹਨਾਂ ਦੋਹਾਂ ਵਰਗਾਂ ਦੀ ਸੂਬੇ ਦੀ ਅਬਾਦੀ 'ਚ 30 ਫੀਸਦੀ ਹਿੱਸੇਦਾਰੀ ਤੋਂ ਥੋੜ੍ਹਾ ਵੱਧ ਹੈ ਕਿਉਂਕਿ ਇਹ ਦੋਨੋਂ ਵਰਗ ਘੱਟ ਸਿੱਖਿਆ ਤੇ ਨੀਵੀਂ ਆਮਦਨ ਵਾਲੀ ਜਮਾਤ ਵਿੱਚੋਂ ਹਨ। ਇਸ ਤੋਂ ਸਾਬਤ ਹੁੰਦਾ ਹੈ ਕਿ ਸਮਾਜ ਦਾ ਇਹ ਹੇਠਲਾ ਤਬਕਾ ਇਸ ਅਪਰਾਧ ਲਈ ਅਸਾਨ ਸ਼ਿਕਾਰ ਹੈ। ਆਖਰ ਮਰਦ ਬਲਾਤਕਾਰ ਲਈ ਕਿਉਂ ਪ੍ਰੇਰਿਤ ਹੁੰਦੇ ਹਨ? ਅਧਿਐਨ ਤੋਂ ਪਤਾ ਲੱਗਦਾ ਹੈ 40 ਫੀਸਦੀ ਮਾਮਲਿਆਂ ਪਿੱਛੇ ਪਿਆਰ, ਈਰਖਾ ਤੇ ਵਾਸ਼ਨਾ ਵਜ੍ਹਾ ਸੀ। ਪੰਜ ਫੀਸਦੀ ਮਾਮਲਿਆਂ ਵਿੱਚ ਦੋਸ਼ੀ

ਲੜਕੀ ਤੋਂ ਬਦਲਾ ਲੈਣਾ ਚਾਹੁੰਦਾ ਸੀ ਜਾਂ ਉਸ ਨੂੰ ਬਦਨਾਮ ਕਰਨਾ ਚਾਹੁੰਦਾ ਸੀ ਪਰ ਬਾਕੀ ਦੇ ਪੰਜਾਹ ਫੀਸਦੀ ਮਾਮਲਿਆਂ ਵਿੱਚ ਸਿੱਟਾ ਨਹੀਂ ਕੱਢਿਆ ਜਾ ਸਕਿਆ ਕਿਉਂਕਿ ਇਹਨਾਂ ਪਿੱਛੇ ਦੂਜੇ ਕਾਰਨ ਸਨ।

ਪੁਲਸ ਦੀ ਭੂਮਿਕਾ ਕੀ ਹੈ? 3 ਸਾਲ 'ਚ 3413 ਦੋਸ਼ੀਆਂ 'ਚ ਸਿਰਫ 107 ਦਾ ਅਪਰਾਧਿਕ ਪਿਛੋਕੜ ਸੀ। ਇਸ ਲਈ ਵੀ ਦੁਸ਼ਕਰਮ ਦੇ ਕੇਸਾਂ ਨੂੰ ਪ੍ਰਭਾਵੀ ਤਰੀਕਿਆਂ ਨਾਲ ਘੱਟ ਨਹੀਂ ਕੀਤਾ ਜਾ ਸਕਿਆ ਹੈ। ਮਹਿਲਾ ਵਰਕਰਾਂ ਦਾ ਇੱਕ ਵਰਗ ਮਹਿਸੂਸ ਕਰਦਾ ਹੈ ਕਿ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਫੌਰਨ ਉਹਨਾਂ ਨੂੰ ਸਜਾ ਦਿਵਾਏ ਜਾਣ ਨਾਲ ਕੇਸਾਂ 'ਚ ਕਮੀ ਲਿਆਂਦੀ ਜਾ ਸਕਦੀ ਹੈ। ਕੀ ਜਲਦੀ ਚਲਾਣ ਪੇਸ਼ ਕੀਤਾ ਜਾਣਾ ਸੰਭਵ ਹੋ ਸਕਦਾ ਹੈ? ਗਿੱਲ ਛੇ ਸਾਲਾ (1994-98) ਦੌਰਾਨ ਰਾਜਸਥਾਨ ਦੇ 8 ਪੁਲਸ ਥਾਣਿਆਂ ਦੇ ਆਪਣੇ ਅਧਿਐਨ ਦੇ ਅਧਾਰ 'ਤੇ ਕਹਿੰਦੇ ਹਨ ਕਿ ਮਾਮਲਿਆਂ ਦੇ ਨਿਪਟਾਰੇ ਦੇ ਔਸਤ ਸਮੇਂ ਤੇ ਸਜ਼ਾ ਜਾਂ ਸਜ਼ਾ ਦੇਣ ਦੀ ਦਰ 'ਚ ਕੋਈ ਸਬੰਧ ਨਹੀਂ ਹੈ ਜਿਵੇਂ ਕਈ ਥਾਵਾਂ 'ਤੇ ਫੈਸਲਾ ਤਾਂ ਜਲਦੀ ਹੋ ਗਿਆ ਪਰ ਉਥੇ ਦੋਸ਼ੀਆਂ ਦਾ ਦੋਸ਼ ਸਾਬਤ ਕਰਨ ਦੀ ਦਰ ਘੱਟ ਰਹੀ। ਉਹ ਕਹਿੰਦੇ ਹਨ ਕਿ ਇਸ ਅਧਿਐਨ ਨਾਲ ਹੀ ਸਬੰਧਤ ਪੈਮਾਨਾ ਦੱਸਦਾ ਹੈ ਕਿ ਮਾਮਲਾ ਸਾਬਤ ਕਰਨ ਤੇ ਸਜ਼ਾ ਦਿਵਾਉਣ ਦੀ ਦਰ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਸੁਣਵਾਈ ਕਿਸ ਤਰ੍ਹਾਂ ਹੋਈ ਤੇ ਜੱਜ ਦਾ ਆਪਣਾ ਰਵੱਈਆ ਕਿਹੋ ਜਿਹਾ ਸੀ। ਦਰਅਸਲ ਗਿੱਲ ਇਸ ਸਮੱਸਿਆ ਦਾ ਹੱਲ ਤਲਾਸ਼ਣ ਦੀ ਕੋਸ਼ਿਸ਼ ਵਿੱਚ ਹਨ ਤੇ ਆਯੋਜਨ 'ਤੇ ਧਿਆਨ ਕੇਂਦਰਿਤ ਕੀਤੇ ਹੋਏ ਹਨ ਦੋ ਸਾਲ ਪਹਿਲਾਂ ਉਹਨਾਂ ਕੇਸ ਅਫਸਰ ਸਕੀਮ ਸ਼ੁਰੂ ਕੀਤੀ। ਹਰੇਕ ਮਾਮਲੇ 'ਚ ਕੇਸ ਅਫਸਰ ਨਿਯੁਕਤ ਕੀਤਾ ਜਾਂਦਾ ਸੀ ਤੇ ਉਸ ਮਸਲੇ ਦੀ ਮੁਢਲੀ ਜਾਂਚ ਤੋਂ ਲੈ ਕੇ ਉਸ ਦੇ ਨਿਪਟਾਰੇ ਤੱਕ ਨਿਯਮਿਤ ਅਧਾਰ 'ਤੇ ਨਿਗਰਾਨੀ ਰੱਖਣੀ ਹੁੰਦੀ ਸੀ। ਸਾਡੇ ਤਿੰਨ ਹਜ਼ਾਰ ਗੰਭੀਰ ਅਪਰਾਧਾਂ ਨੂੰ ਇਸ ਯੋਜਨਾ 'ਚ ਪਾਇਆ ਗਿਆ ਹੈ। ਇਸ ਅਫਸਰ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਗਵਾਹਾਂ ਦੀ ਮੌਜੂਦਗੀ ਨਿਸ਼ਚਤ ਕਰੇ ਤੇ ਦੋਸ਼ੀ ਦੇ ਛੁੱਟ ਜਾਣ ਦੇ ਕਾਰਨ ਸਪੱਸ਼ਟ ਕਰੇ। ਇਸ ਨਾਲ ਮੁਕਾਬਲਤਨ ਚੰਗੇ ਨਤੀਜੇ ਸਾਹਮਣੇ ਤਾਂ ਆਏ ਹਨ ਪਰ ਤਸੱਲੀ ਬਖਸ਼ ਨਹੀਂ।

ਹੈਰਾਨੀਜਨਕ ਤੱਥ ਇਹ ਹੈ ਕਿ ਇੱਕ ਚੌਥਾਈ ਕੇਸਾਂ 'ਚ ਦੋਸ਼ੀ ਜਾਂ ਤਾਂ ਪ੍ਰੀਵਾਰ ਦਾ ਮੈਂਬਰ ਤੇ ਜਾਂ ਰਿਸ਼ਤੇਦਾਰ ਜਾਂ ਗੁਆਂਢੀ ਸੀ। ਇਸ ਤੋਂ ਲਗਦਾ ਹੈ ਕਿ ਵਧਦੀ ਉਮਰ ਦੀਆਂ ਲੜਕੀਆਂ ਨੂੰ ਮਾਨਸਿਕ ਰੂਪ 'ਚ ਮਜ਼ਬੂਤ ਤੇ ਚਲਾਕ ਹੋਣ ਦੇ ਨਾਲ ਨਾਲ ਮਰਦਾਂ ਨਾਲ ਮੇਲ-ਮਿਲਾਪ 'ਚ ਵੀ ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ।

# ਕੀ ਹੈ ਬੋਲੇਪਣ ਦੇ ਇਲਾਜ ਦੀ ਨਵੀਂ ਤਕਨੀਕ?

ਸੰਸਾਰ ਭਰ ’ਚ ਬੋਲੇਪਣ ਦੇ 500 ਮਿਲੀਅਨ ਰੋਗੀ ਹਨ। ਇਕੱਲੇ ਭਾਰਤ ’ਚ ਹਰੇਕ 20 ਲੋਕਾਂ ’ਚੋਂ ਇਕ ਆਦਮੀ ਇਸ ਰੋਗ ਤੋਂ ਪੀੜਤ ਹੈ। ਆਧੁਨਿਕ ਤਕਨੀਕ ਦੇ ਤਹਿਤ ਹਿਰਿੰਗ ਏਡ ਇਸ ਦੇ ਕਾਰਗਰ ਇਲਾਜ ਦੇ ਰੂਪ ’ਚ ਉੱਭਰ ਰਹੀ ਹੈ।

ਅਟਲ ਬਿਹਾਰੀ ਵਾਜਪਾਈ, ਦੇਵਗੌੜਾ ਤੇ ਗੁਜਰਾਲ ਤੇ ਫਹੀਮੁਦੀਨ ਰੋਹਿਤ ਸੈਨੀ ਤੇ ਹੇਮੰਤ ਕੁਮਾਰ, ਸਾਰਿਆਂ ’ਚ ਇਕ ਗੱਲ ਸਾਂਝੀ ਹੈ ਕਿ ਉਹ ਸਾਰੇ ਵਾਈਡੇਕਸ ਹਿਰਿੰਗ ਏਡਜ ਦੀ ਵਰਤੋਂ ਕਰਦੇ ਹਨ। ਇਨ੍ਹਾਂ ਸਾਰਿਆਂ ਨੂੰ ਸੁਣਨ ’ਚ ਦਿੱਕਤ ਆ ਰਹੀ ਸੀ। ਸੈਆਦ ਕਿਰਮਾਨੀ ਵੀ ਇਸ ਸਮੱਸਿਆ ਤੋਂ ਪ੍ਰੇਸ਼ਾਨ ਸਨ। ਪਰ ਹੁਣ ਉਹ ਵੀ ਇਨ੍ਹਾਂ ਉਪਕਰਣਾਂ ਦੀ ਵਰਤੋਂ ਕਰਕੇ ਆਮ ਜੀਵਨ ਬਤੀਤ ਕਰ ਰਹੇ ਹਨ। ਪ੍ਰਸਿੱਧ ਕਲਾਕਾਰ ਤੇ ਹੀਰੋਇਨ ਜੋਹਰਾ ਸਹਿਗਲ ਦਾ ਵੀ ਕਹਿਣਾ ਹੈ ਕਿ ‘ਚੀਨੀ ਬੇਸ਼ੱਕ ਘੱਟ ਹੋਵੇ, ਪਰ ‘ਸੁਣਨ ’ਚ ਕਮੀ’ ਹਰਗਿਜ਼ ਨਹੀਂ। ਪਦਮਸ੍ਰੀ ਸੈਅਦ ਕਿਰਮਾਨੀ ਇਸ ਤਕਨੀਕ ਬਾਰੇ ਦੱਸਦੇ ਹਨ, “ਹੁਣ ਮੈਨੂੰ ਆਵਾਜ਼ ਪਿੱਛੇ ਭੱਜਣਾ ਨਹੀਂ ਪੈਂਦਾ, ਬਲਕਿ ਆਵਾਜ਼ ਖ਼ੁਦ ਮੇਰੇ ਤੱਕ ਆਉਂਦੀ ਹੈ। ਮੈਂ ਉਨ੍ਹਾਂ ਸਭ ਨੂੰ ਇਹ ਤਕਨੀਕ ਅਪਣਾਉਣ ਦੀ ਸਲਾਹ ਦੇਵਾਂਗਾ, ਜੋ ਆਪਣੀ ਸੁਣਨ ਸ਼ਕਤੀ ਵਧਾਉਣਾ ਚਾਹੁੰਦੇ ਹਨ।” ਵਰਨਣਯੋਗ ਹੈ ਕਿ ਸੰਸਾਰ ਭਰ ਵਿਚ 500 ਮਿਲੀਅਨ ਤੋਂ ਵੀ ਵੱਧ ਲੋਕ ਬੋਲੇਪਣ ਦਾ ਸ਼ਿਕਾਰ ਹਨ। ਸਾਲ 2015 ਤੱਕ ਇਹ ਗਿਣਤੀ ਲਗਭਗ 700 ਮਿਲੀਅਨ ਹੋ ਜਾਵੇਗੀ। ਜੇ ਅਸੀਂ ਭਾਰਤ ਦੀ ਗੱਲ ਕਰੀਏ ਤਾਂ ਹਰੇਕ 20 ਵਿਅਕਤੀਆਂ ਪਿੱਛੇ ਇਕ ਇਸ ਦਾ ਸ਼ਿਕਾਰ ਹੈ।

ਅਜਿਹਾ ਨਹੀਂ ਹੈ ਕਿ ਵਧਦੀ ਉਮਰ ਹੀ ਬੋਲੇਣ ਦਾ ਕਾਰਨ ਹੈ। ਬੋਲੇਪਣ ਦਾ ਸ਼ਿਕਾਰ 50 ਫੀਸਦੀ ਲੋਕ 65 ਸਾਲ ਤੋਂ ਘੱਟ ਉਮਰ ਦੇ ਹਨ। ਵਜ੍ਹਾ ਹੈ ਕਿ ਵਧਦਾ ਆਵਾਜ਼ ਪ੍ਰਦੂਸ਼ਣ ਤੇ ਅਣਚਾਹੀ ਬਿਮਾਰੀਆਂ। ਬੋਲੇਪਣ ਦਾ ਮੁੱਖ ਕਾਰਨ ਵਧਦੀ ਉਮਰ ਨੂੰ ਮੰਨਿਆ ਜਾਦਾ ਹੈ, ਪਰ ਅਜਿਹਾ ਵੇਖਿਆ ਗਿਆ ਹੈ ਕਿ ਇਸ ਤੋਂ ਇਲਾਵਾ ਹੋਰ ਵੀ ਬਹੁਤ ਕਾਰਨ ਹਨ, ਜੋ ਇਸ ਦੇ ਜ਼ਿੰਮੇਵਾਰ ਹਨ। ਬੋਲੇਪਣ ਦਾ ਇਕ ਮੁੱਖ ਕਾਰਨ ਸ਼ੋਰ ਤੇ ਜਮਾਂਦਰੂ ਨੁਕਸ ਵੀ ਹੋ ਸਕਦਾ ਹੈ। ਗਰਭ ਅਵਸਥਾ ਦੌਰਾਨ ਬਿਮਾਰੀ ਤੇ ਜਨਮ ਸਮੇਂ ਲਾਪ੍ਰਵਾਹੀਆਂ ਵੀ ਇਸ ਦਾ ਕਾਰਨ ਹਨ। ਇਸ ਤੋਂ ਇਲਾਵਾ ਬੋਲਾਪਣ ਪਿਤਾਪੁਰਖੀ ਜਾਂ ਚੋਟ ਲੱਗਣ ’ਤੇ ਵੀ ਹੋ ਸਕਦਾ ਹੈ। ਇਸ ਤਰ੍ਹਾਂ ਦਾ ਬੋਲਾਪਣ ਸਮੇਂ ਦੇ ਨਾਲ ਵਧਦਾ ਰਹਿੰਦਾ ਹੈ ਅਤੇ ਉੱਚ ਯੋਗਤਾ ਦੀ ਤਕਨੀਕ ਦੀ ਸਹਾਇਤਾ ਦੀ ਮੰਗ ਕਰਦਾ ਹੈ।

ਬੋਲੇਪਣ ਦੇ ਇਲਾਜ ਲਈ ਅੱਜ-ਕੱਲ੍ਹ ਵੱਖ-ਵੱਖ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਇਹ ਤਕਨੀਕਾਂ ਬੋਲੇਪਣ ਦੇ ਪੱਧਰ ’ਤੇ ਨਿਰਭਰ ਕਰਦੀਆਂ ਹਨ। ਕੁਝ ਕਿਸਮ ਦੇ ਬੋਲੇਪਣ ਦਾ ਇਲਾਜ ਸਾਧਾਰਨ ਸਰਜਰੀ ਤੇ ਮੈਡੀਕਲ ਉਪਕਰਣਾਂ ਰਾਹੀਂ ਕੀਤਾ ਜਾ ਸਕਦਾ ਹੈ। ਪਰ ਇਕ ਵੱਡੇ ਪੱਧਰ ’ਤੇ ਲੋਕ ਹੀਰਿੰਗ ਏਡਜ਼ ਦੀ ਮੁੱਖ ਤੌਰ ’ਤੇ ਵਰਤੋਂ ਕਰਦੇ ਹਨ। ਇਸ ਥਰੈਪੀ ਦੀ ਵਰਤੋਂ ਕਰਨ ਵਾਲੇ

ਬੱਚੇ, ਜੋ ਕਦੀ ਬੋਲਣ ਸਮਝਣ ਲਈ ਚਿੱਤਰਾਂ ਦੀ ਭਾਸ਼ਾ ਦੀ ਵਰਤੋਂ ਕਰਦੇ ਸਨ, ਹੁਣ ਬੋਲਣ ਸਮੇਂ ਵੀ ਇਸ ਦੀ ਘੱਟ ਵਰਤੋਂ ਕਰਨ ਲੱਗੇ ਹਨ। ਵਾਈਡੇਕਸ ਨੇ ਭਾਰਤ 'ਚ ਇਸ ਤਰ੍ਹਾਂ ਦੀ ਪਹਿਲੀ ਤਕਨੀਕ ਖੋਜੀ ਹੈ, ਜਿਸ ਦੇ ਤਹਿਤ ਉਹ ਬੋਲੇਪਣ ਦਾ ਸ਼ਿਕਾਰ ਲੋਕਾਂ ਦੀ ਡਿਜੀਟਲ ਤਕਨੀਕ ਨਾਲ ਜਾਂਚ-ਪੜਤਾਲ ਕਰਨ ਪਿੱਛੋਂ ਆਧੁਨਿਕ ਕੰਪਿਊਟਰਾਈਜ਼ਡ ਉਪਰਕਣਾਂ ਦੀ ਸਹਾਇਤਾ ਨਾਲ ਇਸ ਤਕਨੀਕ ਨੂੰ ਰੋਗ ਦੀ ਸੰਤੁਸ਼ਟੀ 'ਤੇ ਹੀ ਲਾਉਂਦੀ ਹੈ। ਇਸ ਤਕਨੀਕ ਨਾਲ ਰੋਗੀ ਦੀ ਅਵਸਥਾ 'ਚ ਹੌਲੀ-ਹੌਲੀ ਸੁਧਾਰ ਆਉਣ ਲੱਗਦਾ ਹੈ। ਕਿਸੇ ਵੀ ਪ੍ਰਕਾਰ ਦੇ ਬੋਲੇਪਣ ਦਾ ਰੋਗੀ ਇਸ ਦੀ ਵਰਤੋਂ ਸਿਰਫ਼ ਅਮੀਰ ਲੋਕ ਹੀ ਕਰ ਸਕਦੇ ਹਨ। ਕੇਂਦਰੀ ਸਰਕਾਰੀ ਸਕੂਲਾਂ 'ਚ ਇਹ ਹੀਰਿੰਗ ਏਡ ਸਰਕਾਰ ਵੱਲੋਂ ਮੁਫ਼ਤ ਦਿੱਤੀ ਜਾਂਦੀ ਹੈ, ਪਰ ਇਸ ਨਾਲ ਬੈਟਰੀ ਨਹੀਂ ਦਿੱਤੀ ਜਾਂਦੀ। ਆਵਾਜ਼ ਦੀ ਦੁਨੀਆਂ 'ਚ ਇਹ ਨਵਾਂ ਕਦਮ ਹੈ। ਅੱਜ ਜਦ ਕਿ ਅਸੀਂ ਹਰ ਵਕਤ ਵੱਖ-ਵੱਖ ਪ੍ਰਕਾਰ ਦੀਆਂ ਆਵਾਜ਼ਾਂ 'ਚ ਘਿਰੇ ਰਹਿੰਦੇ ਹਾਂ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਕੁਝ ਅਜਿਹੇ ਕਦਮ ਉਠਾਏ ਜਾਣ ਤਾਂ ਕਿ ਬੋਲੇਪਣ ਵਰਗੀ ਸਮੱਸਿਆ 'ਤੇ ਕਾਬੂ ਪਾਇਆ ਜਾ ਸਕੇ। ਥੋੜ੍ਹਾ ਧਿਆਂਨ ਦੇਈਏ ਤਾਂ ਕਾਫੀ ਹੱਦ ਤੱਕ ਇਸ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ। ਸਿਹਤ ਸਹੂਲਤਾਂ ਦੇਣਾ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ, ਇਸ ਲਈ ਪਹਿਲਾ ਫਰਜ਼ ਸਰਕਾਰ ਦਾ ਬਣਦਾ ਹੈ।

# ਰੋੜ੍ਹ ਕੇ ਨਾ ਲੈ ਜਾਏ ਕਿਤੇ ਨਸ਼ਿਆਂ ਦਾ ਹੜ੍ਹ

ਕੌਮੀ ਰਾਜਧਾਨੀ ਦੀ ਮਾਡਲਿੰਗ ਦੀ ਦੁਨੀਆਂ 'ਚ ਜਦ ਉਸ ਨੇ ਕਦਮ ਰੱਖਿਆ ਤਾਂ ਉਹ ਸਿਰਫ 17 ਸਾਲਾਂ ਦੀ ਸੀ। ਨਵੀਆਂ ਆਸਾਂ ਤੇ ਉਮੰਗਾਂ ਦੇ ਪਰਾਂ 'ਤੇ ਸਵਾਰ। ਅਕਾਸ਼ ਨਾਪ ਲੈਣ ਦੇ ਆਤਮ-ਵਿਸ਼ਵਾਸ਼ ਨਾਲ ਭਰੀ ਹੋਈ। ਆਕਰਸ਼ਿਕ ਦੇਹ। ਖ਼ੂਬਸੂਰਤ ਦਹਿਕਦਾ ਚਿਹਰਾ। ਸਫੈਦ ਧੁਲੀ ਹੋਈ ਖਿਲਖਿਲਾਹਟ ਅਤੇ ਅਦਾਵਾਂ ਦਾ ਚੁਲਬੁਲਾਪਣ। ਸਭ ਕੁਝ ਤਾਂ ਸੀ, ਉਸ ਦੇ ਵਿਆਕਤਿਤਵ ਵਿਚ, ਇਕ ਸਫਲ ਮਾਡਲ ਬਣਨ ਲਈ ਇਸ ਲਈ ਵੇਖਦੇ ਕੰਮ ਮਿਲਣ ਲਗਿਆ ਅਤੇ ਥੋੜ੍ਹੇ ਪੈਸੇ ਵੀ। ਪੈਸੇ ਨੇ ਸੰਪਰਕਾਂ ਦੇ ਨਵੇਂ ਦਰਵਾਜ਼ੇ ਖੋਲ੍ਹੇ ਜੋ ਦਿੱਲੀ ਦੇ ਅਮੀਰਾਂ ਦੇ ਆਏ ਦਿਨ ਹੋਣ ਵਾਲੀਆਂ ਰਾਤਾਂ ਦੀਆਂ ਪਾਰਟੀਆਂ 'ਚ ਖੁੱਲ੍ਹਦੇ ਸਨ। ਸੋ ਮਾਡਲਿੰਗ ਨੇ ਉਸ ਨੂੰ ਇਨ੍ਹਾਂ ਪਾਰਟੀਆਂ ਦਾ ਹਿੱਸਾ ਬਣਾ ਦਿੱਤਾ: ਦਿੱਲੀ ਵਰਗੇ ਮਹਾਂ ਨਗਰ 'ਚ ਮਾਪਿਆਂ ਤੋਂ ਦੂਰ ਸਵੈਇਛਤ ਜੀਵਨ ਜਿਉਣ ਅਤੇ ਲੋਕਾਂ ਦੀਆਂ ਨਜ਼ਰਾਂ 'ਚ ਹਰਮਨ ਪਿਆਰਾ ਹੋਣ ਦੀ ਚਾਹਤ ਨਾਲ ਭਰੇ ਮਨ 'ਤੇ ਕਿਸੇ ਦੀ ਕੋਈ ਬੰਦਸ਼ ਨਹੀਂ; ਆਖਰ ਸਤਾਰ੍ਹਾਂ, ਅਠਾਰਾਂ ਸਾਲ ਦੀ ਕੱਚੀ ਉਮਰ ਦੀਆ ਉਸ ਵਰਗੀਆਂ ਲੜਕੀਆਂ ਨੂੰ ਹੋਰ ਕੀ ਚਾਹੀਦਾ ਸੀ? ਜ਼ਿੰਦਗੀ 'ਚ ਹਰ ਸਾਲ ਉਤੇਜਨਾ ਤੇ ਨਵੇਂਪਣ ਦਾ ਸਰੂਰ ਉਸ ਨੂੰ ਵਾਰੀ ਵਾਰੀ ਖਿੱਚ ਕੇ ਲੈ ਜਾਂਦਾ ਸੀ, ਦੇਰ ਰਾਤ ਦੀਆਂ ਮਹਿਫਲਾਂ, ਕਲੱਬਾਂ, ਸਿਨੇਮਿਆਂ ਤੇ ਪੱਬਾਂ 'ਚ ਪਰ ਇਨ੍ਹਾਂ ਦੇ ਲਈ ਉਸ ਨੂੰ ਕੀਮਤ ਵੀ ਚੁਕਾਉਣੀ ਪੈਂਦੀ ਸੀ। ਪੈਸੇ ਦੀ ਹਮੇਸ਼ਾਂ ਆਮਦ-ਜ਼ਰੂਰੀ ਸੀ ਤੇ ਉਸ ਦੇ ਲਈ ਜ਼ਰੂਰੀ ਸੀ 'ਸਲਿਮ ਤੇ ਫਿੱਟ' ਰਹਿਣਾ। ਸਾਥੀ ਮਾਡਲਾਂ ਨੇ ਵੀ ਉਸ ਨੂੰ 'ਸਲਿਮ ਤੇ ਫਿੱਟ' ਰਹਿਣ ਦੇ ਨਾਲ-ਨਾਲ ਲਾਈਫ ਦਾ ਅਸਲੀ ਮਜ਼ਾ ਲੈਣ ਦੇ ਵੀ ਗੁਰ ਦੱਸੇ ਸਨ।

ਬੀਅਰ, ਸ਼ਰਾਬ ਤੇ ਸਿਗਰਟ ਉਸ ਦੀਆਂ ਆਦਤਾਂ 'ਚ ਸ਼ਾਮਲ ਹੋ ਚੁੱਕੀ ਸੀ। ਮਾਡਲ ਸੈਸ਼ਨ ਦੇ ਦੌਰਾਨ ਦੀ ਥਕਾਊ ਬੋਰੀਅਤ ਨੂੰ ਕੱਟਣ ਲਈ ਸਿਗਰਟ ਤੋਂ ਵੱਧ ਕੋਈ ਸਹਾਰਾ ਨਹੀਂ ਹੁੰਦਾ ਸੀ। ਦਰਅਸਲ ਸਿਗਰਟ ਪੀਣ ਦਾ ਉਨ੍ਹਾਂ ਮਾਡਲਾਂ ਨੂੰ ਇਕ ਹੋਰ ਫਾਇਦਾ ਸੀ, ਜਦ ਭੁੱਖ ਸਤਾਉਂਦੀ ਸੀ ਤਾਂ ਸਿਗਰਟ ਸੁਲਗਾ ਲਈ ਜਾਂਦੀ ਸੀ। ਇਹ ਅਮਲ ਸਰੀਰ ਨੂੰ ਸਲਿਮ (ਪਤਲਾ) ਰੱਖਣ 'ਚ ਮਦਦ ਕਰਦਾ। ਪਰ ਇਕ ਵਾਰੀ ਜਦ ਫੋਟੋ ਸ਼ੂਟ ਲਈ ਉਹ ਆਊਟਡੋਰ ਸ਼ੂਟਿੰਗ ਤੇ ਸੀ ਤਦ ਥਕਾਵਟ ਦੇ ਕਿਨ੍ਹਾਂ ਪਲਾਂ 'ਚ ਉਸ ਦੀ ਇਕ ਸਹੇਲੀ ਨੇ ਉਸ ਨੂੰ ਪਹਿਲੀ ਵਾਰੀ ਹਸ਼ੀਸ਼ ਦੀ ਸਿਗਰਟ ਦਾ ਸਵਾਦ ਚਿਖਾਇਆ ਸੀ। ਉਹ ਤਾਂ ਪਲਕ ਝਪਕਦੇ ਹੀ ਥਕਾਣ-ਮੁਕਤ ਹੋ ਗਈ ਸੀ, ਖੁਦ ਨੂੰ ਤਾਜ਼ਾ ਤਰਾਰ ਰੱਖਣ ਲਈ ਮਿਲਿਆ ਇਕ ਹੋਰ ਨੁਸਖਾ। ਇਸ ਪਿੱਛੋਂ ਤਾਂ ਜਿਵੇਂ ਨਸ਼ੀਲੀ ਸਿਗਰਟ ਉਸ ਲਈ ਜ਼ਰੂਰੀ ਹੋ ਗਈ। ਜਦ ਉਹ ਦਿੱਲੀ ਆਈ ਸੀ ਤਾਂ ਸ਼ਰਾਬ ਦੇ ਇਕ ਦੋ ਪੈੱਗ ਹੀ ਉਸ ਨੂੰ ਸਰੂਰ ਦੇਣ ਲਈ ਕਾਫੀ ਹੁੰਦੇ ਸਨ ਪਰ ਹੌਲੀ-ਹੌਲੀ ਮਾਤਰਾ ਵਧਦੀ ਜਾ ਰਹੀ ਸੀ। ਵੋਦਕਾ ਦੇ ਕਈ ਪੈੱਗ ਪੀ ਲੈਣ ਦੇ ਬਾਵਜੂਦ ਉਹ ਗੱਡੀ ਚਲਾ ਕੇ ਸਹੀ ਸਲਾਮਤ ਘਰ ਪਹੁੰਚ ਜਾਂਦੀ ਸੀ। ਫੋਟੋਗ੍ਰਾਫਰ ਚਾਹੁੰਦੇ ਸਨ ਕਿ ਬਤੌਰ ਮਾਡਲ ਉਸ ਦਾ ਚਿਹਰਾ ਭਾਵਹੀਣ ਤੇ ਚੱਟਾਨ ਵਾਗੂੰ ਦਿਸੇ, ਅਜਿਹਾ ਚਿਹਰਾ ਪ੍ਰਦਰਸ਼ਿਤ ਕਰਨ ਵਿਚ ਨਸ਼ੀਲੀਆਂ ਦਵਾਈਆਂ ਕਾਫੀ ਸਹਾਇਕ ਸਾਬਤ ਹੁੰਦੀਆਂ

ਸਨ। ਪਰ ਹਸ਼ੀਸ਼ ਨਾਲ ਉਸ ਨੂੰ ਤਸੱਲੀ ਨਹੀਂ ਹੋ ਰਹੀ ਸੀ, ਉਹਨੀਂ ਦਿਨੀਂ ਨਸ਼ਾ ਕਰਨ ਵਾਲਿਆ ਦੀਆਂ ਹੰਗਾਮੇਦਾਰ 'ਰੇਵ ਪਾਰਟੀਆਂ' ਖ਼ੂਬ ਹੁੰਦੀਆਂ ਸਨ ਜਿੱਥੇ ਧਨਾਢ ਨੌਜਵਾਨਾਂ ਦੀ ਭੀੜ ਹੁੰਦੀ ਸੀ, ਉਥੇ ਉਸ ਨੂੰ ਸੱਦਿਆ ਜਾਂਦਾ। ਅਜਿਹੀ ਹੀ ਇਕ ਪਾਰਟੀ 'ਚ ਕੋਕੀਨ ਵੇਚਣ ਵਾਲੇ ਸੇਮ (ਨਾਂ ਬਦਲਿਆ ਹੋਇਆ) ਨਾਂ ਦੇ ਇਕ ਬਦਨਾਮ ਸਖਸ਼ ਨਾਲ ਮੁਲਾਕਾਤ ਹੋਈ। ਬਸ ਉਹ ਕੋਕੀਨ ਦੀ ਦੀਵਾਨੀ ਹੋ ਗਈ। ਇਸ ਦਿਵਾਨਗੀ ਨੇ ਉਸ ਨੂੰ ਸੇਮ ਦਾ ਹੀ ਗੁਲਾਮ ਬਣਾ ਦਿੱਤਾ। ਹਾਲਾਂਕਿ ਸੇਮ ਇਸ ਬਦਲੇ ਹਮੇਸ਼ਾਂ ਅੱਛੀ ਖਾਸੀ ਕੀਮਤ ਵਸੂਲਦਾ ਸੀ। ਕੋਕੀਨ ਦੇ ਹੀ ਚੱਕਰ ਵਿੱਚ ਅਜੀਬੋ ਗਰੀਬ ਗੰਦੀ ਸ਼ਕਲ ਸੂਰਤ ਵਾਲੇ ਸੇਮ ਨੇ ਉਸ ਦਾ ਜਿਸਮਾਨੀ ਸੋਸ਼ਣ ਸ਼ੁਰੂ ਕਰ ਦਿੱਤਾ ਉਹ ਬਦਨਾਮ ਵੀ ਹੋ ਗਈ। ਪਰ ਉਸ ਨੇ ਨਾ ਤਾਂ ਸੇਮ ਨੂੰ ਛੱਡਿਆ ਤੇ ਨਾ ਹੀ ਕੋਕੀਨ ਨੂੰ। ਕੋਕੀਨ ਬੇਹੱਦ ਮਹਿੰਗਾ ਨਸ਼ਾ ਸੀ।

ਕਰੀਬ ਡੇਢ ਸਾਲ ਪਹਿਲਾਂ ਜਦ ਮੁੰਬਈ ਦੀ 'ਪ੍ਰਯੋਗ' ਕੰਪਨੀ ਦੇ ਮਾਲਕ ਸਲਿਲ ਚਤੁਰਦੇਵੀ ਦੀ ਗ੍ਰਿਫਤਾਰੀ ਹੋਈ ਸੀ ਤਾਂ ਸਾਰਾ ਵਪਾਰੀ ਜਗਤ ਹੈਰਾਨ ਰਹਿ ਗਿਆ ਸੀ। ਪਰ ਸਚਾਈ ਇਹੀ ਹੈ ਕਿ ਦਿੱਲੀ, ਮੁੰਬਈ, ਕੋਲਕਾਤਾ, ਚੇਨਈ, ਬੰਗਲੌਰ ਵਰਗੇ ਵੱਡੇ ਨਗਰਾਂ 'ਚ ਮਾਫੀਆ ਦੀ ਨਿਗਾਹ ਖਾਂਦੇ-ਪੀਂਦੇ ਤੇ ਅਮੀਰ (ਨਵਧਨਾਢ) ਨੌਜਵਾਨਾਂ 'ਤੇ ਰਹਿੰਦੀ ਹੈ। ਸਤੰਬਰ 2006 'ਚ ਮੁੰਬਈ ਦੇ ਨੇੜੇ ਗੋਰਾਈ ਉਤਨ ਦੀ ਖਾੜੀ ਵਾਲੇ ਖੇਤਰ 'ਚ ਇਕ ਵੱਡੀ 'ਰੇਵ ਪਾਰਟੀ 'ਤੇ ਛਾਪਾ ਮਾਰ ਕੇ ਪੁਲੀਸ ਨੇ 82 ਲੋਕਾਂ ਨੂੰ ਫੜਿਆ ਸੀ। ਜਿਸ 'ਚ 13 ਨੌਜਵਾਨ-ਮੁਟਿਆਰਾਂ ਨੂੰ ਡਰੱਗਸ ਲੈਣ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਸੀ। ਐਂਟੀ ਨਾਰਕੋਟਿਸ ਬਿਊਰੋ ਨੂੰ ਸੂਚਨਾ ਮਿਲੀ ਸੀ ਕਿ ਮੁੰਬਈ, ਅਹਿਮਦਾਬਾਦ ਰੇਲ ਮਾਰਗ ਤੋਂ ਸਟੀ ਖਾੜੀ ਦੇ ਇਲਾਕਿਆਂ ਉਤਨ, ਗੋਰਾਈ ਹੋਂਗਰੀ ਆਦਿ 'ਚ 'ਰੇਵ ਪਾਰਟੀਆਂ ਧੜੱਲੇ ਨਾਲ ਆਯੋਜਿਤ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਪਾਰਟੀਆਂ 'ਚ ਦਾਖਲਾ ਟੈਕਸ ਮਰਦਾਂ ਲਈ 2000 ਤੇ ਔਰਤਾਂ ਲਈ 1500 ਰੁਪਏ ਰੱਖਿਆ ਜਾਂਦਾ ਹੈ। ਅਕਤੂਬਰ 2005 ਰੁਪਏ ਬੰਗਲੌਰ ਹਵਾਈ ਅੱਡੇ ਤੋਂ ਗ੍ਰਿਫਤਾਰ ਸਟੀਵ ਨਾਂ ਦੇ ਇਕ ਨਾਇਜੀਰੀਅਨ ਨੇ ਦੱਸਿਆ ਸੀ ਕਿ ਉਦਯੋਗਪਤੀਆਂ, ਅਭਿਨੇਤਾਵਾਂ, ਮਸ਼ਹੂਰ ਜਨ ਸੰਪਰਕ ਅਧਿਕਾਰੀਆਂ, ਕ੍ਰਿਕਟ ਸਿਤਾਰਿਆਂ ਨੂੰ ਡਰੱਗ ਮਾਫੀਆ ਦੀ ਬੋਲੀ 'ਚ 'ਕਲਾਇੰਟ' (ਗਾਹਕ) ਕਹਿ ਕੇ ਬੁਲਾਇਆ ਜਾਂਦਾ ਹੈ। ਵਿਲਵ ਸਟੀਫਨ ਨੇ ਵੀ ਮੰਨਿਆ ਸੀ ਕਿ ਉਸ ਨੇ ਏਅਰਲਾਇਨਜ਼ ਦੇ ਪਾਈਲਟਾਂ ਦੇ ਜ਼ਰੀਏ ਕਾਰਗੋ ਵੇਸੇਲਸ ਦੇ ਕਪਤਾਨਾਂ ਨੂੰ ਕੋਕੀਨ ਵੇਚੀ ਸੀ। ਨਾਰਕੋ ਏਨਾਲਿਸਿਸ ਦੀ ਜਾਂਚ ਵਿੱਚ ਸਟੀਵ ਨੇ ਬੰਗਲੌਰ ਦੇ ਇਕ ਵੱਡੇ ਉਦਯੋਗਪਤੀ, ਅਭਿਨੇਤਾਵਾਂ, ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਇਕ ਸਾਬਕਾ ਮੰਤਰੀ ਤੋਂ ਇਲਾਵਾ ਅਨੇਕਾ ਬਿਲਡਰਾਂ, ਸਮਾਜਕ ਹਸਤੀਆਂ ਤੇ ਕਈ ਕ੍ਰਿਕਟ ਸਿਤਾਰਿਆਂ ਦੇ ਨਾਂ ਗਿਣਾਏ ਸਨ, ਜਿਨ੍ਹਾਂ ਨੂੰ ਇਹ ਡਰੱਗਸ ਦੀ ਸਪਲਾਈ ਕਰਦਾ ਹੁੰਦਾ ਸੀ। ਇਨ੍ਹਾਂ 'ਚ ਬੱਚੇ ਵੀ ਸ਼ਾਮਲ ਸਨ। ਸੋਡੀਅਮ ਪੇਂਟਾਕਾਲ ਤੇ ਛੈਕਸਟਰੋਜ਼ ਦਾ ਇੰਜੈਕਸ਼ਨ ਦਿੱਤੇ ਜਾਣ ਪਿੱਛੋਂ ਸਟੀਵ ਨੇ ਪੁਲੀਸ ਨੂੰ ਸਾਰੀ ਸੱਚਾਈ ਦੱਸ ਦਿੱਤੀ ਸੀ ਕਿ ਏਅਰ ਲਾਈਨਜ਼ ਦੇ ਪਾਈਲਟਾਂ ਤੇ ਕਾਰਗੋ ਜਹਾਜ਼ਾਂ ਦੇ ਕੈਪਟਨਾਂ ਦੇ ਰਾਹੀਂ ਕੋਕੀਨ ਮੁੰਬਈ ਤੱਕ ਪਹੁੰਚੀ ਸੀ। ਉਥੇ ਇਹ ਪਾਪਾ ਜੋ ਐਡ ਫੈਡ੍ਰਿਕ ਨਾਂ ਦੇ ਦੋ ਏਜੰਟਾਂ ਨੂੰ ਦਿੱਤੀ ਗਈ ਸੀ, ਦੋਵੇਂ ਗੋਆ ਦੇ ਇਕ ਹੋਟਲ ਵਿੱਚ ਰਹਿੰਦੇ ਸਨ। ਦੋਨਾਂ ਦਾ ਕੰਮ ਪਲਾਸਟਿਕ ਦੀਆਂ ਛੋਟੀਆਂ-

ਛੋਟੀਆਂ ਥੈਲੀਆਂ ਵਿੱਚ ਕੋਕੀਨ ਭਰ ਕੇ ਬੰਗਲੌਰ ਪਹੁੰਚਾਉਣਾ ਸੀ।

ਨਾਰਕੋਟਿਕਸ ਕੰਟਰੋਲ ਬਿਊਰੋ ਆਫ ਇੰਡੀਆ ਦੇ ਮਹਾਂ-ਨਿਰਦੇਸ਼ਕ ਅਹੁਦੇ 'ਤੇ ਰਹਿ ਚੁੱਕੇ ਸੀ. ਬੀ. ਆਈ. ਦੇ ਸਾਬਕਾ ਨਿਰਦੇਸ਼ਕ ਜੋਗਿੰਦਰ ਸਿੰਘ ਅਨੁਸਾਰ ਨਾਰਕੋਟਸ ਡਰੱਗ ਐਂਡ ਸਾਈਕੋਟਰੋਪਿਕ ਸਬਸਟਾਂਸਿਸ ਐਕਟ ਦੇਸ਼ ਦੇ ਸਭ ਤੋਂ ਸਖ਼ਤ ਕਾਨੂੰਨਾਂ ਵਿੱਚੋਂ ਇਕ ਸੀ। ਇਸ ਦੇ ਤਹਿਤ ਘੱਟੋ-ਘੱਟ ਦਸ ਸਾਲ ਦੀ ਸਜ਼ਾ ਦੀ ਵਿਵਸਥਾ ਸੀ। ਨਾਰਕੋਟਿਸ ਵਿਭਾਗ ਦੀ ਜ਼ਿੰਮੇਵਾਰੀ ਇਸ ਇਕ ਕਾਨੂੰਨ 'ਤੇ ਕੰਮ ਕਰਨਾ ਹੁੰਦਾ ਹੈ, ਪਰ ਸੱਚਾਈ ਇਹ ਹੈ ਕਿ ਬਹੁਤ ਘੱਟ ਪੁਲੀਸ ਅਧਿਕਾਰੀ ਹਨ ਜਿਨ੍ਹਾਂ ਨੂੰ ਨਸ਼ੀਲਿਆਂ ਦਵਾਈਆਂ ਜਾਂ ਪਦਾਰਥਾਂ ਦੀ ਜਾਣਕਾਰੀ ਹੁੰਦੀ ਹੈ, ਪਰ ਅਮੂਮਨ ਕਿਸੇ ਅਫਸਰ ਨੂੰ ਨਸ਼ੇ ਦੇ ਤਸਕਰਾਂ ਦਾ ਭੰਡਾ ਭੰਨਣ ਲਈ ਸ਼ਾਬਾਸ਼ ਨਹੀਂ ਮਿਲਦੀ ਇਸ ਲਈ ਪਹਿਲਕਦਮੀ 'ਚ ਕਮੀ ਆ ਜਾਂਦੀ ਹੈ। ਦੇਖਿਆ ਜਾਏ ਤਾਂ ਇਹ ਵੀ ਇਕ ਵੱਡੀ ਵਜ੍ਹਾ ਹੈ ਜਿਸ ਦੇ ਚਲਦਿਆਂ ਨਸ਼ੀਲੇ ਪਦਾਰਥਾਂ ਦਾ ਜਾਲ ਬਜਾਏ ਢਿੱਲਾ ਹੋਣ ਦੇ ਕਸਿਆ ਹੀ ਜਾ ਰਿਹਾ ਹੈ।

ਮੁੰਬਈ 'ਚ ਕੋਲਾਬਾ, ਅੰਧੇਰੀ, (ਨਵਰੰਗ ਸਿਨੇਮਾ ਦੇ ਨੇੜੇ-ਤੇੜੇ), ਪਾਰਲੇ (ਮੀਠੀਬਾਈ ਕਾਲਜ ਦੇ ਆਸ-ਪਾਸ) ਅਤੇ ਐਨ. ਐਮ. ਕਾਲਜ ਕੈਂਪਸ 'ਚ ਹਮੇਸ਼ਾ ਡਰੱਗਸ ਵੇਚਣ ਵਾਲਿਆਂ ਦੀਆਂ ਸ਼ਿਕਾਇਤਾਂ ਆਉਂਦੀਆਂ ਰਹਿੰਦੀਆਂ ਹਨ। ਪਰ ਬਹੁਤੇ ਕੇਸਾਂ 'ਚ ਪੁਲੀਸ ਜਾਣ ਬੁੱਝ ਕੇ ਅੱਖਾਂ ਬੰਦ ਰੱਖਦੀ ਹੈ। ਹਾਂ ਜਦ ਵੱਡੇ ਨਾਂ ਵਾਲਿਆਂ ਦੀ ਗ੍ਰਿਫਤਾਰੀ ਜਾਂ ਮੌਤ ਦਾ ਸੱਚ ਸੁਰਖੀਆਂ 'ਚ ਥੋੜ੍ਹਾ ਬਹੁਤ ਆ ਜਾਂਦਾ ਹੈ ਤਾਜੁਬ ਹੈ ਕਿ ਦੇਸ਼ ਭਰ 'ਚ ਫੈਲਦੇ ਜਾ ਰਹੇ ਇਸ ਅਪਰਾਧ ਨੂੰ ਰੋਕਣ ਲਈ ਮੁਕਾਬਲਤਨ ਡਰੱਗ ਐਂਡ ਸਾਈਨੋਟ੍ਰੋਪਿਕ ਸਬਸਟਾਂਸ ਐਕਟ 1985 ਨਸ਼ੀਲੇ ਪਦਾਰਥਾਂ ਦੀ ਉਪਜ, ਉਤਪਾਦਨ, ਨਿਰਮਾਣ, ਵਿਕਰੀ, ਖਰੀਦ, ਸਪਲਾਈ, ਵਰਤੋਂ, ਦਰਾਮਦ-ਬਰਾਮਦ ਅਤੇ ਸਟੋਰੇਜ਼ ਸਭ ਨੂੰ ਕੰਟਰੋਲ ਕਰਦਾ ਹੈ। ਇਹ ਕਾਨੂੰਨ ਸਿਰਫ ਨਸ਼ੀਲੇ ਪਦਾਰਥਾਂ 'ਤੇ ਹੀ ਨਹੀਂ ਬਲਕਿ ਉਨ੍ਹਾਂ ਰਸਾਇਣਾ 'ਤੇ ਵੀ ਲਾਗੂ ਹੈ ਜਿਨ੍ਹਾਂ ਤੋਂ ਇਹ ਪਦਾਰਥ ਬਣਾਏ ਜਾਂਦੇ ਹਨ। ਇਕ ਕਿਲੋ ਹੈਰੋਇਨ ਦੀ ਕੀਮਤ ਇਕ ਲੱਖ ਰੁਪਏ ਹੁੰਦੀ ਹੈ ਪਰ ਅਮਰੀਕਾ 'ਚ ਇਹ 450,00000 ਰੁਪਏ 'ਚ ਵਿਕ ਸਕਦੀ ਹੈ। ਭਾਰਤ ਦੇ ਨਸ਼ੇੜੀਆਂ ਲਈ ਘਟੀਆ ਕਵਾਲਿਟੀ ਦੀ ਡਰੱਗ, ਬਰਾਊਨ ਸ਼ੂਗਰ, ਹਸਿਸ਼, ਫਾਆਸਿਊਟੀਨਲ ਦਵਾਈਆਂ ਦੀ ਵੀ ਗੈਰ-ਕਾਨੂੰਨੀ ਸਪਲਾਈ ਅਸਾਨੀ ਨਾਲ ਹੁੰਦੀ ਹੈ। ਭਾਰਤ 'ਚ ਮੈਥਾ ਕਵਾਲਿਨ ਦੀ ਵੀ ਗੈਰ-ਕਾਨੂੰਨੀ ਪੈਦਾਵਾਰ ਖੂਬ ਹੁੰਦੀ ਹੈ। ਇਸ ਨੂੰ ਮੈਂਡਰਿਕਸ 'ਤੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਸੀ. ਆਰ. ਪੀ. ਵਰਗੇ ਅਰਧ-ਸੈਨਿਕ ਬਲਾਂ ਦੇ 426 ਜਵਾਨ ਵੀ ਸ਼ਰਾਬ ਤੇ ਡਰੱਗਸ ਦੇ ਆਦੀ ਪਾਏ ਗਏ ਹਨ ਤੇ 300 ਲੋਕਾਂ ਦਾ ਇਲਾਜ ਚੱਲ ਰਿਹਾ ਹੈ। ਖੋਖਲੇ ਮੁਨਾਫਾ-ਆਧਾਰਤ ਸਿਸਟਮ ਨੂੰ ਮੁੱਢੋਂ ਬਦਲੇ ਬਿਨਾ ਨਹੀਂ ਸਰਨਾ।

# ਮਾਨਸਿਕ ਰੋਗਾਂ ਦੀ ਸਮੱਸਿਆ

ਮਾਨਸਿਕ ਰੋਗ ਤੇ ਮਨੋਵਿਗਿਆਨਕ ਸਮੱਸਿਆਵਾਂ ਦੁਨੀਆਂ ਭਰ 'ਚ ਫੈਲੀਆਂ ਹੋਈਆਂ ਹਨ। ਮੰਨਿਆ ਜਾਂਦਾ ਹੈ ਕਿ 20 ਤੋਂ 30 ਫੀਸਦੀ ਔਰਤ-ਮਰਦ ਕਿਸੇ ਨਾ ਕਿਸੇ ਮਾਨਸਿਕ ਰੋਗ ਨਾਲ ਗ੍ਰਸਤ ਹਨ। ਮਨ ਨਾਲ ਜੁੜੇ ਇਹ ਰੋਗ ਵਿਕਸਿਤ ਦੇਸ਼ਾਂ 'ਚ ਜ਼ਿਆਦਾ, ਜਦ ਕਿ ਘੱਟ ਵਿਕਸਤ ਦੇਸ਼ਾਂ 'ਚ ਘੱਟ ਹਨ। ਸਾਡੇ ਦੇਸ਼ 'ਚ 15-20 ਫੀਸਦੀ ਲੋਕ ਮਾਨਸਿਕ ਰੋਗਾਂ ਤੋਂ ਪੀੜਤ ਹਨ। ਮਾਨਸਿਕ ਰੋਗ ਦਾ ਮਤਲਬ ਆਮ ਲੋਕਾਂ ਦੀ ਨਜ਼ਰ 'ਚ ਪਾਗਲ ਹੀ ਮੰਨਿਆਂ ਜਾਂਦਾ ਹੈ। ਜ਼ਿਆਦਾਤਰ ਲੋਕ ਉਹਨਾਂ ਬਹੁਤੇ ਲੋਕਾਂ ਨੂੰ ਮਾਨਸਿਕ ਰੋਗਾਂ ਦੇ ਦਾਇਰੇ 'ਚ ਮੰਨਦੇ ਹੀ ਨਹੀਂ ਜੋ ਅਸਲ 'ਚ ਮਾਨਸਿਕ ਬੀਮਾਰੀ ਹੀ ਹੁੰਦੀ ਹੈ। ਇਹੀ ਵਜਾਹ ਹੈ ਕਿ ਮਾਨਸਿਕ ਰੋਗਾਂ ਦੇ ਇਲਾਜ 'ਤੇ ਧਿਆਨ ਹੀ ਨਹੀਂ ਦਿੱਤਾ ਜਾਂਦਾ। ਪਿੰਡਾਂ ਤੇ ਪਛੜੇ ਇਲਾਕਿਆਂ 'ਚ ਮਾਨਸਿਕ ਰੋਗ ਨੂੰ 'ਓਪਰੀ ਕਸਰ' ਕਹਿੰਦੇ ਹਨ ਜਾਂ ਟੂਣਾ-ਟੋਟਕਾ ਜਾਂ ਫਿਰ 'ਦੇਵਤਾ ਆਉਣਾ' ਮੰਨ ਕੇ ਚੇਲਿਆਂ ਤੇ ਝਾੜ ਫੂਕ ਵਾਲਿਆਂ ਤੋਂ ਇਲਾਜ ਕਰਵਾਇਆ ਜਾਂਦਾ ਹੈ ਤੇ ਰੋਗ ਇਸ ਝਾੜ-ਫੂਕ ਦੇ ਚੱਕਰਾਂ ਤੋਂ ਹੁੰਦਾ ਹੋਇਆ ਲਾਇਲਾਜ ਦੀ ਹੱਦ ਤੱਕ ਪਹੁੰਚ ਕੇ ਰੋਗੀ ਦੇ ਪ੍ਰਾਣ ਲੈ ਕੇ ਹੀ ਪਿੱਛਾ ਛੱਡਦਾ ਹੈ। ਅੱਜ ਮਾਨਸਿਕ ਰੋਗਾਂ ਦਾ ਇਲਾਜ ਮੁਹੱਈਆ ਹੈ। ਅਸਧਾਰਨ ਹਰਕਤਾਂ ਵੀ ਮਾਨਸਿਕ ਰੋਗ ਦੇ ਦਾਇਰੇ 'ਚ ਆਉਂਦੀਆਂ ਹਨ। ਜੇ ਕੋਈ ਅਜੇਹੀਆਂ ਹਰਕਤਾਂ ਕਰੇ ਤਾਂ ਉਸ ਨੂੰ ਮਾਨਸਿਕ ਰੋਗਾਂ ਦੇ ਮਾਹਰ ਡਾਕਟਰ ਕੋਲ ਲੈ ਕੇ ਜਾਣ 'ਚ ਕੋਈ ਹਿਚਕਚਾਹਿਟ ਨਹੀਂ ਹੋਣੀ ਚਾਹੀਦੀ। ਅੱਜ ਇਕ ਅਜੀਬ ਜਿਹੇ ਮਾਨਸਿਕ ਰੋਗ ਬਾਰੇ ਦੱਸਿਆ ਜਾ ਰਿਹਾ ਹੈ ਜਿਸ 'ਚ ਪੀੜਤ ਵਿਅਕਤੀ ਵਾਰ ਵਾਰ ਇਕ ਹੀ ਗੱਲ ਬੇਲੋੜੀ ਦੁਹਰਾਉਂਦਾ ਰਹਿੰਦਾ ਹੈ। ਇਸ ਅਜੀਬ ਜਿਹੇ ਮਾਨਸਿਕ ਰੋਗ ਦਾ ਨਾਂ ਹੈ :

**ਅਬਸੇਸਿਵ ਕਮਪਲਸਿਵ ਡਿਸਆਰਡਰ**

ਉਹ ਇਸ ਗੱਲ ਨੂੰ ਜਾਣਦਾ ਹੈ ਕਿ ਉਹ ਜੋ ਵੀ ਕਰ ਰਿਹਾ ਹੈ ਜਾਂ ਸੋਚ ਰਿਹਾ ਹੈ ਉਹ ਠੀਕ ਨਹੀਂ ਹੈ, ਗਲਤ ਹੈ ਪਰ ਫਿਰ ਵੀ ਕਿਸੇ ਇਕ ਵਿਚਾਰ ਜਾਂ ਕੰਮ ਨੂੰ ਵਾਰ ਵਾਰ ਸੋਚਣ ਜਾਂ ਕਰਨ ਲਈ ਮਜਬੂਰ ਹੋ ਜਾਂਦਾ ਹੈ। ਰੋਗੀ ਦਾ ਬਹੁਤਾ ਸਮਾਂ ਕਿਸੇ ਗੱਲ ਨੂੰ ਵਾਰ ਵਾਰ ਸੋਚਣ ਜਾਂ ਕਿਸੇ ਕੰਮ ਨੂੰ ਵਾਰੀ ਵਾਰੀ ਦੁਹਰਾਉਣ 'ਚ ਹੀ ਲੰਘ ਜਾਂਦਾ ਹੈ। ਸਿੱਟੇ ਵਜੋਂ ਉਹ ਕੋਈ ਹੋਰ ਜ਼ਰੂਰੀ ਕੰਮ ਨਿਪਟਾ ਨਹੀਂ ਸਕਦਾ। ਹੌਲੀ ਹੌਲੀ ਉਸ ਦਾ ਜੀਵਨ ਕਠਿਨਾਈਆਂ ਪ੍ਰੇਸ਼ਾਨੀਆਂ ਨਾਲ ਘਿਰਦਾ ਜਾਂਦਾ ਹੈ। ਕੀ ਕੀ ਲੱਛਣ ਉਭਰਦੇ ਹਨ (1) ਇਕ ਹੀ ਵਿਚਾਰ ਵਾਰ-ਵਾਰ ਆਉਂਦਾ ਹੈ (2) ਰੋਗੀ ਵਲੋਂ ਇਸ ਵਿਚਾਰ ਨੂੰ ਕੰਟਰੋਲ ਕਰਨ ਦੀ ਪੂਰੀ ਕੋਸ਼ਿਸ਼ ਕਰਨਾ (3) ਕੰਟਰੋਲ ਹੋਣ 'ਤੇ ਫਿਰ ਸੋਚਣਾ ਕਿ ਜੇ ਉਹ ਇਉਂ ਨਹੀਂ ਸੋਚੇਗਾ ਤਾਂ ਅਨਰਥ ਹੋ ਜਾਵੇਗਾ (4) ਰੋਗੀ ਇਹ ਜਾਣੇ ਸਮਝਦੇ ਹੋਏ ਵੀ ਕਿ ਉਸ ਵਲੋਂ ਜੋ ਗੱਲ ਸੋਚੀ ਜਾ ਰਹੀ ਉਹ ਨਿਰਅਧਾਰ ਤੇ ਓਪਰੀ ਹੈ, ਫਿਰ ਵੀ ਵਿਚਾਰ ਦਾ ਵਾਰੀ ਵਾਰੀ ਆਉਣਾ। ਉਦਾਹਰਣ ਵਜੋਂ ਰੋਗੀ ਨੂੰ ਇਹ ਸ਼ੱਕ ਰਹਿੰਦਾ ਹੈ ਕਿ ਉਸ ਨੇ ਕਿਤੇ ਕੁਝ ਗਲਤ ਤਾਂ ਨਹੀਂ ਕਰ ਦਿੱਤਾ। ਹਰ ਆਦਮੀ ਨਾਲ ਗੱਲ ਕਰਨ ਪਿੱਛੋਂ ਉਸ ਦੇ ਮਨ 'ਚ ਸਹੀ ਵਿਚਾਰ ਆਉਂਦੇ

ਸਨ। ਉਹ ਬਾਅਦ 'ਚ ਜਾ ਕੇ ਉਸ ਤੋਂ ਪੁੱਛਦਾ ਸੀ ਕਿ ਉਸ ਨੇ ਉਸ ਨੂੰ ਕੁਝ ਗਲਤ ਤਾਂ ਨਹੀਂ ਕਿਹਾ। ਆਪਣੀ ਇਹ ਹਰਕਤ ਉਹ ਵਾਰੀ ਵਾਰੀ ਦਹੁਰਾਉਂਦਾ ਹੈ। ਕੁਝ ਰੋਗੀਆਂ ਨੂੰ ਹਮੇਸ਼ਾਂ ਬੁਰੇ ਵਿਚਾਰ ਆਉਂਦੇ ਸਨ। ਇਕ ਰੋਗੀ ਨੂੰ ਹਮੇਸ਼ਾ ਇਹੀ ਵਿਚਾਰ ਆਉਂਦਾ ਸੀ ਕਿ ਕਾਰ ਚਲਾਉਂਦੇ ਸਮੇਂ ਵੀ ਉਹ ਬਰੇਕ ਦੀ ਥਾਂ ਐਕਸੀਲੇਟਰ ਦਬਾਅ ਦੇਵੇਗਾ ਜਿਸ ਨਾਲ ਕੋਈ ਦੁਰਘਟਨਾ ਹੋ ਜਾਵੇਗੀ। ਆਪਣੇ ਇਸ ਸ਼ੱਕ ਦੀ ਵਜਾਹ ਕਾਰਨ ਹੀ ਉਸ ਨੇ ਗੱਡੀ ਚਲਾਉਣੀ ਛੱਡ ਦਿੱਤੀ। ਇਕ ਵਿਅਕਤੀ ਨੂੰ ਮੰਦਰ 'ਚ ਜਾਂਦੇ ਹੀ ਭਗਵਾਨ ਨੂੰ ਗਾਲ ਦੇਣ ਦੇ ਵਿਚਾਰ ਨਾਲ ਬਹੁਤਾ ਪ੍ਰੇਸ਼ਾਨੀ ਹੁੰਦੀ ਸੀ ਇਥੋਂ ਤੱਕ ਕਿ ਉਸ ਨੇ ਆਪਣੀ ਇਸ ਆਦਤ ਦੀ ਵਜਾਹ ਨਾਲ ਮੰਦਰ ਜਾਣਾ ਹੀ ਛੱਡ ਦਿੱਤਾ। ਇਹ ਤਾਂ ਕੁਝ ਉਦਾਹਰਣਾਂ ਹੀ ਹਨ ਵੈਸੇ ਇਸ ਰੋਗ ਨਾਲ ਗ੍ਰਸਤ ਵਿਅਕਤੀ ਕੁਝ ਨਾ ਕੁਝ ਊਲ-ਜਲੂਲ ਵਿਚਾਰ ਜਾਂ ਕੰਮ ਦੀ ਘੁੰਮਣ ਘੇਰੀ 'ਚ ਬੁਰੀ ਤਰ੍ਹਾਂ ਉਲਝਿਆ ਰਹਿੰਦਾ ਹੈ, ਇਥੋਂ ਤੱਕ ਕਿ ਇਸ ਰੋਗ ਦੇ ਚਲਦਿਆਂ ਉਸ ਦਾ ਆਮ ਜੀਵਨ ਅਸਤ-ਵਿਅਸਤ ਹੋ ਜਾਂਦਾ ਹੈ। ਇਸ ਪ੍ਰਕਾਰ ਦੇ ਰੋਗੀ ਇੱਕ ਹੀ ਕੰਮ ਨੂੰ ਵਾਰ ਵਾਰ ਕਰਦੇ ਹਨ ਜਦ ਕਿ ਉਹ ਜਾਣਦੇ ਹਨ ਕਿ ਇਹ ਗਲਤ ਹੈ। ਉਹ ਇਹ ਸੋਚਦਾ ਹੈ ਕਿ ਜੇ ਉਹ ਅਜੇਹਾ ਨਹੀਂ ਕਰੇਗਾ ਤਾਂ ਕੁਝ ਬੁਰਾ ਹੋ ਸਕਦਾ ਹੈ। ਜਦ ਉਹ ਅਜੇਹਾ ਕਰਨ ਤੋਂ ਖੁਦ ਨੂੰ ਰੋਕਦਾ ਹੈ ਤਾਂ ਉਸ ਨੂੰ ਪ੍ਰੇਸ਼ਾਨੀ ਦਾ ਅਨੁਭਵ ਹੁੰਦਾ ਹੈ। ਮਸਲਨ ਅਜਿਹੇ ਰੋਗੀ ਵਾਰ ਵਾਰ ਹੱਥ ਧੋਂਦੇ ਹਨ। ਦਫਤਰ ਪਹੁੰਚਣ 'ਤੇ ਇਸ ਰੋਗ ਨਾਲ ਗ੍ਰਸਤ ਕੁਝ ਰੋਗੀਆਂ ਨੂੰ ਲਗਦਾ ਹੈ ਕਿ ਉਹ ਪਾਣੀ ਦੀ ਟੈਂਕੀ ਬੰਦ ਕਰਕੇ ਨਹੀਂ ਆਏ ਹਨ ਜਦ ਕਿ ਉਹਨਾਂ ਨੂੰ ਇਸ ਗੱਲ ਦਾ ਅੰਦਾਜ਼ਾ ਹੈ ਕਿ ਟੈਂਕੀ ਉਹਨਾਂ ਬੰਦ ਕਰ ਦਿੱਤੀ ਸੀ ਫਿਰ ਵੀ ਸ਼ਕ ਦੇ ਚਲਦਿਆਂ ਦਫਤਰ ਤੋਂ ਘਰ ਉਹਨਾਂ ਨੂੰ ਟੈਂਕੀ ਜਾਂ ਟੂਟੀ ਦੇਖਣ ਆਉਣਾ ਪੈਂਦਾ ਹੈ। ਕੁਝ ਰੋਗੀ ਰੁਪਏ ਪੈਸਿਆਂ ਨੂੰ ਆਪਦੇ ਸ਼ਕ ਕਾਰਨ ਵਾਰੀ ਵਾਰੀ ਗਿਣਦੇ ਰਹਿੰਦੇ ਹਨ। ਉਪਰੋਕਤ ਲੱਛਣਾਂ ਤੋਂ ਇਲਾਵਾ ਰੋਗੀਆਂ ਨੂੰ ਹੋਰ ਵੀ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

o ਇਸ ਰੋਗ ਦੇ ਪੀੜਤ ਬਹੁਤ ਚਿੜਚੜੇ ਹੋ ਜਾਂਦੇ ਹਨ, ਜਦ ਉਹਨਾਂ ਨੂੰ ਅਜਿਹੇ ਕੰਮ ਵਾਰ ਵਾਰ ਕਰਨ ਤੋਂ ਰੋਕਿਆ ਜਾਂਦਾ ਹੈ ਤਾਂ ਉਹ ਗੁਸੇ 'ਚ ਆ ਜਾਂਦੇ ਹਨ।

o ਰਿਸ਼ਤੇਦਾਰਾਂ ਤੇ ਮਿੱਤਰਾਂ ਨਾਲ ਤਣਾਅਪੂਰਨ ਵਿਹਾਰ ਕਰਦੇ ਹਨ।

o ਕਈ ਰੋਗੀ ਉਦਾਸ ਰਹਿੰਦੇ ਹਨ ਤੇ ਵਾਰ ਵਾਰ ਆਤਮ ਹੱਤਿਆ ਦੇ ਵਿਚਾਰ ਉਹਨਾਂ 'ਚ ਪਣਪਦੇ ਹਨ।

o ਉਹਨਾਂ ਦੀ ਰੋਜ ਮਰਾ ਦੀ ਸਮਾਂ ਸਾਰਣੀ ਅਸਤ ਵਿਅਸਤ ਰਹਿੰਦੀ ਹੈ।

o ਜਦ ਵਾਰ ਵਾਰ ਕਿਸੇ ਕੰਮ ਨੂੰ ਕਰਨ ਤੋਂ ਰੋਕਣ ਬਾਰੇ ਕਿਹਾ ਜਾਂਦਾ ਹੈ ਤਾਂ ਉਹ ਯਾਦਾਸ਼ਤ ਦੀ ਕਮੀ ਦਾ ਬਹਾਨਾ ਕਰਦੇ ਹਨ। ਡਾਕਟਰ ਕੋਲ ਵੀ ਉਹ ਯਾਦਾਸ਼ਤ ਦੀ ਕਮੀ ਹੀ ਦੱਸਦੇ ਹਨ।

ਇਹ ਰੋਗ ਅਕਸਰ ਕਿਸ਼ੋਰਾਂ 'ਚ ਹੋ ਜਾਂਦਾ ਹੈ। ਅੱਧੇ ਤੋਂ ਇਕ ਫੀਸਦੀ ਲੋਕ ਇਸ ਬੀਮਾਰੀ ਦੀ ਲਪੇਟ 'ਚ ਹਨ। ਇਹ ਰੋਗ ਕਦੀ ਕਦੀ ਸ਼ੁਰੂ 'ਚ ਕੁਝ ਸਮਾਂ ਰਹਿਣ ਪਿਛੋਂ ਆਪਣੇ ਆਪ ਦੂਰ ਹੋ ਕੇ ਫਿਰ ਕੁਝ ਸਮੇਂ ਪਿਛੋਂ ਪ੍ਰਗਟ ਹੋ ਜਾਂਦਾ ਹੈ। ਜ਼ਿਆਦਾਤਰ ਲੋਕਾਂ 'ਚ ਇਹ ਰੋਗ ਹੌਲੀ ਹੌਲੀ ਵਧਦਾ ਫੁਲਦਾ ਲੰਮੇ ਸਮੇਂ ਤੱਕ ਬਣਿਆ

ਰਹਿੰਦਾ ਹੈ। ਰੋਗ ਦੇ ਸ਼ੁਰੂ 'ਚ ਰੋਗੀ ਇਸ ਗੱਲ ਨੂੰ ਸਮਝ ਹੀ ਨਹੀਂ ਸਕਦਾ ਕਿ ਉਹ ਮਾਨਸਿਕ ਰੋਗ ਦੇ ਘੇਰੇ 'ਚ ਫਸ ਚੁੱਕਿਆ ਹੈ। ਇਸ ਲਈ ਉਹਨਾਂ ਦਾ ਇਲਾਜ ਲੰਮੇ ਸਮੇਂ ਬਾਅਦ ਹੀ ਸ਼ੁਰੂ ਹੁੰਦਾ ਹੈ। ਇਸ ਰੋਗ ਨਾਲ ਪੀੜਤ 60-70 ਫੀਸਦੀ ਲੋਕ ਬਹੁਤ ਹੱਦ ਤੱਕ ਇਸ ਬੀਮਾਰੀ 'ਤੇ ਕੰਟਰੋਲ ਪਾ ਲੈਂਦੇ ਹਨ ਪਰ ਜੇ ਰੋਗੀ ਦਾ ਸਹੀ ਇਲਾਜ ਹੋਵੇ ਤਾਂ 80 ਫੀਸਦੀ ਤੱਕ ਰੋਗੀ ਠੀਕ ਵੀ ਹੋ ਜਾਂਦੇ ਹਨ।

ਕਾਰਨ ਮੰਨਿਆਂ ਜਾਂਦਾ ਹੈ ਕਿ ਦਿਮਾਗ ਦੇ ਕੁਝ ਰਸਾਇਣਾਂ 'ਚ ਗੜਬੜ ਹੋਣ ਨਾਲ ਇਹ ਰੋਗ ਵਧਦਾ ਫੁਲਦਾ ਹੈ। ਕਈ ਮਾਮਲਿਆਂ 'ਚ ਤਣਾਅ ਤੇ ਚਿੰਤਾ ਨਾਲ ਪ੍ਰੇਸ਼ਾਨ ਵਿਅਕਤੀ ਨੂੰ ਕੋਈ ਇਕ ਵਿਚਾਰ ਤਣਾਅ ਤੋਂ ਰਾਹਤ ਮਿਲਣ ਦਾ ਸਾਧਨ ਜਿਹਾ ਲੱਗਣ ਲਗਦਾ ਹੈ। ਡਾਕਟਰਾਂ ਦਾ ਮੰਨਣਾ ਹੈ ਕਿ ਕੁਝ ਲੋਕਾਂ 'ਚ ਪਿਤਾ ਪੁਰਖੀ ਕਾਰਨਾਂ ਕਰਕੇ ਵੀ ਇਹ ਰੋਗ ਪਣਪਦਾ ਹੈ।

**ਇਲਾਜ**

ਨਿਮਨ ਲਿਖਤ ਵਿਧੀਆਂ ਅਪਣਾਈਆਂ ਜਾਂਦੀਆਂ ਹਨ :-

**ਦਵਾਈਆਂ** : ਇਸ 'ਚ ਦੋ ਦਵਾਈਆਂ ਵਰਤੀਆਂ ਜਾਂਦੀਆਂ ਹਨ। ਫਲੋਕਸੀਟੀਨ ਜਾਂ ਕਲੋਮੀਪ੍ਰਾਮੀਨ। ਇਹਨਾਂ ਦਵਾਈਆਂ ਨੂੰ ਲੰਮੇ ਸਮੇਂ ਤਕ ਵਰਤਦੇ ਰਹਿਣ ਨਾਲ ਰੋਗ ਦੀ ਤੀਬਰਤਾ ਘਟ ਜਾਂਦੀ ਹੈ, ਜੋ ਬਾਅਦ 'ਚ ਪੂਰੀ ਤਰ੍ਹਾਂ ਖਤਮ ਹੋ ਸਕਦੀ ਹੈ। ਕੁਝ ਰੋਗੀ ਪੂਰੀ ਤਰ੍ਹਾਂ ਠੀਕ ਨਹੀਂ ਹੁੰਦੇ ਤੇ ਰੋਗ ਦੀ ਤੀਬਰਤਾ 70-80 ਫੀਸਦੀ ਤੱਕ ਘਟ ਜਾਂਦੀ ਹੈ। ਇਕ ਜਾਂ ਡੇਢ ਸਾਲ ਬਾਅਦ ਦਵਾਈ ਦੀ ਮਾਤਰਾ ਘੱਟ ਕੀਤੀ ਜਾਂਦੀ ਹੈ।

**ਸਾਈਡ ਇਫੈਕਟ** : ਮੂੰਹ ਸੁੱਕਣਾ, ਵੱਧ ਨੀਂਦ ਆਉਣੀ, ਚੱਕਰ ਆਉਣੇ, ਕਬਜ ਹੋਣੀ, ਸਿਰਦਰਦ, ਭੁੱਖ ਦੀ ਕਮੀ ਤੇ ਬੇਚੈਨੀ।

**ਮਨੋਵਿਗਿਆਨਕ ਇਲਾਜ** : ਰੋਗੀ ਨੂੰ ਸਮਝਾਇਆ ਜਾਂਦਾ ਹੈ ਕਿ ਇਹ ਵਿਚਾਰ ਫਜ਼ੂਲ ਹੈ। ਉਸ ਨੂੰ ਨਾ ਕਰਨ ਨਾਲ ਜੋ ਅਨੁਭਵ ਹੁੰਦਾ ਹੈ ਉਹ ਫਜ਼ੂਲ ਹੈ। ਬਾਅਦ 'ਚ ਰੋਗੀ ਨੂੰ ਤਣਾਅ ਮੁਕਤੀ ਦੀ ਟਰੇਨਿੰਗ ਦਿੱਤੀ ਜਾਂਦੀ ਹੈ। ਹੌਲੀ ਹੌਲੀ ਰੋਗੀ ਕੰਟਰੋਲ ਕਰਨਾ ਸਿੱਖ ਜਾਂਦਾ ਹੈ।

# ਦਿਲ ਦਾ ਮਾਮਲਾ ਹੈ : ਜ਼ਰਾ ਸੰਭਲ ਕੇ

ਦਿਲ ਦੇ ਰੋਗ ਦੇ ਖਤਰੇ ਨੂੰ ਦੂਰ ਰੱਖਣ ਲਈ ਸਿਹਤਮੰਦ ਜੀਵਨ ਸ਼ੈਲੀਆਂ ਅਪਣਾਉਣ 'ਤੇ ਤਾਂ ਬਹੁਤ ਜ਼ੋਰ ਦਿੱਤਾ ਜਾਂਦਾ ਹੈ ਪਰ ਦਿਲ ਦਾ ਦੌਰਾ ਪੈਣ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਬਾਰੇ ਜ਼ਿਆਦਾ ਚਰਚਾ ਨਹੀਂ ਕੀਤੀ ਜਾਂਦੀ। ਭਾਰਤੀਆਂ ਨੂੰ ਲਗਾਤਾਰ ਸਿਹਤਯਾਬ ਭੋਜਨ ਕਰਨ ਤੇ ਸਰੀਰਕ ਰੂਪ 'ਚ ਵਧ ਸਰਗਰਮ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ ਪਰ ਇਸ 'ਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਜਾਂਦਾ ਕਿ ਹਰ ਸਾਲ ਦਿਲ ਦੇ ਰੋਗਾਂ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ 15 ਲੱਖ ਹੈ ਅਤੇ ਇਨ੍ਹਾਂ 'ਚੋਂ ਜ਼ਿਆਦਾ ਲੋਕਾਂ ਨੂੰ ਬਚਾਇਆ ਜਾ ਸਕਦਾ ਹੈ। ਇਸ ਦੇ ਲਈ ਮੁੱਢਲੀਆਂ ਸਿਹਤ ਸੇਵਾਵਾਂ ਬਹੁਤ ਹੱਦ ਤੱਕ ਜ਼ਿੰਮੇਵਾਰ ਹਨ ਤੇ ਉਨ੍ਹਾਂ 'ਚ ਸੁਧਾਰ ਕਰਨ ਦੀ ਫੌਰੀ ਜ਼ਰੂਰਤ ਹੈ। 'ਫਿਲਹਾਲ ਦਿਲ ਦਾ ਦੌਰਾ ਪੈਣ 'ਤੇ 30-40 ਫੀਸਦੀ ਮਰੀਜ਼ ਹਸਪਤਾਲ ਨਹੀਂ ਪਹੁੰਚਦੇ ਅਤੇ ਵੈਂਟੀਲੇਟਰ ਫਾਇਬ੍ਰਿਲੇਸ਼ਨ (6) ਦੇ ਕਾਰਨ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਕਰੀਬ 50 ਫੀਸਦੀ ਮੌਤਾਂ ਮਾਇਓਕਾਰਡੀਅਲ ਇਨਫਾਰਕਸ਼ਨ ($9) ਜੋ ਦਿਲ ਦਾ ਗੰਭੀਰ ਦੌਰਾ ਹੈ, ਦੇ ਕਾਰਨ ਪਹਿਲੇ ਘੰਟੇ 'ਚ ਬਲਕਿ ਛਾਤੀ ਦੇ ਦਰਦ ਬਾਅਦ ਕੁਝ ਮਿੰਟਾਂ 'ਚ ਹੀ ਹੋ ਜਾਂਦੀਆਂ ਹਨ। ਬਿਹਤਰੀਨ ਡਾਕਟਰੀ ਸਹੂਲਤਾਂ ਦੀ ਵਜ੍ਹਾ ਨਾਲ ਦਿਲ ਦੇ ਰੋਗੀਆਂ ਦੇ ਹਸਪਤਾਲ ਪਹੁੰਚਣ ਪਿੱਛੋਂ ਮੌਤ ਦਰ ਘਟ ਕੇ 7 ਫੀਸਦੀ ਰਹਿ ਗਈ ਹੈ ਪਰ ਜੇ ਲੋੜੀਂਦੇ ਸੁਰੱਖਿਆ ਉਪਾਅ ਕੀਤੇ ਜਾਣ ਤਾਂ ਦਿਲ ਦੇ ਦੌਰੇ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਅੱਧੀ ਹੋ ਸਕਦੀ ਹੈ। ਇਸ ਲਈ ਜ਼ਰੂਰੀ ਹੈ ਕਿ ਰੋਗੀ ਦਿਲ ਦਾ ਦੌਰਾ ਪੈਣ ਦੇ ਲੱਛਣਾਂ ਨੂੰ ਤੁਰੰਤ ਪਹਿਚਾਣ ਸਕੇ। ਡਾਕਟਰਾਂ ਦੀ ਚਿੰਤਾ ਇਹ ਹੈ ਕਿ ਭਾਰਤੀ ਰੋਗੀ ਇਹ ਮੰਨਣਾ ਹੀ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਦਿਲ ਦੀਆਂ ਬੀਮਾਰੀਆਂ ਹੋਣ ਦਾ ਖਤਰਾ ਹੈ। ਡਾ. ਅਮਰ ਅਸ਼ੋਕ ਕੁਮਾਰ (ਜੋ ਅਸਕਾਰਟ ਹਾਰਟ ਇੰਸਟੀਚਿਊਟ ਦਿੱਲੀ ਦੇ ਰਿਸਰਚ ਸੈਂਟਰ 'ਚ ਐਮਰਜੈਂਸੀ ਐਂਡ ਹਾਰਟ ਕਮਾਂਡ ਸੈਂਟਰ ਦੇ ਨਿਰਦੇਸ਼ਕ ਹਨ) ਕਹਿੰਦੇ ਹਨ ਕਿ ਦਿਲ ਦਾ ਦੌਰਾ ਪੈਂਦਾ ਹੈ ਤਾਂ ਲੋਕ ਇਸ ਨੂੰ ਨਿਕਾਰਨ ਲੱਗਦੇ ਹਨ। ਉਨ੍ਹਾਂ ਦੀ ਪ੍ਰਤੀਕ੍ਰਿਆ ਆਮ ਤੌਰ 'ਤੇ ਅਵਿਸ਼ਵਾਸ ਦੀ ਹੁੰਦੀ ਹੈ ਅਤੇ ਛਾਤੀ 'ਚ ਤੇਜ਼ ਦਰਦ ਵਰਗੇ ਵਿਸ਼ੇਸ਼ ਲੱਛਣ ਦੇ ਹੋਣ 'ਤੇ ਵੀ ਉਹ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦੇ।"

ਇਸ ਲਈ ਦਿਲ ਦੇ ਦੌਰੇ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਲਈ ਪਹਿਲਾ ਕਦਮ ਇਹ ਮੰਨਣਾ ਹੈ ਕਿ ਆਪ ਨੂੰ ਇਹ ਰੋਗ ਹੋ ਸਕਦਾ ਹੈ ਅਤੇ ਕੋਈ ਵੀ ਲੱਛਣ ਮਹਿਸੂਸ ਹਣ 'ਤੇ ਤੁਰੰਤ ਇਸ ਵੱਲ ਲੋੜੀਂਦਾ ਧਿਆਨ ਦੇਣ ਦੀ ਜ਼ਰੂਰਤ ਹੈ। ਜਿਨ੍ਹਾਂ ਲੋਕਾਂ ਨੂੰ ਇਹ ਰੋਗ ਹੋਣ ਦਾ ਖਤਰਾ ਵਧ ਹੈ ਉਨ੍ਹਾਂ ਲਿਪਿਡ ਪ੍ਰਫਾਈਲ ਐਂਜੀਓਗ੍ਰਾਫੀ ਵਰਗੀ ਜਾਂਚ ਕਰਾਉਣ 'ਤੇ ਸ਼ੁਰੂਆਤੀ ਅਵਸਥਾ 'ਚ ਹੀ ਇਸ ਰੋਗ ਦਾ ਪਤਾ ਲੱਗ ਸਕਦਾ ਹੈ ਪਰ ਵਿਅਕਤੀ ਪੱਧਰ 'ਤੇ ਜਾਗਰੂਕਤਾ ਹੋਣ 'ਤੇ ਵੀ ਜ ਦਿਲ ਦੇ ਰੋਗ ਦੇ ਲੱਛਣ ਉਭਰਦੇ ਹਨ ਤਾਂ ਮਾਹਰ ਰਾਇ ਦੀ ਲੋੜ ਹੁੰਦੀ ਹੈ।

# ਕੀ ਦਰਸਾਉਂਦੀਆਂ ਹਨ ਭੁੱਖ ਨਾਲ ਮੌਤਾਂ?

ਹੁਣ ਤਾਂ ਦਾਲ ਵੀ ਸੁਪਨੇ 'ਚ ਹੀ ਆਉਂਦੀ ਹੈ। ਬਾਸਗਾਂਵ ਦੀ ਸ਼ੁਭਵਤੀ, ਭੁਖ ਦੀ ਇਹ ਮਾਰੂ ਕਥਾ ਕਹਿਣ ਲਈ ਜ਼ਿੰਦਾ ਹੈ ਪਰ 2004 ਦੇ ਅਕਤੂਬਰ ਮਹੀਨੇ ਤੋਂ ਲੈ ਕੇ 2007 ਦੀ ਜੁਲਾਈ 16 ਤੱਕ ਗੋਰਖਪੁਰ, ਪੜਰੌਣਾ ਤੇ ਕੁਸ਼ੀ ਨਗਰ ਜ਼ਿਲ੍ਹਿਆਂ 'ਚ 60 ਤੋਂ ਵੱਧ ਲੋਕ ਭੁੱਖ ਨਾਲ ਵਿਲਕ ਵਿਲਕ ਕੇ ਮਰ ਚੁੱਕੇ ਹਨ। ਇਹ ਅੰਕੜੇ ਨਿਸ਼ਚੇ ਹੀ ਗ਼ੈਰ ਸਰਕਾਰੀ ਹਨ ਕਿਉਂਕਿ ਭਾਵੇਂ ਕੇਂਦਰੀ ਪੇਂਡੂ ਵਿਕਾਸ ਮੰਤਰੀ ਰਘੂਵੰਸ਼ ਪ੍ਰਸਾਦ ਸਿੰਘ ਹੋਣ ਜਾਂ ਫਿਰ ਜ਼ਿਲ੍ਹਾ ਅਧਿਕਾਰੀ, ਸੱਭ ਇਹੀ ਕਹਿੰਦੇ ਹਨ ਕਿ ਭੁੱਖ ਨਾਲ ਵੀ ਕਦੇ ਕੋਈ ਮਰਦਾ ਹੈ? ਦਾਅਵੇ ਜੋ ਮਰਜ਼ੀ ਹੋਣ, ਇਸ ਇਲਾਕੇ 'ਚ ਭੁੱਖਮਰੀ ਰਾਜਸੀ ਮੁੱਦਾ ਬਣਦੀ ਜਾ ਰਹੀ ਹੈ ਤੇ ਉੱਤਰ ਪ੍ਰਦੇਸ਼ ਦੀਆਂ ਮੁੱਖ ਰਾਜਸੀ ਪਾਰਟੀਆਂ ਦੀ ਆਸ ਦੇ ਬਾਵਜੂਦ ਉੱਤਰ ਪ੍ਰਦੇਸ਼ 'ਚ ਕਾਫ਼ੀ ਵਾਰ ਸਾਲ ਵੀ ਪੁੱਛੇ ਜਾਂਦੇ ਰਹੇ ਹਨ। ਖੇਤੀ ਦਾ ਸੰਕਟ, ਖੇਤੀ ਫ਼ਸਲਾਂ 'ਚ ਬਦਲਾਅ, ਕਿਸੇ ਨਾ ਕਿਸੇ ਤਰ੍ਹਾਂ ਨਾਲ ਰੋਟੀ ਰੋਜ਼ੀ ਦੇ ਵਿਰਾਟ ਸੰਕਟ 'ਚ ਤਬਦੀਲ ਹੋ ਜਾਂਦਾ ਹੈ। ਇਸ ਦੀਆਂ ਮਿਸਾਲਾਂ ਇਨ੍ਹਾਂ ਤਿੰਨ ਜ਼ਿਲ੍ਹਿਆਂ ਦੇ ਪਿੰਡਾਂ-ਕਸਬਿਆਂ 'ਚ ਵੇਖੀਆਂ ਜਾ ਸਕਦੀਆਂ ਹਨ। ਹੁਣ ਇੱਥੋਂ ਦੇ ਲੋਕ ਜ਼ਿਲ੍ਹਾ ਪ੍ਰਸ਼ਾਸਨ ਤੇ ਮੀਡੀਆ ਨੂੰ ਬਕਾਇਦਾ ਅਗਾਊਂ ਸੂਚਿਤ ਕਰ ਰਹੇ ਹਨ ਕਿ ਉਨ੍ਹਾਂ ਦੇ ਪਿੰਡ ਜਾਂ ਟੋਲੇ 'ਚ ਏਨੇ ਲੋਕ ਭੁੱਖ ਨਾਲ ਮਰਨ ਕਿਨਾਰੇ ਹਨ ਤੇ ਉਨ੍ਹਾਂ ਨੂੰ ਤੁਰਤ ਸਹਾਇਤਾ ਨਾ ਦਿੱਤੀ ਗਈ ਤਾਂ ਉਨ੍ਹਾਂ ਦੀ ਮੌਤ ਹੋ ਜਾਵੇਗੀ। ਅਜੇਹੀ ਸੂਚਨਾ ਦੇ ਅੰਕੜੇ ਹਰ ਰੋਜ਼ ਲਿਖੇ ਜਾ ਰਹੇ ਹਨ ਅਤੇ ਇਨ੍ਹਾਂ ਦੀ ਬਦੌਲਤ ਕੁੱਝ ਲੋਕਾਂ ਨੂੰ ਮੌਤ ਤੋਂ ਬਚਾਇਆ ਵੀ ਜਾ ਸਕਿਆ ਹੈ, ਭਾਵੇਂ ਅਜਿਹੇ ਲੋਕਾਂ ਦੀ ਗਿਣਤੀ ਉਂਗਲਾਂ 'ਤੇ ਗਿਣੀ ਜਾਣ ਵਾਲੀ ਹੈ। ਚਾਰ ਸਾਲਾਂ ਦੀ ਭਿਆਨਕ ਸਥਿਤੀ ਪਿੱਛੋਂ ਹੁਣ ਇਸ ਮੁੱਦੇ 'ਤੇ ਟਾਵੇਂ-ਟਾਵੇਂ ਧਰਨੇ ਮੁਜ਼ਾਹਰੇ ਵੀ ਸ਼ੁਰੂ ਹੋ ਗਏ ਹਨ। ਗੋਰਖਪੁਰ ਮੰਡਲ ਦੇ ਕੁਸ਼ੀਨਗਰ ਜ਼ਿਲ੍ਹੇ ਦੇ ਦੋਹਾਂ ਪਿੰਡਾਂ 'ਚ 19 ਜੁਲਾਈ ਨੂੰ ਨੋਨੀਆ ਜਾਤੀ ਦੇ ਰਘਬੀਰ ਦੀ ਮੌਤ ਭੁੱਖ ਨਾਲ ਹੋ ਗਈ ਤੇ ਉਸ ਪਿੱਛੋਂ 20 ਜੁਲਾਈ ਨੂੰ ਗੁੱਸੇ 'ਚ ਆਏ ਪਿੰਡ ਵਾਲਿਆਂ ਨੇ ਚੱਕਾ ਜਾਮ ਕੀਤਾ। ਤੋਲੀ ਪਿੰਡ ਦੇ ਲੋਕਾਂ ਦੀ ਭੁੱਖ ਅਤੇ ਕੁਪੋਸ਼ਣ ਨਾਲ ਮੌਤ ਹੋ ਗਈ ਤੇ ਹੋਰ ਲੋਕ ਵੀ ਮਰਨ ਵਾਲੇ ਹਨ। ਇਸ ਤਰ੍ਹਾਂ ਪਿਛਲੇ ਸਾਲ ਦੇਵਰੀਆ ਦੇ ਮਝੌਲੀ ਰਾਜ ਨਗਰ 'ਚ ਬੇਸਹਾਰਾ ਲੋਕਾਂ ਨੂੰ ਬਚਾਉਣ ਲਈ ਅੰਦੋਲਨ ਚੱਲਿਆ ਤੇ ਮਾਕਪਾ (ਤੇ ਹੋਰ ਸੰਗਠਨਾਂ ਦੀ ਅਗਵਾਈ 'ਚ ਮੁਜ਼ਾਹਰਾ ਹੋਇਆ। 65 ਸਾਲ ਸਿਮਰਿਖਆ ਦੀ ਝੌਂਪੜੀ ਵਿੱਚ ਅਨਾਜ ਨਾ ਪਹੁੰਚਾਇਆ ਗਿਆ ਤੇ ਉਹ ਭੁੱਖ ਕਾਰਨ ਮਰ ਗਈ। ਮਹਾਰਾਜਗੰਜ ਦੇ ਫ਼ਰੇਂਦਾ ਖ਼ੁਰਦ ਨਿਵਾਸੀ ਹਰੀ ਰਾਮ (48) ਦੀ ਮੌਤ ਤੋਂ ਚਾਰ ਦਿਨ ਪਹਿਲਾਂ ਤੱਕ ਉਨ੍ਹਾਂ ਦੀ ਪਤਨੀ ਇਸਰਾਵਤੀ ਜ਼ਿਲ੍ਹਾ ਪ੍ਰਸ਼ਾਸਨ ਤੋਂ ਮਦਦ ਲਈ ਫ਼ਰਿਆਦ ਕਰਦੀ ਰਹੀ। ਪਿੰਡ ਦੇ ਨੌਜਵਾਨ ਰਾਮਨਰੇਸ਼ ਦੀ ਤਰਸਯੋਗ ਹਾਲਤ ਬਾਰੇ ਮੁੱਖ ਮੰਤਰੀ ਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਫ਼ੈਕਸ ਤੱਕ ਭੇਜਿਆ ਗਿਆ। ਤਹਿਸੀਲਦਾਰ, ਕਾਨੂੰਗੋ ਤੇ ਲੇਖਾਪਾਲ ਆਏ ਪਰ ਸਿਰਫ਼ ਵਿਸ਼ਵਾਸ ਦੇ ਕੇ ਚਲੇ ਗਏ। ਅਜਿਹੇ ਅਨੇਕਾਂ ਮਾਮਲੇ ਹਰ ਪਿੰਡ, ਹਰ ਟੋਲੇ 'ਚ ਮੌਜੂਦ ਹਨ।

ਭੋਜਨ ਦੇ ਅਧਿਕਾਰ ਮਾਮਲੇ 'ਚ ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਭੁੱਖ

ਨਾਲ ਮੌਤਾਂ ਲਈ ਸਬੰਧਤ ਰਾਜ ਦੇ ਮੁੱਖ ਸਕੱਤਰ ਤਲਬ ਕੀਤੇ ਜਾਣਗੇ। ਇਸ ਨੂੰ ਵੇਖਦਿਆਂ ਹੀ ਮੁੱਖ ਸਕੱਤਰਾਂ ਨੇ ਆਪਣੀ ਜ਼ਿੰਮੇਵਾਰੀ ਜ਼ਿਲ੍ਹਾ ਅਧਿਕਾਰੀਆਂ 'ਤੇ ਪਾਈ ਤੇ ਉਨ੍ਹਾਂ ਨਾਲ ਜ਼ਿਲ੍ਹਾ ਪ੍ਰਧਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਪੂਰੇ ਅਮਲ 'ਚ ਜ਼ਿਲ੍ਹਾ ਪ੍ਰਸ਼ਾਸਨ ਆਪਣੀ ਚਮੜੀ ਬਚਾਉਣ ਲਈ ਕਿਸੇ ਵੀ ਸੂਰਤ ਵਿੱਚ ਭੁੱਖ ਨਾਲ ਮੌਤ ਨੂੰ ਭੁੱਖ ਨਾਲ ਹੋਈ ਮੌਤ ਨਹੀਂ ਦਰਸਾਉਂਦਾ। ਸੱਭ ਕੋਲ ਇੱਕੋ ਬਹਾਨਾ ਹੈ ਕਿ ਫ਼ਲਾਂ ਵਿਅਕਤੀ ਭੁੱਖ ਨਾਲ ਨਹੀਂ, ਬਿਮਾਰੀ ਨਾਲ ਮਰਿਆ ਹੈ। ਜਿਵੇਂ-ਜਿਵੇਂ-ਜਿਵੇਂ ਭੁੱਖ ਵਧਦੀ ਹੈ, ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ ਤੇ ਵਿਖਾਇਆ ਜਾ ਸਕਦਾ ਹੈ ਕਿ ਮ੍ਰਿਤਕ ਭੁੱਖ ਨਾਲ ਨਹੀਂ, ਟੀ. ਬੀ. ਜਾਂ ਜਿਗਰ ਦੀ ਬਿਮਾਰੀ ਨਾਲ ਮਰਿਆ ਹੈ ਜੋ ਭੁੱਖ ਕਾਰਨ ਹੀ ਪੈਦਾ ਹੋਈ ਹੁੰਦੀ ਹੈ। ਇਲਾਕੇ ਦੇ ਪਿੰਡਾਂ ਤੇ ਟੋਲਿਆਂ ਦੇ ਬੱਚੇ ਸਾਰੇ ਹੀ ਭਿਆਨਕ ਭੁੱਖਮਰੀ ਦਾ ਸ਼ਿਕਾਰ ਹਨ। ਤਨ 'ਤੇ ਕੱਪੜਾ ਨਹੀਂ, ਪੇਟ ਘੜੇ ਵਾਂਗੂ ਬਾਹਰ ਨਿਕਲੇ ਹੋਏ ਹਨ। ਜਲਕੁੰਭੀ ਜਾਂ ਕੇਲੇ ਦਾ ਤਣਾ ਚੂਸਦੇ ਇਹ ਬੱਚੇ ਵਿਕਾਸ ਦੀ ਅਲੱਗ ਹੀ ਕਹਾਣੀ ਕਹਿੰਦੇ ਹਨ। ਭੋਜਨ ਬਾਰੇ ਪੁੱਛੀਏ ਤਾਂ ਚੌਲ ਤੇ ਸਾਗ ਸਬਜ਼ੀ ਤੇ ਕਟੋਰ ਲੈ ਕੇ ਨਮਕ ਨਾਲ ਘਾਹ ਹੀ ਖਾਂਦੇ ਮਿਲਣਗੇ। ਏਨੀ ਭਿਆਨਕ ਭੁੱਖਮਰੀ ਤੇ ਭੁੱਖ ਤੋਂ ਬਾਅਦ ਇਹ ਲੋਕ ਆਸਾਨੀ ਨਾਲ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ ਜਿਨ੍ਹਾਂ 'ਚ ਸੱਭ ਤੋਂ ਵੱਧ ਜਾਨ ਕੱਢਦੀ ਹੈ ਤਪਦਿਕ। ਇੱਕ-ਇੱਕ ਟੋਲੇ 'ਚ ਘੱਟੋ-ਘੱਟ 15-20 ਲੋਕ ਟੀ. ਬੀ. ਦੇ ਸ਼ਿਕਾਰ ਮਿਲਦੇ ਹਨ। ਤਪਦਿਕ ਭਾਵ ਲੰਮਾ ਇਲਾਜ ਅਤੇ ਅੱਛਾ ਖਾਣਾ। ਇਹ ਦੋਵੇਂ ਹੀ ਗੱਲਾਂ ਇੱਥੇ ਨਹੀਂ ਹਨ। ਸਿਰਫ਼ ਖੇਤੀ 'ਚ ਬਿਜਾਈ-ਕਟਾਈ ਅਤੇ ਸਾਉਣੀ ਸਮੇਂ 10 ਰੁਪਏ ਤੋਂ ਲੈ ਕੇ 25-30 ਰੁਪਏ ਦਾ ਹੀ ਕੰਮ ਮਿਲਦਾ ਹੈ ਤੇ ਉਹ ਵੀ ਸਾਲ 'ਚ ਵੱਧ ਤੋਂ ਵੱਧ 30-40 ਦਿਨ। ਬਾਕੀ ਦਿਨ ਫਾਕਾ। ਇਨ੍ਹਾਂ 'ਚੋਂ ਕਿਸੇ ਦੀ ਮੌਤ ਸਰਕਾਰੀ ਅੰਕੜਿਆਂ 'ਚ ਭੁੱਖ ਨਾਲ ਹੋਈ ਦਰਜ ਨਹੀਂ ਹੁੰਦੀ ਕਿਉਂਕਿ ਕਾਗ਼ਜ਼ਾਂ 'ਚ ਇਹ ਮੌਤ ਟੀ. ਬੀ. ਜਾਂ ਬੁਖ਼ਾਰ ਜਾਂ ਠੰਢ/ਗਰਮੀ ਨਾਲ ਹੋਈ ਵਿਖਾਈ ਜਾਂਦੀ ਹੈ।

ਇਹ ਪੂਰਾ ਇਲਾਕਾ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਤਹਿਤ ਆਉਂਦਾ ਹੈ। ਪਿੰਡ 'ਚ ਟੋਲਿਆਂ 'ਚ ਜਾਬ ਕਾਰਡ ਬਹੁਤੇ ਲੋਕਾਂ ਕੋਲ ਜ਼ਰੂਰ ਨਜ਼ਰ ਆਉਂਦੇ ਹਨ। ਜਾਬ ਕਾਰਡ ਹਨ ਪਰ ਫਿਰ ਵੀ ਲੋਕ ਬਿਨਾਂ ਕੰਮ ਦੇ ਭੁੱਖ ਨਾਲ ਮਰ ਰਹੇ ਹਨ। ਜ਼ਿਆਦਾਤਰ ਜਾਬ ਕਾਰਡ ਖ਼ਾਲੀ ਨਜ਼ਰ ਆਉਂਦੇ ਹਨ। ਦੂਜੇ ਪਾਸੇ ਮੁਸਹਰ ਟੋਲਿਆਂ 'ਚ ਘਰਾਂ ਦੇ ਸਾਹਮਣੇ ਭੜੋਲੇ ਤਾਂ ਹਨ ਪਰ ਇਹ ਵੀ ਧੋਖਾ ਹੈ, ਕਿਉਂਕਿ ਉਨ੍ਹਾਂ 'ਚ ਅਨਾਜ ਹੁੰਦਾ ਹੀ ਨਹੀਂ। ਭੁੱਖਮਰੀ-ਬੀਮਾਰੀ-ਮੌਤ ਦੀ ਇਸ ਘੁੰਮਣਘੇਰੀ ਦੀ ਗ੍ਰਿਫ਼ਤ 'ਚ ਸੱਭ ਤੋਂ ਵੱਧ ਮੁਸਹਰ ਜਾਤੀ (ਅਨੁਸੂਚਿਤ ਜਾਤੀ) ਦੇ ਲੋਕ ਹਨ। ਮੁਸਹਰ ਯਾਨੀ ਮੂਸਾ (ਚੂਹਾ) ਮੂਸ ਦੇ ਭੋਜਨ 'ਤੇ ਜਿਊਣ ਵਾਲੇ। ਸਿਰਫ਼ ਕੁਸ਼ੀਨਗਰ 'ਚ 74 ਮੁਸਹਰ ਟੋਲਿਆਂ ਵਿੱਚ ਇੱਕ ਲੱਖ ਮੁਸਹਰ ਹਨ। ਇਨ੍ਹਾਂ ਦੀ ਬਸਤੀ ਪਿੰਡਾਂ ਤੋਂ ਦੂਰ ਹੁੰਦੀ ਹੈ ਅਤੇ ਇਹ ਬੇਜ਼ਮੀਨੇ ਹੁੰਦੇ ਹਨ। ਜ਼ਮੀਨ ਜੋ ਸੀ, ਉਹ ਕਰਜ਼ਿਆਂ ਕਾਰਨ ਵਿਕ ਗਈ। ਸਨਮਾਨਜਨਕ ਰੋਟੀ ਰੋਜ਼ੀ ਤੇ ਭੋਜਨ ਦੀ ਘਾਟ ਕਾਰਨ ਚੂਹੇ ਖਾਣ ਦੀ ਮਜਬੂਰੀ ਸੀ ਪਰ ਹੁਣ ਸਮਾਜਕ ਬੰਧਨਾਂ ਕਾਰਨ ਤੇ ਬੇਵੱਸ ਹੋ ਕੇ ਭੁੱਖੇ ਮਰ ਰਹੇ ਹਨ ਕਿਉਂਕਿ ਚੂਹੇ ਖਾਣੇ ਸਮਾਜ ਪਸੰਦ ਨਹੀਂ ਕਰਦਾ। ਇਸ ਜਾਤੀ ਦੇ ਲੋਕ ਵੀ ਨਹੀਂ, ਬਾਂਸਗਾਂਵ ਦਾ 50 ਸਾਲਾ ਮੰਗਵਾ ਮੁਸਹਰ ਦਾ ਕਥਨ ਸਟੀਕ ਚੋਟ ਕਰਨ ਵਾਲਾ ਹੈ, "ਚੂਹੇ ਵੀ

ਤਾਂ ਸਾਨੂੰ ਜ਼ਿੰਦੇ ਰੱਖਦੇ ਹਨ। ਅਸੀਂ ਉਨ੍ਹਾਂ ਨੂੰ ਕਿਉਂ ਮਾਰਾਂਗੇ?" ਉਨ੍ਹਾਂ ਦੱਸਿਆ ਕਿ ਕਿਸ ਤਰ੍ਹਾਂ ਭੁੱਖ ਦੇ ਦਿਨਾਂ 'ਚ ਉਹ ਲੋਕ ਚੂਹਿਆਂ ਦੀਆਂ ਖੁੱਡਾਂ ਪੁੱਟ ਕੇ ਉਨ੍ਹਾਂ 'ਚੋਂ ਅਨਾਜ ਕੱਢ ਕੇ ਖਾਂਦੇ ਹਨ। ਸਿਰਫ਼ ਮੁਸਹਰ ਹੀ ਨਹੀਂ ਖੇਤੀ ਨਾਲ ਜੁੜੇ ਹੋਰ ਲੋਕ ਵੀ ਰੋਟੀ ਰੋਜ਼ੀ ਦਾ ਭਿਆਨਕ ਸੰਕਟ ਝੇਲ ਰਹੇ ਹਨ। ਪਹਿਲਾਂ ਇਸ ਇਲਾਕੇ 'ਚ ਕਣਕ-ਚੌਲ ਦੀ ਖੇਤੀ ਹੁੰਦੀ ਸੀ। ਇਹ ਸੰਕਟ 'ਚ ਫਸ ਗਈ ਤਾਂ ਕਿਸਾਨਾਂ ਨੇ ਗੰਨੇ ਵੱਲ ਰੁਖ਼ ਕੀਤਾ। ਹੁਣ ਗੰਨਾ ਕਿਸਾਨ ਬਰਬਾਦੀ ਕੰਢੇ ਖੜੇ ਹਨ। ਗੰਨੇ ਦੀਆਂ ਮਿੱਲਾਂ ਲੱਖਾਂ-ਲੱਖਾਂ ਰੁਪਏ ਕਿਸਾਨਾਂ ਦੇ ਨੱਪੀ ਬੈਠੀਆਂ ਹਨ। ਇਲਾਕੇ ਦੀਆਂ 9 ਚੀਨੀ ਮਿੱਲਾਂ 'ਚੋਂ ਦੋ ਬੰਦ ਹੋ ਚੁੱਕੀਆਂ ਹਨ ਤੇ ਕਈ ਬੰਦ ਹੋਣ ਕੰਢੇ ਹਨ। ਹੁਣ ਕਿਸਾਨ ਕੇਲੇ ਦੀ ਖੇਤੀ ਵੱਲ ਵੱਧ ਧਿਆਨ ਦੇ ਰਹੇ ਹਨ ਪਰ ਇਸ ਲੜੀਵਾਰ ਤਬਦੀਲੀ 'ਚ ਭੂਮੀਹੀਣ, ਖ਼ਾਸ ਕਰ ਕੇ ਮੁਸਕਰ, ਜੋ ਮੁੱਖ ਤੌਰ 'ਤੇ ਜ਼ਮੀਨ ਮਾਲਕਾਂ ਵਾਲੇ ਕਿਸਾਨਾਂ ਦੀ ਖੇਤੀ 'ਤੇ ਰੋਟੀ ਰੋਜ਼ੀ ਲਈ ਨਿਰਭਰ ਸਨ, ਬੇਕਾਰ ਹੁੰਦੇ ਗਏ। ਅਨਾਜ ਦੀ ਖੇਤੀ ਘੱਟ ਹੋਣ ਨਾਲ ਬੇਜ਼ਮੀਨੇ, ਖ਼ਾਸ ਕਰ ਕੇ ਮੁਸਕਰ, ਜੋ ਪਹਿਲਾਂ ਤੋਂ ਕੁਪੋਸ਼ਣ ਦਾ ਸ਼ਿਕਾਰ ਸਨ, ਭੋਜਨ ਸੰਕਟ ਵਿੱਚ ਫੱਸ ਗਏ। ਕਟਾਈ ਲਈ ਹਾਰਵੈਸਟਰ ਮਸ਼ੀਨ ਆਉਣ ਨਾਲ ਉਨ੍ਹਾਂ ਦੀ ਰੋਟੀ ਰੋਜ਼ੀ 'ਤੇ ਸਿੱਧੀ ਮਾਰ ਪੈਣ ਲੱਗੀ। ਇੱਕ ਏਕੜ ਖੇਤ 'ਚ ਇੱਕ ਘੰਟੇ 'ਚ ਇਹ ਮਸ਼ੀਨ 700-800 ਰੁਪਏ ਦੀ ਕਟਾਈ ਕਰ ਦਿੰਦੀ ਹੈ ਜਦਕਿ ਹੱਥ ਨਾਲ ਇਹ ਕੰਮ ਕਰਨ ਲਈ 20-25 ਮਜ਼ਦੂਰਾਂ ਦੀ ਲੋੜ ਪੈਂਦੀ ਹੈ ਤੇ ਉਨ੍ਹਾਂ ਦੀ ਮਜ਼ਦੂਰੀ ਵੱਧ ਬਣਦੀ ਹੈ। ਇਸ ਦੇ ਨਾਲ ਹੀ ਹਾਰਵੈਸਟਰ ਨਾਲ ਕਟਾਈ ਦੌਰਾਨ ਤੂੜੀ ਨਹੀਂ ਨਿਕਲਦੀ ਜੋ ਪਹਿਲਾਂ ਮੁਸਹਰ ਜਾਨਵਰ ਪਾਲਣ ਲਈ ਵਰਤ ਲੈਂਦੇ ਸਨ। ਮੁਸਹਰ ਜਾਨਵਰ ਪਾਲਣ ਲਈ ਵਰਤ ਲੈਂਦੇ ਸਨ। ਮੁਸਹਰ ਨੇ ਦੱਸਿਆ ਕਿ ਹੁਣ ਉਨ੍ਹਾਂ ਲਈ ਅੱਛੀ ਨਸਲ ਦੇ ਜਾਨਵਰਾਂ ਦੀ ਬਟਾਈ 'ਤੇ ਪਾਲਣਾ ਵੀ ਮੁਸ਼ਕਲ ਹੋ ਗਈ ਹੈ। ਯਾਨੀ ਪਹਿਲਾਂ ਜੋ ਥੋੜਾ ਬਹੁਤਾ ਦੁੱਧ ਆਦਿ ਨਾਲ ਉਨ੍ਹਾਂ ਨੂੰ ਪੋਸ਼ਣ ਮਿਲ ਜਾਂਦਾ ਹੈ, ਉਹ ਬੰਦ ਹੋ ਗਿਆ ਹੈ। ਸੂਬਾਈ ਸਰਕਾਰ ਦੇ ਅੰਕੜੇ ਵੀ ਦੱਸਦੇ ਹਨ ਕਿ ਰਾਜ 'ਚ ਪਸ਼ੂਆਂ ਦੀ ਗਿਣਤੀ ਤਾਂ ਵਧੀ ਹੈ ਪਰ ਪਸ਼ੂ ਪਾਲਕਾਂ ਦੀ ਘਟੀ ਹੈ। ਗੋਰਖਪੁਰ ਤੋਂ ਕਰੀਬ 20 ਕਿਲੋਮੀਟਰ ਦੂਰ ਕੁਸ਼ੀਨਗਰ ਜ਼ਿਲ੍ਹੇ 'ਚ ਦੁਦਹੀ ਬਲਾਕ 'ਚ ਦੋਘਰਾ ਪਿੰਡ ਦੇ ਨਗੀਨਾ ਮੁਸਹਰ ਦੀ ਭੁੱਖ ਨਾਲ ਮੌਤ 'ਤੇ ਕੌਮੀ ਪੱਧਰ 'ਤੇ ਹੰਗਾਮਾ ਹੋਇਆ ਸੀ। 35 ਸਾਲਾ ਗੂੜ੍ਹੇ ਸਾਂਵਲੇ ਰੰਗ ਦੀ ਦੁਬਲੀ-ਪਤਲੀ ਪ੍ਰਭਾਤੀ ਆਪਣੀ ਤਿੰਨ ਸਾਲ ਦੀ ਬੇਟੀ ਸੰਭਾ ਨਾਲ ਟੁੱਟੇ ਹੋਏ ਆਪਣੇ ਇੰਦਰਾ ਘਰ 'ਚ ਬੈਠੀ ਨੇ ਦੱਸਿਆ ਕਿ ਜੇ ਨਗੀਨਾ ਮੁਸਰਤ ਨਾ ਮਰਦੇ ਤਾਂ ਸ਼ਾਇਦ ਏਧਰ ਕੋਈ ਗੇੜਾ ਵੀ ਨਾ ਮਾਰਦਾ। ਨਗੀਨਾ ਬਾਰੇ ਉਨ੍ਹਾਂ ਦੱਸਿਆ ਕਿ ਘਰ 'ਚ ਚਾਰ ਦਿਨਾਂ ਤੋਂ ਚੁਲ੍ਹਾ ਵੀ ਨਹੀਂ ਬਲਿਆ ਸੀ ਤੇ ਬੱਚਿਆਂ ਦੀ ਹਾਲਤ ਵੀ ਵੇਖੀ ਨਹੀਂ ਜਾ ਰਹੀ ਸੀ ਤਾਂ ਨਗੀਨਾ ਨੇੜੇ ਦੇ ਕਸਬੇ 'ਚ ਇਹ ਕਹਿ ਕੇ ਗਏ "ਕਮਾ ਕੇ ਲਿਆਵਾਂ ਤਾਂ ਹੀ ਖਾਵਾਂ।" ਜਦ ਉੱਥੇ ਕੰਮ ਨਾ ਮਿਲਿਆ ਤਾਂ ਉਹ ਭੀਖ ਮੰਗਣ ਲੱਗੇ ਤੇ ਤਿੰਨ ਦਿਨਾਂ ਬਾਅਦ ਭੁੱਖ ਨਾਲ ਉੱਥੇ ਹੀ ਮਰ ਗਏ। ਜਦ ਉਸ ਦੇ ਸਸਕਾਰ ਲਈ ਲੱਕੜੀ ਵੀ ਨਹੀਂ ਮਿਲੀ ਤਾਂ ਜ਼ਮੀਨ 'ਚ ਹੀ ਦਫ਼ਨਾ ਦਿੱਤਾ। ਪ੍ਰਸ਼ਾਸਨ ਨੇ ਇਹ ਤਾਂ ਨਹੀਂ ਮੰਨਿਆ ਕਿ ਮੌਤ ਭੁੱਖ ਨਾਲ ਹੋਈ ਪਰ ਰਾਹਤ ਵਜੋਂ 10 ਹਜ਼ਾਰ ਰੁਪਏ ਅਤੇ ਇੰਦਰਾ ਰਿਹਾਇਸ਼ ਮੁਹੱਈਆ ਕਰਵਾਈ। ਘਰ ਦੇ ਹਾਲ ਅੱਜ ਵੀ ਮੰਦੇ ਹਨ। ਤਿੰਨੇ ਬੱਚਿਆਂ ਦੇ ਬਦਨ 'ਤੇ ਕੱਪੜੇ ਨਹੀਂ, ਘਰ 'ਚ ਬਰਤਨ

ਦੇ ਨਾਂ 'ਤੇ ਤਿੰਨ-ਚਾਰ ਬਾਟੀਆਂ ਤੇ ਇੱਕ ਜਾਂ ਦੋ ਥਾਲੀਆਂ ਹੀ ਹਨ ਬਸ।

ਇਸ ਟੋਲੇ 'ਚੋਂ ਬਾਹਰ ਨਿਕਲ ਕੇ ਬਾਂਸਗਾਂਵ ਪਹੁੰਚਣ ਦੇ ਰਾਹ 'ਚ ਪੈਂਦਾ ਹੈ, ਇਲਾਕੇ ਦੀ ਸੱਭ ਤੋਂ ਅੱਛੀ ਆਦਿ ਪਈ ਦਾ ਇੱਕ ਪਿੰਡ ਮਈਹਰਾਵਾਂ ਜਿੱਥੇ ਸਿਰਫ਼ ਹਲਦੀ ਦਾ ਹੀ ਇੱਕ ਕਰੋੜ ਰੁਪਏ ਸਾਲਾਨਾ ਦਾ ਕਾਰੋਬਾਰ ਵਿਲਕ ਕੇ ਦਮ ਤੋੜਦੇ ਜੀਵਨ ਵਿਚਕਾਰ ਖ਼ੁਸ਼ਹਾਲੀ ਦਾ ਇੱਕ ਟਾਪੂ। ਗੜਬੜ ਨੀਤੀਆਂ ਦੀ ਹੈ ਜੋ ਹਰੀ ਕਰਾਂਤੀ ਦੇ ਦੌਰ 'ਚ ਵੀ ਤੇਜ਼ ਵਿਕਾਸ ਦੀ ਛਟਾਂਕ ਭਰ ਵੀ ਹਾਸ਼ੀਏ 'ਤੇ ਖੜੇ ਮੁਸਹਰਾਂ ਤੇ ਹੋਰ ਫ਼ਿਰਕਿਆਂ ਤੱਕ ਨਹੀਂ ਪਹੁੰਚ ਸਕੀ। ਬਾਂਸਗਾਂਵ ਵੀ ਬਾਕੀ ਮੁਸਹਰ ਟੋਲਿਆਂ ਵਾਂਗੂੰ ਹੀ ਸਾਫ਼ ਸੁਥਰਾ ਤੇ ਕੱਚੀ ਪਗਡੰਡੀ ਨਾਲ ਜੁੜਿਆ ਹੋਇਆ ਹੈ। ਇੱਥੇ ਕਈ ਕਈ ਪਰਵਾਰਾਂ ਨੂੰ ਭੁੱਖ ਨੇ ਨਿਗਲ ਲਿਆ। ਕੁੱਝ ਅਜਿਹੇ ਵੀ ਮਿਲੇ ਜੋ ਬਚ ਗਏ। ਵਿੰਧਿਆਂਚਲ ਦੀ ਮੌਤ ਪਿਛਲੇ ਸਾਲ ਭੁੱਖ ਨਾਲ ਹੋਈ। ਪਤਨੀ ਪਾਰਵਤੀ ਤੇ ਦੋ ਸਾਲ ਦੀ ਬੇਟੀ ਵੀ ਚੱਲ ਵਸੀ। ਹੁਣ ਪਰਵਾਰ 'ਚ ਕੋਈ ਨਹੀਂ ਬਚਿਆ। ਵੱਡੇ ਭਰਾ ਸ਼ਿਵਨਾਥ ਦੀ ਵੀ ਮੌਤ ਹੋ ਗਈ। ਛੋਟੇ ਭਾਈ ਸਨਹੂ ਦੇ ਦੱਸਣ ਮੁਤਾਬਕ "ਜਦ ਖੇਤੀ ਦਾ ਕੰਮ ਖ਼ਤਮ ਹੋ ਜਾਂਦੈ ਤਾਂ ਮੌਤ ਦਾ ਸੀਜ਼ਨ ਸ਼ੁਰੂ ਹੁੰਦੈ। ਬਾਹਰ ਕੋਈ ਨਹੀਂ ਮਿਲਦਾ ਤੇ ਬੱਚਿਆਂ ਨੂੰ ਜਿਊਂਦਾ ਰੱਖਣ ਲਈ ਖ਼ੁਦ ਘੱਟ ਹੀ ਖਾਂਦੇ ਹਾਂ"। 50 ਸਾਲਾਂ ਦੀ ਛਗੁਰੀ ਮੌਤ ਕਿਨਾਰੇ ਪਹੁੰਚ ਗਈ ਸੀ। ਮੀਡੀਆ 'ਚ ਖ਼ਬਰਾਂ ਆਉਣ ਪਿਛੋਂ ਪ੍ਰਸ਼ਾਸਨ ਹਰਕਤ ਵਿੱਚ ਆਇਆ ਤਾਂ ਉਹ ਕਿਸੇ ਤਰ੍ਹਾਂ ਬਚੀ। ਸ਼ਿਵਨਾਥ ਮੁਸਹਰ ਦੀ ਪਤਨੀ ਸ਼ੁਭਵਤੀ ਨੂੰ ਬਹੁਤ ਗੁੱਸਾ ਹੈ 'ਸਰਕਾਰ ਮੰਨੀ ਨਹੀਂ ਕਿ ਅਸੀਂ ਭੁੱਖ ਨਾਲ ਮਰਦੇ ਹਾਂ। ਜੇ ਨਹੀਂ ਮੰਨਦੀ ਤਾਂ ਫਿਰ ਮਰਨ ਪਿਛੋਂ ਪੈਸਾ ਜਾਂ ਇੰਦਰਾ ਰਿਹਾਇਸ਼ ਕਿਉਂ ਦਿੰਦੀ ਹੈ? ਅਸੀਂ ਭੀਖ ਤਾਂ ਨਹੀਂ ਮੰਗਦੇ, ਕੰਮ ਮੰਗਦੇ ਹਾਂ। ਕੰਮ ਦੀ ਤਾਂ ਕੋਈ ਗੱਲ ਹੀ ਨਹੀਂ ਕਰਦਾ। (ਵਿਸ਼ਵਨਾਥ) ਦੇ ਮਰਨ ਨਾਲ ਫ਼ਾਇਦਾ ਹੋਇਆ ਕਿ ਹੈਂਡਪੰਪ ਲੱਗਿਆ, ਸੱਭ ਨੂੰ ਜਾਬ ਕਾਰਡ ਤੇ ਲਾਲ ਕਾਰਡ ਮਿਲ ਗਏ। ਕੁੱਝ ਹਾਸਲ ਕਰਨ ਲਈ ਮਰਨਾ ਜ਼ਰੂਰੀ ਹੈ।" ਗੌਰੀ ਸ੍ਰੀ ਰਾਮ ਪਿੰਡ ਦੇ ਬੇਦੌਲੀ ਮੁਸਹਰ ਟੋਲੇ ਦੇ ਹਰ ਘਰ ਦੀ ਇਹੋ ਕਹਾਣੀ ਹੈ। ਪਿਛਲੇ ਸਾਲ ਭੁੱਖ ਨਾਲ ਮਰੀ ਇਨਰ ਪਤੀਆਂ ਦੇ ਪਤੀ ਰਾਮ ਦੀ ਮੌਤ 2005 'ਚ ਹੋ ਗਈ ਸੀ। ਹੁਣ ਉਹ ਘਰ ਚਲਾਉਣ ਦੀ ਕੋਸ਼ਿਸ਼ ਕਰ ਰਹੀ ਸੀ। 12 ਸਾਲਾਂ ਦੀ ਸੱਭ ਤੋਂ ਛੋਟੀ ਲੜਕੀ ਚਿਲਰੀ। ਹਾੜੀ ਸਾਉਣੀ ਜੋ ਮਿਲਦਾ ਹੈ, ਉਸ ਨਾਲ ਗੁਜ਼ਾਰਾ ਚੱਲਦਾ ਹੈ। ਮਾਂ-ਬਾਪ ਦੋਨੋਂ ਟੀ. ਬੀ. ਤੇ ਭੁੱਖ ਨਾਲ ਮਰ ਗਏ। ਬੱਚੇ ਬੇਸਹਾਰਾ ਹਨ। ਇਸ ਟੋਲੇ 'ਚ ਵਿੱਚੋਂ-ਵਿੱਚ ਕਾਫ਼ੀ ਜ਼ਮੀਨ ਖ਼ਾਲੀ ਪਈ ਹੈ। ਉੱਥੇ ਕਈ ਪਰਵਾਰ ਸਨ, ਜਿਨ੍ਹਾਂ ਨੂੰ ਭੁੱਖ ਨੇ ਨਿਗਲ ਲਿਆ।

ਇਹ ਤਾਂ ਉਦੋਂ ਹੈ ਜਦ ਇਨ੍ਹਾਂ ਮੌਤਾਂ 'ਤੇ ਹੰਗਾਮਾ ਹੋਣ ਨਾਲ ਪ੍ਰਸ਼ਾਸਨ ਤੇ ਦਬਾਅ ਹੈ। ਸਿਹਤ ਕੇਂਦਰ ਵਿੱਚ ਮੁਸਹਰਾਂ ਲਈ ਹੁਣ ਵੱਖਰਾ ਹੀ ਰਜਿਸਟਰ ਹੈ। ਉਨ੍ਹਾਂ ਦਾ ਓ. ਪੀ. ਡੀ. ਵੀ ਵੱਖਰਾ ਹੀ ਹੈ। ਉਥੋਂ ਦੇ ਡਾ. ਮਿਸ਼ਰਾ ਅਨੁਸਾਰ, "ਇਹ ਲੋਕ ਪ੍ਰਜੀਵੀ ਕਿਸਮ ਦੇ ਹੁੰਦੇ ਹਨ, ਕੰਮ ਨਹੀਂ ਕਰਨਾ ਚਾਹੁੰਦੇ, ਇਸ ਲਈ ਭੁੱਖ ਨਾਲ ਮਰ ਜਾਂਦੇ ਹਨ।" ਇਸ ਜੁਆਬ ਵਿੱਚ ਹੋਰ ਕਈ ਜੁਆਬ ਛਿਪੇ ਹਨ। ਟੀ. ਬੀ. ਦੇ ਇਲਾਜ ਲਈ ਉੱਤਰ ਪ੍ਰਦੇਸ਼ ਦੀ ਡਾਟਸ ਪ੍ਰਣਾਲੀ ਪੂਰੇ ਸੂਬੇ ਵਿੱਚ ਚੱਲ ਰਹੀ ਹੈ, ਜਿਸ ਤਹਿਤ ਸਰਕਾਰੀ ਕਰਮਚਾਰੀ ਪ੍ਰਭਾਵਤ ਇਲਾਕਿਆਂ 'ਚ ਜਾ ਕੇ ਇਲਾਜ ਲਈ ਮੁਫ਼ਤ ਦਵਾ ਮੁਹੱਈਆ ਕਰਵਾਉਂਦੇ ਹਨ ਪਰ ਇਨ੍ਹਾਂ ਟੋਲਿਆਂ 'ਚ ਇਹ ਅਮਲ ਕਿੱਧਰੇ ਨਜ਼ਰ

ਨਹੀਂ ਆਉਂਦਾ। ਇਸ ਦੇ ਉਲਟ ਛੋਟੂ ਜਾਂ ਸੁਰਜੂ ਸਮੇਤ ਸਾਰੇ ਲੋਕ ਟੀ. ਵੀ. ਦਾ ਇਲਾਜ ਕਰਾਉਣ ਲਈ ਨਿੱਜੀ ਹਸਪਤਾਲਾਂ ਵਿੱਚ ਚੱਕਰ ਲਾ ਰਹੇ ਹਨ ਅਤੇ ਇਸ ਲਈ ਸੂਦਖ਼ੋਰ ਤੋਂ 5 ਰੁਪਏ ਸੈਂਕੜਾ 'ਤੇ ਕਰਜ਼ਾ ਲੈ ਰੱਖਿਆ ਹੈ। ਭੁੱਖ ਨਾਲ ਮੌਤ ਦੇ ਮਾਮਲੇ ਵਿੱਚ ਦੇਸ਼ ਵਿੱਚ ਸਿਰਫ਼ ਇੱਕ ਹੀ ਐੱਫ. ਆਈ. ਆਰ. ਦਰਜ ਹੋਈ ਹੈ – ਕੁਸ਼ੀਨਗਰ ਜ਼ਿਲ੍ਹੇ ਵਿੱਚ। ਪਿਛਲੇ ਸਾਲ ਅਕਤੂਬਰ ਵਿੱਚ ਸ੍ਰੀ ਨਿਵਾਸ ਮੁਸਹਰ ਦੀ ਮੌਤ ਪਿੱਛੋਂ ਭੁੱਖ ਨਾਲ ਹੋਈਆਂ 29 ਮੌਤਾਂ ਬਾਰੇ ਐੱਫ. ਆਈ. ਆਰ. ਦਰਜ ਹੋਈ ਪਰ ਮਾਮਲਾ ਅੱਗੇ ਨਹੀਂ ਵਧਿਆ। ਪ੍ਰਸ਼ਾਸਨ ਮੰਨਣ ਨੂੰ ਤਿਆਰ ਹੀ ਨਹੀਂ ਹੋਇਆ ਕਿ ਭੁੱਖ ਨਾਲ ਵੀ ਕੋਈ ਮੌਤ ਹੋ ਸਕਦੀ ਹੈ। ਇਹੀ ਹਾਲ ਹੋਇਆ ਚੋਰੀ ਚੋਰਾ ਦੇ ਬਿਕਾਊ ਚੌਹਾਨ ਦੀ ਮੌਤ ਸਬੰਧੀ। ਬਿਕਾਊ ਸਮੇਤ ਕਈ ਹੋਰ ਲੋਕਾਂ ਦੀ ਮੌਤ ਨਾਲ ਇਹ ਗੱਲ ਸਾਹਮਣੇ ਆਈ ਕਿ ਮੁਸਹਰ ਹੀ ਨਹੀਂ, ਹੋਰਨਾਂ ਫਿਰਕਿਆਂ ਵਿੱਚ ਵੀ ਮੌਤ ਕਾਲ ਦਾ ਰੂਪ ਲੈ ਚੁੱਕੀ ਹੈ। ਡਾ. ਕ. ਪਾ. (ਮਾਲੇ) ਦੇ ਸਥਾਨਕ ਨੇਤਾ ਰਜੇਸ਼ ਦਾ ਮੰਨਣਾ ਹੈ ਕਿ ਭੁੱਖ ਨਾਲ ਮੌਤਾਂ ਖੇਤੀ ਸੰਕਟ ਦੀ ਦੇਣ ਹਨ ਤੇ ਜਨਤਕ ਵੰਡ ਪ੍ਰਣਾਲੀ ਦੇ ਪੂਰੀ ਤਰ੍ਹਾਂ ਠੱਪ ਹੋ ਜਾਣ ਦਾ ਸਬੂਤ ਹੈ। ਖੇਤੀ ਨਾਲ ਜੁੜੇ ਮੁੱਦਿਆਂ 'ਤੇ ਲੰਮੇ ਸਮੇਂ ਤੱਕ ਕੰਮ ਕਰਨ ਵਾਲੇ ਸਿਰਾਜ ਦਾ ਕਹਿਣਾ ਹੈ ਕਿ ਮੌਤਾਂ ਰੋਕਣ ਲਈ ਜ਼ਰੂਰੀ ਹੈ ਕਿ ਲੋਕਾਂ ਨੂੰ ਰੁਜ਼ਗਾਰ ਮਿਲੇ ਅਤੇ ਪ੍ਰਸ਼ਾਸਨ ਜੁਆਬਦੇਹ ਬਣਾਇਆ ਜਾਵੇ।

# ਲੋਕਾਂ ਨੂੰ ਟੁਕੜਿਆਂ 'ਚ ਵੰਡਦੀ ਵੋਟ ਸਿਆਸਤ

ਕਹਿਣ ਨੂੰ ਤਾਂ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ, ਇਥੇ ਸਾਰੇ ਨਾਗਰਿਕ ਬਰਾਬਰ ਹਨ ਪਰ ਸੱਚਾਈ ਤਾਂ ਇਹ ਹੈ ਕਿ ਵੋਟਾਂ ਦੀ ਰਾਜਨੀਤੀ ਲੋਕਾਂ ਨੂੰ ਵੰਡ ਕੇ ਵੇਖਦੀ ਹੈ। ਲਿਹਾਜਾ ਸਮਾਜ ਦੀ ਨਜ਼ਰ ਵੀ ਵੰਡੀ ਗਈ ਹੈ। ਕੁਝ ਲੋਕ ਭਾਰਤ ਨੂੰ ਹਿੰਦੂਆਂ ਦੀ ਕੌਮ ਮੰਨਦੇ ਹਨ ਤੇ ਕੁਝ ਹੋਰ ਮੁਸਲਮਾਨਾਂ ਨੂੰ 'ਵਿਗਾੜ ਪੂਰਨ ਫਿਰਕਾ'। ਪ੍ਰਧਾਨ ਮੰਤਰੀ ਨੇ ਖਾਸ ਤੌਰ 'ਤੇ ਮੁਸਲਮਾਨਾਂ ਦੀ ਸਮਾਜਿਕ ਆਰਥਿਕ, ਸਿਖਿਅੱਕ ਸਥਿਤੀ ਦਾ ਪਤਾ ਲਾਉਣ ਲਈ ਇਕ ਸੱਚਰ ਕਮਿਸ਼ਨ ਬਿਠਾਇਆ, ਮੁਸਲਮਾਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਗਿਆ। ਇਸ ਕਮਿਸ਼ਨ ਦੀ ਰਿਪੋਰਟ ਨੇ ਦਰਸਾਇਆ ਕਿ ਮੁਸਲਮਾਨਾਂ ਦੇ ਬਹੁਤੇ ਛੋਟੇ ਹਿੱਸੇ ਨੂੰ ਹੀ ਦੇਸ਼ ਦੇ ਵਿਕਾਸ ਦਾ ਫਾਇਦਾ ਮਿਲਿਆ ਹੈ। ਨਾਲ ਹੀ ਇਹ ਕੋਈ ਭੇਦ ਨਹੀਂ ਹੈ ਕਿ ਬਹੁ-ਗਿਣਤੀ ਹਿੰਦੂ ਅਬਾਦੀ ਦਾ ਵੱਡਾ ਹਿੱਸਾ ਬਦਹਾਲੀ 'ਚ ਜਿਊਣ ਲਈ ਮਜ਼ਬੂਰ ਹੈ। ਅਜੇਹੇ 'ਚ ਨਵੇਂ ਸਾਲ ਦੌਰਾਨ ਸਰਕਾਰ ਤਾਂ ਭਾਰਤ ਨੂੰ ਪ੍ਰਮਾਣੂ ਸੰਪਨ ਦੇਸ਼ ਦੀ ਰਵਾਇਤੀ ਮਾਨਤਾ ਦਿਵਾਉਣ ਦੀ ਚੁਣੌਤੀ ਨਾਲ ਜੂਝਦੀ ਰਹੇਗੀ ਪਰ ਹਿੰਦੂ ਤੇ ਮੁਸਲਿਮ ਅਬਾਦੀ ਦਾ ਇਹ ਅਣਗੌਲਿਆ ਹਿੱਸਾ ਕਿਧਰ ਜਾਵੇਗਾ? ਅਜ਼ਾਦੀ ਪਿੱਛੋਂ ਭਾਰਤ ਦੇ ਦੋ ਟੁਕੜਿਆਂ ਦੇ ਰੂਪ 'ਚ ਜੋ ਦੋ ਦੇਸ਼ ਬਣੇ, ਉਹਨਾਂ 'ਚੋਂ ਇਕ ਪਾਕਿਸਤਾਨ ਦੀ ਬਣਾਵਟ ਨੂੰ ਲੈ ਕੇ ਕਦੀ ਕਿਸੇ ਤਰ੍ਹਾਂ ਦੀ ਉਲਝਣ ਨਹੀਂ ਰਹੀ। ਇਹ ਸ਼ੁਰੂ ਤੋਂ ਸਪਸ਼ਟ ਰਿਹਾ ਹੈ ਕਿ ਉਹ ਇਕ ਇਸਲਾਮਿਕ ਦੇਸ਼ ਹੈ। ਦੂਜੇ ਪਾਸੇ ਭਾਰਤ ਹੈ ਇਸ ਨੇ ਮਜ਼ਬੂਰੀ ਵਿਚ ਹੀ ਸਹੀ, ਦੋਹਰੇ ਰਾਸ਼ਟਰ ਦੇ ਸਿਧਾਂਤਾਂ ਤੇ ਦੇਸ਼ ਦੀ ਵੰਡ ਤਾਂ ਮੰਨ ਲਈ ਪਰ ਦੋਹਰੇ ਰਾਸ਼ਟਰ ਨੂੰ ਕਬੂਲਿਆ ਨਹੀਂ। ਬੌਧਿਕ ਪੱਧਰ 'ਤੇ ਭਾਰਤ ਨੇ ਕਦੇ ਇਹ ਨਹੀਂ ਕਬੂਲਿਆ ਕਿ ਧਰਮ ਕਿਸੇ ਦੇਸ਼ ਦੀ ਬੁਨਿਆਦ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਇਸ ਨੇ ਆਪਣੇ ਆਪ ਨੂੰ ਧਰਮ ਨਿਰਪੱਖ ਐਲਾਨਿਆ ਭਾਵੇਂ ਇਸ ਐਲਾਨ ਮੁਤਾਬਕ ਧਰਮ ਦੀ ਭੂਮਿਕਾ ਨੂੰ ਸੀਮਤ ਕਰਨ ਦਾ ਕੰਮ ਕਦੇ ਨਹੀਂ ਹੋਇਆ। ਲਿਹਾਜਾ ਅੱਜ ਵੀ ਇਥੇ ਜੀਵਨ ਦੇ ਸਾਰੇ ਖੇਤਰਾਂ 'ਚ ਧਰਮ ਇਕ ਮਹੱਤਵਪੂਰਨ ਕਾਰਕ ਦੇ ਰੂਪ 'ਚ ਮੌਜੂਦ ਹੈ। ਇਸ ਦਾ ਸੁਭਾਵਿਕ ਸਿੱਟਾ ਇਹ ਹੈ ਕਿ ਵੰਡ ਦੀਆਂ ਤਰਾਸ਼ਦੀਆਂ ਨੂੰ ਲਗਾਤਾਰ ਕੋਸਦਿਆਂ ਅਤੇ ਜਿਨ੍ਹਾਂ ਦੇ ਦੋਹਰੇ ਰਾਸ਼ਟਰ ਦੇ ਸਿਧਾਂਤ ਨੂੰ ਨਕਾਰਦਿਆਂ ਰਹਿਣ ਦੇ ਬਾਵਜੂਦ ਅਸੀਂ ਆਪਣੇ ਦੇਸ਼ ਵਿੱਚ ਧਰਮ ਨਿਰਪੱਖਤਾ ਦਾ ਮਾਹੌਲ ਨਹੀਂ ਬਣਾ ਸਕੇ ਹਾਂ। ਕਨੂੰਨ ਦੀ ਨਜ਼ਰ 'ਚ ਸਾਨੂੰ ਬਰਾਬਰ ਐਲਾਨਣ ਦੀ ਰਵਾਇਤ ਨੂੰ ਅੱਧੀ ਸਦੀ ਤੋਂ ਵੱਧ ਹੋ ਗਿਐ ਪਰ ਨਾ ਤਾਂ ਹਿੰਦੂਆਂ ਤੇ ਮੁਸਲਮਾਨਾਂ ਵਿਚਲੀ ਦੂਰੀ ਘਟੀ ਹੈ ਅਤੇ ਨਾ ਹੀ ਇਹਨਾਂ ਦੋਹਾਂ ਫਿਰਕਿਆਂ ਦੇ ਲੋਕਾਂ ਨੂੰ ਦੋ ਵੱਖ ਸਮੂਹਾਂ ਦੇ ਰੂਪ 'ਚ ਵੇਖਣ ਦੀ ਮਾਨਸਿਕਤਾ ਬਦਲੀ ਹੈ। ਕਿਉਂਕਿ ਸਮਾਜਕ ਤੌਰ 'ਤੇ ਇਹਨਾਂ ਦੋ ਸਮੂਹਾਂ ਦੀ ਵੰਡ ਬਣੀ ਹੀ ਰਹੀ ਇਸ ਲਈ ਰਾਜਨੀਤੀ ਵੀ ਇਸ ਤੋਂ ਉਪਰ ਨਹੀਂ ਉਠ ਸਕੀ। ਸਾਰੇ ਵੱਡੇ ਰਾਜਸੀ ਫੈਸਲੇ ਵੋਟ ਬੈਂਕ ਨੂੰ ਧਿਆਨ 'ਚ ਰੱਖ ਕੇ ਹੀ ਹੁੰਦੇ ਰਹੇ ਜਿਸ ਕਾਰਨ ਵੰਡ ਦੀ ਇਹ ਖਾਈ ਹੋਰ ਚੌੜੀ ਹੁੰਦੀ ਗਈ। ਅਜੇਹਾ ਹੋ ਹੀ ਨਹੀਂ ਸਕਦਾ ਸੀ ਕਿ ਸਮਾਜ ਤੇ ਰਾਜਨੀਤੀ ਦੀਆਂ ਇਹਨਾਂ ਸਥਿਤੀਆਂ ਤੋਂ ਦੇਸ਼ ਦੇ ਵਿਕਾਸ ਦਾ ਅਮਲ ਅਛੂਤ ਰਹਿ ਜਾਂਦਾ। ਤਾਂ ਬੀਤੇ ਛੇ ਦਹਾਕਿਆਂ ਵਿੱਚ

ਦੇਸ਼ ਦਾ ਸਰਮਾਏਦਾਰਾਨਾ ਵਿਕਾਸ ਭਾਵੇਂ ਹੋਇਆ ਪਰ ਉਸ 'ਚ ਸਾਰੇ ਤਬਕਿਆਂ ਦੀ ਸਮੁੱਚੀ ਹਿੱਸੇਦਾਰੀ ਨਹੀਂ ਹੋ ਸਕੀ। ਦੇਸ਼ ਦੇ ਸਭ ਤੋਂ ਵੱਡੇ ਘੱਟ ਗਿਣਤੀ ਤਬਕੇ ਮੁਸਲਮਾਨ ਦੀ ਦੋਹਰੀ ਤਰਾਸ਼ਦੀ ਇਹ ਰਹੀ ਕਿ ਇਕ ਪਾਸੇ ਤਾਂ ਇਹ ਵਿਕਾਸ ਅਮਲ 'ਚ ਹਾਸ਼ੀਏ 'ਤੇ ਪਹੁੰਚਦਾ ਰਿਹਾ ਦੂਜੇ ਪਾਸੇ ਤੁਸ਼ਟੀਕਰਣ ਦੇ ਦੋਸ਼ਾਂ ਦਾ ਵੀ ਸ਼ਿਕਾਰ ਰਿਹਾ। ਉਦਾਹਰਣ ਵਜੋਂ ਸੱਤਾ ਬਦਲੀ (1947) ਦੇ 60 ਸਾਲਾਂ ਬਾਅਦ ਵੀ ਜਦ ਮੁਸਲਮਾਨ ਫਿਰਕੇ ਦੀ ਸਮਾਜਕ ਆਰਥਕ ਤੇ ਸਿਖਿਅਕ ਸਥਿਤੀ ਦੀ ਪੜਤਾਲ ਕਰਨ ਲਹੀ ਰਜਿੰਦਰ ਸੱਚਰ ਕਮੇਟੀ ਗਠਿਤ ਹੋਈ ਤੇ ਉਸਨੇ ਵੱਖ-ਵੱਖ ਖੇਤਰਾਂ ਵਿੱਚ ਮੁਸਲਮਾਨ ਸਮਾਜ ਦੀ ਨੁਮਾਇੰਦਗੀ ਦੀ ਜਾਣਕਾਰੀ ਇਕੱਠੀ ਕਰਨ ਦੇ ਅਮਲ 'ਚ ਫੌਜ ਤੋਂ ਜ਼ਰੂਰੀ ਅੰਕੜੇ ਮੰਗੇ ਤਾਂ ਇਸ 'ਤੇ ਸ਼ੋਰ ਮੱਚ ਗਿਆ। ਇਸ ਨੂੰ ਫੌਜ 'ਚ ਮਤਭੇਦ ਵਧਾਉਣ ਵਾਲਾ ਦੇਸ਼ਧਿਰੋਹੀ ਕਦਮ ਦੱਸਿਆ ਗਿਆ।

ਬਹਿਸ ਦੌਰਾਨ ਇਥੋਂ ਤਕ ਪੁਛਿਆ ਗਿਆ ਕਿ ਆਖਰ ਵੱਖਰੇ ਤੌਰ 'ਤੇ ਮੁਸਲਿਮ ਸਮਾਜ ਦੀ ਸਥਿਤੀਆਂ ਪੜਤਾਲਣ ਦੀ ਲੋੜ ਹੀ ਕੀ ਹੈ। ਹਾਲ ਦੀ ਘੜੀ ਸੱਚਰ ਕਮੇਟੀ ਦੀ ਰਿਪੋਰਟ ਨੇ ਮੁਸਲਿਮ ਸਮਾਜਦੇ ਪਿਛੜੇਪਣ ਸਬੰਧੀ ਉਹਨਾਂ ਸੱਚਾਈਆਂ ਨੂੰ ਰੇਖਾਂਕਿਤ ਕਰਦਿਆਂ ਉਹਨਾਂ ਨੂੰ ਰਵਾਇਤੀ ਮਨਜ਼ੂਰੀ ਦਵਾਈ ਹੈ ਜੋ ਅਕਸਰ ਸਭ ਨੂੰ ਪਤਾ ਸੀ। ਇਸ ਰਿਪੋਰਟ ਨੇ ਕੁਝ ਅਜੇਹੇ ਮਿੱਥਾਂ ਨੂੰ ਤੋੜਨ ਦੀ ਵੀ ਕੋਸ਼ਿਸ਼ ਕੀਤੀ ਹੈ ਜਿਸ ਨੂੰ ਵੱਡਾ ਜਨ ਸਮੂਹ ਹੁਣ ਤਕ ਸੱਚ ਮੰਨੀ ਬੈਠਾ ਰਿਹਾ। ਉਦਾਹਰਣ ਵਜੋਂ ਇਹ ਮਾਨਤਾ ਕਿ ਮੁਸਲਿਮ ਮਾਂ-ਬਾਪ ਆਪਣੇ ਬੱਚਿਆਂ ਨੂੰ ਮਦਰਸਿਆਂ ਵਿੱਚ ਹੀ ਭੇਜਣਾ ਪਸੰਦ ਕਰਦੇ ਹਨ। ਕਮਿਸ਼ਨ ਦੀ ਰਿਪੋਰਟ ਗਲਤ ਸਾਬਤ ਹੋਈ ਹੈ। ਪਹਿਲੀ ਵਾਰ ਨਿਸ਼ਚਤ ਅੰਕੜਿਆਂ ਦੇ ਨਾਲ ਇਹ ਗੱਲ ਸਥਾਪਿਤ ਹੋਈ ਹੈ। ਕਿ ਇਸ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਤਾਲੀਮ ਤੇ ਰੁਜ਼ਗਾਰ ਹਾਸਲ ਕਰਨ ਵਿੱਚ ਮੁਸਲਮਾਨ ਵਰਗ ਕਿੰਨਾ ਪਿੱਛੇ ਹੈ ਦੇਸ਼ ਦੀ ਕੁਲ ਆਬਾਦੀ 'ਚ ਮੁਸਲਿਮ ਤਬਕੇ ਦਾ ਹਿੱਸਾ ਕਰੀਬ 15 ਫੀਸਦੀ ਹੈ ਪਰ ਆਈ. ਆਈ. ਟੀ. ਸੰਸਥਾਵਾਂ ਵਿੱਚ ਸਿਰਫ 1.3 ਫੀਸਦੀ ਮੁਸਲਿਮ ਵਿਦਿਆਰਥੀ ਹਨ। ਸਰਕਾਰੀ ਨੌਕਰੀਆਂ ਦੀ ਗੱਲ ਕਰੀਏ ਤਾਂ ਪੱਛਮੀ ਬੰਗਾਲ ਵਰਗੇ ਅਖੌਤੀ ਵਿਕਾਸਸ਼ੀਲ ਸੂਬੇ 'ਚ ਵੀ ਮੁਸਲਮਾਨ ਕਰਮਚਾਰਆਂ ਦੀ ਗਿਣਤੀ 4.2 ਫੀਸਦੀ ਹੀ ਹੈ। ਬਿਹਾਰ ਤੇ ਉੱਤਰਪ੍ਰਦੇਸ਼ 'ਚ ਵੀ ਇਹ ਸੰਖਿਆ ਪੰਜ ਫੀਸਦੀ ਤੋਂ ਘੱਟ ਬਣਦੀ ਹੈ। ਪੱਛਮੀ ਬੰਗਾਲ ਇਕ ਹੋਰ ਮਾਮਲੇ 'ਚ ਹੇਠਾਂ ਤੋਂ ਪਹਿਲੇ ਨੰਬਰ 'ਤੇ ਹੈ ਉਹ ਹੈ ਜਨਤਕ ਖੇਤਰ ਦੀਆਂ ਕਾਰਪੋਰੇਸ਼ਨਾਂ 'ਚ ਉੱਚੇ ਅਹੁਦਿਆਂ ਤੋਂ ਮੁਸਲਿਮ ਫਿਰਕੇ ਦੀ ਪ੍ਰਤੀਸ਼ਤ ਜ਼ੀਰੋ ਹੈ। ਵਰਨਣਯੋਗ ਹੈ ਕਿ ਸੱਚਰ ਸੰਮਤੀ ਦੀ ਰਿਪੋਰਟ 'ਚੋਂ ਆਏ ਇਹ ਤੱਥ ਖੁਦ ਰਾਜ ਸਰਕਾਰਾਂ ਵੱਲੋਂ ਮੁਹੱਈਆ ਕਰਵਾਏ ਗਏ ਅੰਕੜਿਆਂ 'ਤੇ ਅਧਾਰਤ ਹਨ। ਨੌਕਰਸ਼ਾਹੀ ਦੀ ਪੱਧਰ 'ਤੇ ਇਹ ਬੇਰਹਿਮੀ ਹੋਰ ਵੀ ਸਪੱਸ਼ਟ ਹੈ। ਆਈ. ਏ. ਐਸ. ਆਈ. ਪੀ. ਐਸ. ਤੇ ਆਈ. ਐਫ. ਐਸ. (ਪ੍ਰਸ਼ਾਸਨਿਕ ਪੁਲਸ ਤੇ ਵਿਦੇਸ਼ੀ ਸੇਵਾ) 'ਚ ਮੁਸਲਿਮ ਫੀਸਦੀ (1.6 ਵਿਦੇਸ਼ ਸੇਵਾ) ਤੋਂ ਲੈ ਕੇ 3 (ਪੁਲਸ ਸੇਵਾ) ਤੱਕ ਸੀਮਤ ਹੈ। ਨਿਆਂ ਪਾਲਿਕਾ ਵਿਚ ਵੀ ਸਥਿਤੀ ਬੇਹਤਰ ਨਹੀਂ ਹੈ, ਪੱਛਮੀ ਬੰਗਾਲ 'ਚ ਵੀ ਬਾਕੀ ਸੂਬਿਆਂ ਤੋਂ ਬਦਤਰ ਹੈ। ਇਸ ਰਾਜ 'ਚ ਮੁਸਲਿਮ ਅਬਾਦੀ 25.2 ਫੀਸਦੀ ਹੈ, ਪਰ ਸੂਬੇ ਦੀ ਨਿਆਂ ਪਾਲਿਕਾ 'ਚ ਮਹੱਤਵਪੂਰਨ ਅਹੁਦਿਆਂ 'ਤੇ ਮੁਸਲਿਮ ਕਰਮਚਾਰੀਆਂ ਦੀ ਗੱਲ ਕਰੀਏ ਤਾਂ ਇਹ

ਸਿਰਫ਼ 5 ਫੀਸਦੀ ਹੈ। ਇਸ ਤਰ੍ਹਾਂ ਔਸਤ ਮੁਸਲਿਮ ਅਬਾਦੀ ਦੇ ਮਾਮਲੇ 'ਚ ਦੇਸ਼ ਸਭ ਤੋਂ ਅੱਗੇ ਹੈ। ਇਥੇ ਮੁਸਲਿਮ ਅਬਾਦੀ 30.9 ਫੀਸਦੀ ਹੈ ਪਰ ਨਿਆਂ ਪਾਲਿਕਾ ਦੀਆਂ ਨੌਕਰੀਆਂ 'ਚ ਇਥੋਂ ਦੀ ਨੁਮਾਇੰਦਗੀ 9.4 ਫੀਸਦੀ ਹੀ ਹੈ। ਹੋਰਨਾਂ ਸੂਬਿਆਂ 'ਚ ਵੀ ਕੁਲ ਮਿਲਾ ਕੇ ਸਥਿਤੀ ਅਜੇਹੀ ਹੀ ਹੈ। ਇਕੋ ਇਕ ਥਾਂ ਜਿਥੇ ਮੁਸਲਿਮ ਹਾਜ਼ਰੀ ਇਸ ਫਿਰਕੇ ਦੀ ਅਬਾਦੀ ਦੇ ਅਨੁਪਾਤ ਤੋਂ ਕਿਤੇ ਵੱਧ ਪਾਈ ਗਈ, ਉਹ ਹੈ ਜੇਹਲ। ਦਿਲਚਸਪ ਤੱਥ ਹੈ ਕਿ ਸੱਚਰ ਕਮਿਸ਼ਨ ਮੁਤਾਬਕ ਕਈ ਰਾਜਾਂ 'ਚ ਜੇਹਲ ਅੰਦਰ ਮੁਸਲਿਮ ਅਬਾਦੀ ਦਾ ਪ੍ਰਤੀਸ਼ਤ ਜੇਹਲ ਦੇ ਬਾਹਰ ਦੀ ਪ੍ਰਤੀਸ਼ਤ ਨੂੰ ਪਾਰ ਕਰ ਗਿਆ ਹੈ। ਪਰ ਸਿਖਿਆ ਦੀ ਘਾਟ ਤੇ ਮੌਕਿਆਂ ਦੀ ਘਾਟ ਨਾਲ ਜੂਝਦਿਆਂ ਮੁਸਲਿਮ ਫਿਰਕੇ ਦੀ ਸਥਿਤੀ ਦਾ ਇਹ ਗੈਰ ਮਨੁੱਖੀ ਸੱਚ ਵੀ ਇਸ ਫਿਰਕੇ ਬਾਰੇ ਪ੍ਰਚਲਿਤ ਮਿੱਥਾਂ ਨੂੰ ਕਮਜ਼ੋਰ ਨਹੀਂ ਕਰਦਾ। ਸੱਚਰ ਕਮਿਸ਼ਨ ਦੀ ਰਿਪੋਰਟ ਆਉਣ ਪਿਛੋਂ ਦੇ ਘਟਨਾਕ੍ਰਮ 'ਤੇ ਗੌਰ ਕਰਨ ਨਾਲ ਸਾਫ ਹੋ ਜਾਂਦਾ ਹੈ ਕਿ ਇਹਨਾਂ ਜਾਣਕਾਰੀਆਂ ਦੇ ਜਨਤਕ ਹੋ ਜਾਣ ਦੇ ਬਾਵਜੂਦ ਨਾ ਤਾਂ ਰਾਜਨੀਤੀ ਨੇ ਆਪਣੀ ਚਾਲ ਬਦਲੀ ਨਾ ਹੀ ਇਸ ਨੂੰ ਪ੍ਰਭਾਵਿਤ ਕਰਨ ਵਾਲੇ ਦਬਾਅ ਦਾ ਸੰਕੇਤ ਦਿੱਤਾ ਹੈ। ਇਸ ਰਿਪੋਰਟ 'ਤੇ ਆਪਣੀ ਪ੍ਰਤੀਕ੍ਰਿਆ ਦਿੰਦਿਆ ਭਾਜਪਾ ਦੀ ਲਾਈਨ ਨੇ ਜ਼ਰਾ ਵੀ ਇਧਰ ਉਧਰ ਹਟਣ ਦੀ ਜ਼ਰੂਰਤ ਨਹੀਂ ਸਮਝੀ। ਭਾਜਪਾ ਸੰਸਦੀ ਪਾਰਟੀ ਦੇ ਬੁਲਾਰੇ ਸੁਸ਼ਮਾ ਸਵਰਾਜ ਨੇ ਕਿਹਾ ਕਿ ਇਹ ਰਿਪੋਰਟ ਸਮਾਜ 'ਚ ਨਫ਼ਰਤ ਫੈਲਾਏਗੀ। ਨਾ ਸਿਰਫ ਇਸ ਕਮਿਸ਼ਨ ਪ੍ਰਤੀ ਬਲਕਿ ਪੂਰੇ ਸਮਾਜ ਪ੍ਰਤੀ ਵੀ ਭਾਜਪਾ ਦੇ ਨਜ਼ਰੀਏ ਨੂੰ ਸੁਸ਼ਮਾ ਸਵਰਾਜ ਦੇ ਇਹ ਸ਼ਬਦ ਅੱਛੀ ਤਰ੍ਹਾਂ ਪ੍ਰਗਟ ਕਰਦੇ ਹਨ। "ਐਸ. ਸੀ. ਕੋਟੇ ਦਾ ਸੁਆਲ ਹੀ ਕਿੱਥੇ ਪੈਦਾ ਹੁੰਦਾ ਹੈ ਜਦ ਉਹ ਕਹਿੰਦੇ ਹਨ ਉਹਨਾਂ 'ਚ ਜਾਤ ਪਾਤ ਹੁੰਦੀ ਹੀ ਨਹੀਂ।" ਅਸੀਂ ਤੇ ਉਹ ਦੀ ਸਮਝ ਹੀ ਇਸ ਪੂਰੇ ਮਾਮਲੇ ਦੀ ਜੜ੍ਹ ਵਿੱਚ ਹੈ। ਕਿਉਂਕਿ ਦੋਨੋਂ ਵਰਗਾਂ ਦਾ ਵੱਡਾ ਹਿੱਸਾ ਇਸ ਸਮਝ ਨਾਲ ਗ੍ਰਸਿਤ ਹੈ। ਇਸ ਲਈ ਦੋਨਾਂ ਵਰਗਾਂ 'ਚ ਮੂਲਵਾਦੀ ਤੱਤਾਂ (Fundamentalists) ਦੀ ਸਥਿਤੀ ਮਜ਼ਬੂਤ ਹੈ। ਇਹ ਤੱਤ ਨਹੀਂ ਚਾਹੁੰਦੇ ਕਿ ਦੋਨੋਂ ਲੋਕ ਸਮੂਹ ਇਸ ਸਮਝ ਤੋਂ ਉਭਰਨ। ਪਰ ਇਸ ਗਲਤ ਸਮਝ ਦਾ ਨੁਕਸਾਨ ਕਿਸੇ ਇਕ ਫਿਰਕੇ ਤਕ ਹੀ ਸੀਮਤ ਨਹੀਂ ਰਹਿ ਸਕਦਾ। ਸੁਭਾਵਿਕ ਤੌਰ 'ਤੇ ਇਸ ਦਾ ਨੁਕਸਾਨ ਖੁਦ ਮੁਸਲਮਾਂ ਤੇ ਹਿੰਦੂਆਂ ਸਮੇਤ ਸਭ ਤਬਕੇ ਦੇ ਲੋਕਾਂ ਨੂੰ ਭੁਗਤਨਾ ਪੈ ਰਿਹਾ ਹੈ। ਸਿੱਖਿਆ ਤੇ ਰੁਜ਼ਗਾਰ ਦੇ ਮੌਕਿਆਂ ਤੋਂ ਵਾਂਝੇ ਮੁਸਲਿਮ ਨੌਜਵਾਨ ਜੇ ਮੁਕਾਬਲਤਨ ਅਸਾਨੀ ਨਾਲ ਗੁੰਮਰਾਹ ਹੋ ਜਾਦੇ ਹਨ ਅਤੇ ਅੰਡਰਵਰਲਡ ਤੋਂ ਲੈ ਕੇ ਅੱਤਵਾਦ ਤਾਈਂ ਵਰਤੇ ਜਾਂਦੇ ਹਨ ਤਾਂ ਇਸਦੇ ਮਾੜੇ ਪ੍ਰਭਾਵਾਂ ਤੋਂ ਦੇਸ਼ ਦਾ ਕਿਹੜਾ ਤਬਕਾ ਬਚਿਆ ਰਹਿ ਸਕਦਾ ਹੈ? ਤੇ ਗੱਲ ਸਿਰਫ ਅੱਤਵਾਦ ਦੀ ਹੀ ਨਹੀਂ ਹੈ। ਇਹ ਗਲਤ ਸਮਝ ਦਾ ਇਕ ਗੰਭੀਰ ਨੁਕਸਾਨ ਇਹ ਹੈ ਕਿ ਵੱਖ-ਵੱਖ ਧਾਰਮਿਕ ਵਰਗਾਂ 'ਚ ਵੰਡੇ ਇਹਨਾਂ ਲੋਕਾਂ ਨੂੰ ਸਾਂਝੀਆਂ ਸਮੱਸਿਆਵਾਂ ਵੀ ਇਕ ਦੂਜੇ ਨਾਲ ਜੋੜ ਨਹੀਂ ਸਕਦੀਆਂ ਮੁਸਲਿਮ ਸਮਾਜ ਦੇ ਜਿਸ ਸੱਚ ਨੂੰ ਸੱਚਰ ਕਮਿਸ਼ਨ ਸਮਾਜ ਦੇ ਜਿਸ ਸੱਚ ਨੂੰ ਸੱਚਰ ਕਮਿਸ਼ਨ ਨੇ ਉਜਾਗਰ ਕੀਤਾ ਹੈ ਉਹ ਸਿਰਫ ਮੁਸਲਿਮ ਸਮਾਜ ਦੇ ਹੀ ਨਹੀਂ ਬਲਕਿ ਹਿੰਦੂ ਸਮਾਜ ਦੇ ਵੀ ਇੱਕ ਵੱਡੇ ਹਿੱਸੇ ਦਾ ਸੱਚ ਹੈ। ਇਸ ਸਮੂਹ ਨੂੰ ਦਲਿਤ ਐਸ ਸੀ, ਐਸ ਟੀ ਗਰੀਬ ਸਵਰਨ ਮਹਿਲਾ ਆਦਿ ਕਿਸੇ ਵੀ ਰੂਪ 'ਚ ਸ਼੍ਰੇਣੀਬੱਧ ਕੀਤਾ ਜਾਵੇ, ਇਸ ਸੱਚ 'ਤੇ ਕੋਈ ਅਸਰ ਨਹੀਂ ਪੈਂਦਾ ਕਿ ਉਹ ਸਾਰੇ ਨਰਕੀ ਹਾਲਤਾਂ 'ਚ

ਜਿਵੇਂ ਤਿਵੇਂ ਜਿਉਂ ਰਹੇ ਹਨ। ਮੁਸਲਿਮ ਤਬਕੇ ਲਈ ਸੱਚਰ ਕਮਿਸ਼ਨ ਦੇ ਗਠਨ ਪਿਛੋਂ ਹੀ ਇਹ ਦੋਸ਼ ਲਾਇਆ ਜਾ ਰਿਹੈ ਕਿ ਅਜੇਹਾ ਵੋਟ ਬੈਂਕ ਦੀ ਰਾਜਨੀਤੀ ਦੇ ਤਹਿਤ ਕੀਤਾ ਗਿਆ ਹੈ। ਕਮਿਸ਼ਨ ਦੀ ਰਿਪੋਰਟ ਆਉਣ ਪਿੱਛੋਂ ਦੀਆਂ ਸਰਗਰਮੀਆਂ ਇਸ ਸ਼ੱਕ ਦੀ ਪੁਸ਼ਟੀ ਹੀ ਕਰਦੀਆਂ ਜਾਪਦੀਆਂ ਹਨ ਕਿ ਇਸ ਰਿਪੋਰਟ ਆਉਣ ਪਿਛੋਂ ਸਾਰੀਆਂ ਪਾਰਟੀਆਂ ਦੇ ਮੁਸਲਿਮ ਪਾਰਲੀਮੈਂਟ ਮੈਂਬਰਾਂ ਦੀ ਇਕ ਮੀਟਿੰਗ ਹੋਈ। ਇਸ ਬੈਠਕ 'ਚ ਪਾਸ ਪ੍ਰਸਤਾਵ ਦੇ ਜ਼ਰੀਏ ਸਰਕਾਰ ਨੂੰ ਸੁਝਾਅ ਦਿੱਤਾ ਗਿਆ ਕਿ ਮੁਸਲਿਮ ਫਿਰਕੇ ਲਈ ਵੱਖ ਆਈ. ਆਈ. ਟੀ., ਆਈ. ਆਈ. ਐਮ. ਸੰਸਥਾਵਾਂ ਬਣਾਈਆਂ ਜਾਣ। 5000 ਸਕੂਲ ਖੋਲ੍ਹੇ ਜਾਣ। ਵਿਦਿਆਰਥੀ ਵਜ਼ੀਫੇ ਸ਼ੁਰੂ ਕੀਤੇ ਜਾਣ ਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀਆਂ ਬਰਾਂਚਾਂ ਦੇਸ਼ ਭਰ 'ਚ ਖੋਲ੍ਹੀਆਂ ਜਾਣ। ਸਾਫ ਹੈ ਕਿ ਇਹ ਸੁਝਾਅ ਮੁਸਲਿਮ ਫਿਰਕੇ ਨੂੰ ਹਿੰਦੂ ਫਿਰਕੇ ਤੋਂ ਦੂਰ ਕਰਨਗੇ ਤੇ ਹਿੰਦੂਵਾਦੀ ਸੰਗਠਨਾਂ ਨੂੰ ਇਹ ਮੌਕਾ ਮੁਹੱਈਆ ਕਰਵਾਉਣਗੇ ਕਿ ਉਹ ਮੁਸਲਿਮ ਵੱਖਵਾਦ ਦਾ ਇਕ ਹੋਰ ਦੋਸ਼ ਮੜ੍ਹਨ। ਖ਼ੁਦ ਸੱਚਰ ਸੰਮਤੀ ਦੇ ਉਚ ਮੈਂਬਰ ਇਸ ਅਧਾਰ 'ਤੇ ਮੁਸਲਿਮ ਰਾਖਵੇਂਕਰਨ ਵਰਗੇ ਸੁਝਾਵਾਂ ਨੂੰ ਨਕਾਰ ਚੁੱਕੇ ਹਨ ਕਿ ਇਸ ਨਾਲ ਮੁਸਲਿਮ ਵੱਖਵਾਦ ਦਾ ਸ਼ੋਰ ਹੋਰ ਜ਼ੋਰ ਫੜੇਗਾ ਜੋ ਮੁਸਲਿਮ ਤੇ ਹਿੰਦੂ ਸਮਾਜਾਂ ਦੇ ਹਿੱਤਾਂ ਦੇ ਖਿਲਾਫ ਜਾਵੇਗਾ। ਪਰ ਰਾਜਨੀਤੀ ਦੀ ਚਾਲ ਵੇਖੀਏ ਕਿ ਸਾਰੀਆਂ ਪ੍ਰਤੀਕ੍ਰਿਆਵਾਂ ਇਸੇ ਮੰਗ ਨੂੰ ਕੇਂਦਰ ਬਣਾ ਕੇ ਦਿੱਤੀਆਂ ਜਾ ਰਹੀਆਂ ਹਨ। ਭਾਜਪਾ ਨੇ ਇਸ ਮੰਗ ਦਾ ਵਿਰੋਧ ਕੀਤਾ ਹੈ ਜਦ (ਯੂ) ਨੇ ਮੁਸਲਮਾਨਾਂ ਨੂੰ ਵੀ ਧਰਮ ਦੀ ਬਜਾਏ ਜਾਤ ਦੇ ਅਧਾਰ 'ਤੇ ਰਾਖਵਾਂਕਰਨ ਦੀ ਹਮਾਇਤ ਕੀਤੀ ਹੈ ਅਤੇ ਲੋਜਪਾ ਨੇ ਖੁੱਲ੍ਹੇ ਸ਼ਬਦਾਂ 'ਚ ਮੁਸਲਿਮ ਰਾਖਵੇਂਕਰਨ ਦੇਣ ਦੀ ਹਮਾਇਤ ਕੀਤੀ ਹੈ। ਅਜੇਹੀ ਹਾਲਤ 'ਚ ਸੱਚਰ ਕਮਿਸ਼ਨ ਦੀ ਰਿਪੋਰਟ ਤੋਂ ਉੱਠਿਆ ਇਹ ਬੁਲਬਲਾ ਤਾਂ ਸ਼ਾਇਦ ਇਸ ਨਵੇਂ ਸਾਲ ਦੇ ਸ਼ੁਰੂ 'ਚ ਹੋਣ ਵਾਲੀਆਂ ਰਾਜ ਵਿਧਾਨ ਸਭਾ ਦੀਆਂ ਚੋਣਾਂ ਨਾਲ ਖਤਮ ਹੋ ਜਾਵੇ। ਪਰ ਮੁਸਲਮਾਨਾਂ ਦੇ ਮਾੜੇ ਦਿਨ ਖਤਮ ਹੁੰਦੇ ਨਜ਼ਰ ਨਹੀਂ ਆਉਂਦੇ। ਵੈਸੇ ਵੀ ਜਿਵੇਂ ਦਲਿਤਾਂ, ਪਿਛੜੀਆਂ ਔਰਤਾਂ ਤੇ ਹੋਰ ਕਮਜ਼ੋਰ ਤਬਕਿਆਂ ਦੀ ਸਥਿਤੀ ਸੁਧਾਰਨ ਦੀ ਕੋਈ ਗੁੰਜਾਇਸ਼ ਨਜ਼ਰ ਨਹੀਂ ਆਉਂਦੀ। ਘੱਟ ਗਿਣਤੀਆਂ ਦੀ ਇਹੋ ਤਰਾਸਦੀ ਹੈ। ਦੱਬੇ ਕੁਚਲਿਆਂ ਦੇ ਦੋਹਰੀ ਗੁਲਾਮੀ ਦੇ ਸ਼ਿਕਾਰ ਲੋਕਾਂ ਦਾ ਕਲਿਆਣ ਜਮਾਤ ਰਹਿਤ ਤੇ ਜਾਤ ਰਹਿਤ, ਧਰਮ ਰਹਿਤ ਸਮਾਜ ਦੀ ਸਿਰਜਣਾ ਨਾਲ ਹੀ ਹੋਣਾ ਹੈ।

# ਸਿਤਾਰੋਂ ਸੇ ਆਗੇ ਜਹਾਂ ਔਰ ਭੀ ਹੈਂ

ਪੁਲਾੜ 'ਚ ਇਨਸਾਨੀ ਸਫਲਤਾ ਦਾ ਪਰਚਮ ਲਹਿਰਾ ਕੇ ਵਾਪਸ ਮੁੜੀ ਸੁਨੀਤਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਉਮੰਗਾਂ ਦੀ ਕੋਈ ਸੀਮਾ ਨਹੀਂ। ਤੁਸੀਂ ਜਿੱਥੋਂ ਤੱਕ ਚਾਹੋ ਪਹੁੰਚ ਸਕਦੇ ਹੋ। ਉਸ ਦੀ ਹਾਲੀਆ ਪ੍ਰਾਪਤੀ 'ਤੇ ਜਸ਼ਨ ਮਨਾਉਂਦਿਆਂ ਸੰਸਾਰ ਇਹ ਉਮੀਦ ਕਰਦਾ ਹੈ ਕਿ ਉਨ੍ਹਾਂ ਦੇ ਹਿੱਸੇ ਦੀ ਇਹ ਆਖਰੀ ਮਹਾਨ ਜਿੱਤ ਨਹੀਂ ਹੈ। ਸੁਨੀਤਾ ਭਾਰਤੀ ਮੂਲ ਦੀ ਦੂਜੀ ਔਰਤ ਹੈ ਜੋ ਪੁਲਾੜ 'ਚ ਪਰਚਮ ਲਹਿਰਾ ਕੇ ਆਈ ਹੈ। ਉਹ ਆਪਣੇ ਛੇ ਸਾਥੀ ਮੈਂਬਰਾਂ ਸਮੇਤ ਪੁਲਾੜ 'ਚ ਤਮਾਮ ਮੁਸ਼ਕਲਾਂ ਨੂੰ ਝੱਲਦੇ ਹੋਏ ਸੁਨੀਤਾ ਫਿਲਹਾਲ ਧਰਤੀ 'ਤੇ ਰਹਿ ਕੇ ਖੁਦ ਨੂੰ ਪ੍ਰਿਥਵੀ ਦੇ ਵਾਤਾਵਰਣ ਦੇ ਹਿਸਾਬ ਨਾਲ ਢਾਲਣ ਦੀ ਕੋਸ਼ਿਸ਼ ਕਰ ਰਹੀ ਹੈ। ਪੁਲਾੜ 'ਚ ਧਰਤੀ ਦੀ ਗੁਰੂਤਵਾ (Gravity) ਨਹੀਂ ਹੁੰਦੀ। ਉਥੇ ਗੁਰੂਤਵਾ ਖਿਚਹੀਣ ਕਾਰਨ ਸਭ, ਕੁਝ ਹਵਾ 'ਚ ਤੈਰਦਾ ਹੈ। ਇਸ ਕਾਰਨ ਪੁਲਾੜ ਯਾਤਰੀਆਂ ਨੂੰ ਕਈ ਤਰ੍ਹਾਂ ਦੀਆਂ ਸਿਹਤ ਸੰਬੰਧੀ ਪ੍ਰੇਸ਼ਾਨੀਆਂ ਹਨ। ਵੈਸੇ ਇਹ ਉਹੀ ਸੁਨੀਤਾ ਹੈ ਜੋ ਕਹਿੰਦੀ ਹੈ ਕਿ ਬਚਪਨ 'ਚ ਉਸ ਨੇ ਅਜਿਹਾ ਕੋਈ ਸੁਪਨਾ ਵੀ ਆਪਣੇ ਲਈ ਨਹੀਂ ਵੇਖਿਆ ਸੀ ਕਿ ਉਹ ਇਸ ਤਰ੍ਹਾਂ ਇਤਿਹਾਸ ਰਚੇਗੀ। 41 ਸਾਲ ਸੁਨੀਤਾ ਵਿਲੀਅਮ ਨੇ ਅਪਣੀ ਪੁਲਾੜ ਯਾਤਰਾ ਦੌਰਾਨ ਇਹ ਕਿਹਾ ਸੀ ਕਿ ਉਹ ਧਰਤੀ 'ਤੇ ਬਣੇ ਆਪਣੇ ਘਰ ਦੇ ਮੈਂਬਰਾਂ ਨੂੰ ਮਿਲਣ ਲਈ ਬੇਤਾਬ ਹੈ। ਉਸ ਨੇ ਪੀਜ਼ਾ ਤੋਂ ਲੈ ਕੇ ਛੋਲੇ ਭਟੂਰੇ ਖਾਣ ਦੀ ਇੱਛਾ ਜ਼ਾਹਰ ਕੀਤੀ ਸੀ। ਆਪਦੇ ਘਰ ਦੇ ਮੈਂਬਰਾਂ ਦੇ ਅਤੇ ਆਪਣੇ ਖਾਣ ਪੀਣ ਦੇ ਸ਼ੌਂਕ ਬਾਰੇ ਜ਼ਾਹਰ ਕੀਤੇ ਗਏ ਵਿਚਾਰ ਉਸ ਦੀ ਸੰਵੇਦਨਸ਼ੀਲਤਾ ਨੂੰ ਚਿੱਤਰਤ ਕਰਦੇ ਹਨ। ਕਿ ਉਹ ਤਕਨੀਕੀ ਗਿਆਨ 'ਚ ਖੁੱਭੀ ਕੋਈ ਸਨਕੀ ਵਿਗਿਆਨਕ ਨਹੀਂ ਸੀ ਬਲਕਿ ਕਠਿਨ ਤੇ ਖਰਾਬ ਹਾਲਤਾਂ 'ਚ ਵੀ ਜਿਉ ਸਕਣ ਦੀ ਸਮਰਥਾ ਰੱਖਣ ਵਾਲੀ ਸੁਨੀਤਾ ਮਜ਼ਬੂਤ ਪਰ ਭਾਵਨਾਤਮਕ ਇਨਸਾਨ ਹੈ।

ਧਰਤੀ 'ਤੇ ਕਦਮ ਰੱਖਣ ਪਿੱਛੋਂ ਜਦ ਨਾਸਾ ਦੇ ਲੋਕਾਂ ਨੇ ਉਸ ਦਾ ਸਵਾਗਤ ਕੀਤਾ ਤਾਂ ਉਨ੍ਹਾਂ ਦੀਆਂ ਅੱਖਾਂ 'ਚ ਹੰਝੂ ਆ ਗਏ ਸਨ ਜਿਸ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਲੜਕੀ ਹੋਣ ਦੇ ਨਾਤੇ ਉਹ ਇਸ ਮੌਕੇ ਰੋ ਸਕਦੀ ਹੈ। ਯੂਗੋਸਲਾਵੀਆਈ ਮਾਂ ਤੇ ਭਾਰਤੀ ਪਿਤਾ ਦੀ ਔਲਾਦ ਸੁਨੀਤਾ ਦੀ ਸੁਰੱਖਿਅਤ ਵਾਪਸੀ ਲਈ ਭਾਰਤ 'ਚ ਹਜ਼ਾਰਾਂ ਲੋਕਾਂ ਨੇ ਅਰਦਾਸਾਂ ਕੀਤੀਆਂ। ਸੁਨੀਤਾ ਦੇ ਪਿਤਾ ਨੇ ਇਕ ਟੈਲੀਵਿਜ਼ਨ ਚੈਨਲ ਨਾਲ ਇੰਟਰਵਿਊ 'ਚ ਦੱਸਿਆ ਕਿ ਮੇਰੇ ਘਰ ਭਾਰਤ 'ਚ ਲੋਕਾਂ ਨੇ ਸੱਤ ਦਿਨ ਅਰਦਾਸ ਕੀਤੀ। ਅਟਲਾਂਟਿਸ ਦੇ ਧਰਤੀ 'ਤੇ ਪਹੁੰਚਣ ਤੋਂ ਤੁਰੰਤ ਬਾਅਦ ਹੀ ਉਤਸ਼ਾਹ ਭਰੇ ਸੁਨੀਤਾ ਦੇ ਪਿਤਾ ਦੀਪਕ ਪਾਂਡੇ ਨੇ ਹੌਸਟਨ 'ਚ ਕਿਹਾ 'ਮੈਂ ਉਸ ਨੂੰ ਮਿਸ ਯੂਨਿਵਰਸ ਨਹੀਂ ਕਹਾਂਗਾ, ਮੈਂ ਉਸ ਨੂੰ ਭਾਰਤ ਦੀ ਬੇਟੀ ਬੁਲਾਵਾਂਗਾ।' ਉਨ੍ਹਾਂ ਨੇ ਦੱਸਿਆ ਕਿ ਨਾਸਾ ਤੋਂ ਇਜਾਜ਼ਤ ਮਿਲਣ ਪਿੱਛੋਂ ਉਨ੍ਹਾਂ ਦਾ ਪੂਰਾ ਪਰਿਵਾਰ ਜਿੰਨੀ ਜਲਦੀ ਹੋ ਸਕਿਆ ਭਾਰਤ ਦੀ ਯਾਤਰਾ ਕਰੇਗਾ।

ਸੁਨੀਤਾ ਨੇ ਦਸੰਬਰ 'ਚ ਆਪਣੇ ਲੰਬੇ ਵਾਲਾਂ ਨੂੰ ਕਟਵਾ ਲਿਆ ਸੀ ਤਾਂ ਕਿ ਉਹ ਆਪਣੇ ਵਾਲਾਂ ਨੂੰ ਉਨ੍ਹਾਂ ਲੋਕਾਂ ਦੀ ਮਦਦ ਲਈ ਦਾਨ ਕਰ ਸਕੇ ਜੋ ਬਿਮਾਰੀ

ਨਾਲ ਲੜਨ ਦੌਰਾਨ ਆਪਣੇ ਵਾਲ ਗੁਆ ਚੁੱਕੇ ਹਨ। ਵੈਸੇ ਵੀ ਪੁਲਾੜ 'ਚ ਲੰਬੇ ਵਾਲਾਂ ਨੂੰ ਵਿਹਾਰਿਕ ਨਹੀਂ ਮੰਨਿਆ ਜਾਂਦਾ। ਸੁਨੀਤਾ ਨੇ ਇਹ ਸਾਬਤ ਕਰ ਦਿੱਤਾ ਕਿ ਉਹ ਨਾ ਸਿਰਫ ਪੁਲਾੜ 'ਚ ਚਹਿਲ-ਕਦਮੀ ਕਰ ਸਕਦੀ ਬਲਕਿ ਦੌੜ ਵੀ ਸਕਦੀ ਹੈ। ਅਜਿਹਾ ਉਸ ਨੇ ਕਰਕੇ ਵੀ ਦਿਖਾਇਆ ਹੈ ਅਤੇ ਇਕ ਹੋਰ ਰਿਕਾਰਡ ਕਾਇਮ ਕਰ ਦਿੱਤਾ ਹੈ। ਸੁਨੀਤਾ ਦੀ ਭੈਣ ਦੀਨਾਂ ਪਾਂਡੇ ਨੇ ਜਦ 16 ਅਪ੍ਰੈਲ ਨੂੰ ਸਪਟਨ ਮੈਰਾਥਨ 'ਚ ਹਿੱਸਾ ਲਿਆ ਤਾਂ ਸੁਨੀਤਾ ਨੇ ਵੀ ਪੁਲਾੜ 'ਚ ਟਰੇਡਮਿਲ 'ਤੇ ਆਪਣੇ ਅੰਦਾਜ਼ 'ਚ ਮੈਰਾਥਨ ਦੌੜ ਲਾਈ ਸੀ। ਪੁਲਾੜ 'ਚ 195 ਦਿਨ ਰਹਿ ਕੇ ਰਿਕਾਰਡ ਬਣਾਉਣ ਵਾਲੀ ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮ ਨੂੰ ਇਕ ਅਮਰੀਕੀ ਟੈਲੀਵਿਜ਼ਨ ਨੈਟਵਰਕ ਨੇ 'ਪਰਸ਼ਨ ਆਫ ਦਾ ਵੀਕ' ਚੁਣਿਆ ਤਾਂ ਇਹ ਹੈਰਾਨੀ ਦੀ ਗੱਲ ਨਹੀ। ਉਨ੍ਹਾਂ ਦੀ ਵਾਪਸੀ ਦੇ ਦੌਰ ਨੂੰ ਯਾਦ ਕਰਦੇ ਹੋਇਆ ਦੱਸ ਦੇਈਏ ਕਿ ਸੁਨੀਤਾ ਧਰਤੀ ਤੋਂ 215 ਮੀਲ ਉਚਾਈ 'ਤੇ ਸੀ। ਸੁਨੀਤਾ ਤੇ ਹੋਰ ਪੁਲਾੜੀ ਯਾਤਰੀਆਂ ਯਾਨ ਕੈਨੇਡੀ ਸਪੇਸ ਸੈਂਟਰ 'ਤੇ ਮੌਸਮ ਖਰਾਬ ਹੋਣ ਕਰਕੇ ਕੈਲੀਫੌਰਨੀਆ ਦੇ ਏਡਵਰਡਸ ਏਅਰ ਫੋਰਸ ਬੇਸ 'ਤੇ ਸੁਰੱਖਿਅਤ ਉਤਰਨ 'ਚ ਕਾਮਯਾਬ ਰਿਹਾ। ਕੈਨੇਡੀ ਸਪੇਸ ਸੈਂਟਰ 'ਤੇ ਅਟਲਾਂਟਿਸ ਨੂੰ ਉਤਾਰਨ ਦੇ ਤਿੰਨ ਪਹਿਲੇ ਯਤਨ ਨਾਕਾਮ ਰਹੇ ਸਨ। ਅਟਲਾਂਟਿਸ ਦੇ ਧਰਤੀ 'ਤੇ ਪਹੁੰਚਣ ਤੋਂ ਤੁਰੰਤ ਬਾਅਦ ਹੀ ਨਾਸਾ ਦੇ ਮਿਸ਼ਨ ਕੰਟਰੋਲ ਨੇ ਸੁਨੀਤਾ ਤੇ ਛੇ ਹੋਰ ਯਾਤਰੀਆਂ ਨੂੰ ਵਧਾਈ ਦਿੰਦਿਆ ਕਿਹਾ ਆਪ ਦਾ ਸਵਾਗਤ ਹੈ ਤੇ ਤੁਹਾਨੂੰ ਇਕ ਮਹਾਨ ਮਿਸ਼ਨ ਦੀ ਸਫਲਤਾ ਦੀ ਵਧਾਈ ਸੁਨੀਤਾ ਪਿਛਲੇ ਸਾਲ 9 ਦਸੰਬਰ ਨੂੰ ਕੇਪ ਕੇਨਵਰੇਲ ਤੋਂ ਡਿਸਕਵਰੀ ਪੁਲਾੜ ਯਾਨ 'ਚ ਰਵਾਨਾ ਹੋਈ ਸੀ ਅਤੇ ਇਹ ਕਿਸੇ ਔਰਤ ਪੁਲਾੜ ਯਾਤਰੀ ਦੀ ਸਭ ਤੋਂ ਲੰਬੀ ਪੁਲਾੜ ਯਾਤਰਾ ਰਹੀ। ਪੁਲਾੜ ਕੇਂਦਰ 'ਚ ਆਪਣੇ ਯਤਨ ਦੌਰਾਨ ਸੁਨੀਤਾ ਨੇ ਪ੍ਰਾਣੀ ਵਿਗਿਆਨ, ਭੌਤਿਕੀ ਵਿਗਿਆਨ ਤੇ ਧਰਤੀ ਨਾਲ ਜੁੜੇ ਵੱਖ-ਵੱਖ ਵਿਸ਼ਿਆਂ ਤੇ ਕੰਮ ਕੀਤਾ। ਇਨ੍ਹਾਂ 'ਚੋਂ ਕਈ ਅਧਿਐਨ ਨੇ ਵਿਗਿਆਨਕਾਂ ਨੂੰ ਮਨੁੱਖੀ ਸਰੀਰ ਦੇ ਭਾਰ ਰਹਿਤ ਹੋਣ ਦੇ ਪ੍ਰਭਾਵਾਂ ਬਾਰੇ ਜਾਨਣ 'ਚ ਮਦਦ ਕੀਤੀ। ਨਾਲ ਹੀ ਪੱਠਿਆਂ ਤੇ ਹੱਡੀਆਂ 'ਤੇ ਪੈਣ ਵਾਲੇ ਪ੍ਰਭਾਵਾਂ ਦੇ ਵੱਧ ਅਧਿਐਨ ਦੀ ਜ਼ਮੀਨ ਤਿਆਰ ਕੀਤੀ ਹੈ। ਸੁਨੀਤਾ ਨੇ ਪੁਲਾੜ 'ਚ ਸਖਤ ਸਰੀਰਕ ਕਸਰਤ ਦੇ ਨਾਲ ਹੀ ਆਪਣੇ ਖ਼ੂਨ 'ਤੇ ਵੀ ਅਧਿਐਨ ਕੀਤਾ ਤਾਂ ਕਿ ਪੁਲਾੜ 'ਚ ਲੰਮੇ ਸਮੇਂ ਤੱਕ ਰਹਿਣ ਨਾਲ ਪੋਸ਼ਣ 'ਤੇ ਪੈਣ ਵਾਲੇ ਅਧਿਐਨ 'ਚ ਕੋਈ ਨਵਾਂ ਸੂਤਰ ਹੱਥ ਲੱਗ ਸਕੇ। ਅਟਲਾਂਟਿਸ ਦੇ ਉਤਰਨ ਦੇ ਤਿੰਨ ਯਤਨ ਅਸਫਲ ਹੋਣ ਪਿੱਛੋਂ ਛੱਡ ਦਿੱਤੇ ਗਏ ਅਤੇ ਚੌਥੀ ਕੋਸ਼ਿਸ਼ 'ਚ ਉਤਰਨ ਦੀ ਥਾਂ ਬਦਲਣੀ ਪਈ। ਫਿਰ ਭਾਰਤੀ ਸਮੇਂ ਅਨੁਸਾਰ 1.19 ਵਜੇ ਅੱਧੀ ਰਾਤ ਦਾ ਉਤਰਨ ਦਾ ਸਮਾਂ ਨਵੇਂ ਸਿਰੇ ਤੋਂ ਤੈਅ ਕੀਤਾ ਗਿਆ। ਸੁਨੀਤਾ ਦੇ ਜਾਣ ਅਤੇ ਆਉਣ ਦੇ ਪੂਰੇ ਘਟਨਾਕ੍ਰਮ 'ਤੇ ਸਿਰਫ ਸਰਸਰੀ ਨਜ਼ਰ ਮਾਰੀਏ ਤਾਂ ਐਸਾ ਲੱਗਦਾ ਹੈ ਕਿ ਇਕ ਉਮੀਦ ਭਰੀ ਮੁਹਿੰਮ 'ਚ ਇਹ ਮਹਾਨ ਸਫਲਤਾ ਹਾਸਲ ਕੀਤੀ ਗਈ ਹੈ। ਪੁਲਾੜ ਵਿਗਿਆਨ ਤਕਨੀਕ ਹੁਣ ਕਾਫੀ ਉਚਾਈ 'ਤੇ ਪਹੁੰਚ ਚੁੱਕੀ ਹੈ।

ਇਸ ਤਕਨੀਕ ਦੀ ਵਰਤੋਂ ਮਾਨਵਤਾ ਦੇ ਭਲੇ ਲਈ ਕਿੰਨੀ ਕੁ ਹੋ ਰਹੀ ਹੈ ਇਹ ਜਾਨਣਾ ਸਭ ਲੋਕਾਂ ਦੀ ਉਤਸੁਕਤਾ ਹੋਣੀ ਚਾਹੀਦੀ ਹੈ ਜੋ ਖੋਜਾਂ ਨਾਸਾ ਕਰਵਾ ਰਿਹਾ ਹੈ ਉਹ ਕੀ ਹਨ ਤੇ ਇਨ੍ਹਾਂ ਖੋਜਾਂ ਪਿੱਛੇ ਅਸਲ ਮਕਸਦ ਹੈ ਕੀ? ਨਾਸਾ ਦਾ

ਟੀਚਾ ਕੀ ਹੈ ਅਤੇ ਇਹ ਟੀਚਾ ਹਾਸਲ ਕਰਨ ਪਿੱਛੋਂ ਇਸ ਬੁਨਿਆਦੀ ਸਵਾਲ ਹਨ ਜੋ ਇਸ ਸਫਲ ਮੁਹਿੰਮ ਦੀ ਪ੍ਰਾਪਤੀ ਦੇ ਜਸ਼ਨ ਮਨਾਉਣ ਸਮੇਂ ਵਿਚਾਰ ਅਧੀਨ ਲਿਆਂਦੇ ਜਾਣੇ ਚਾਹੀਦੇ ਹਨ। ਇਸ ਮੁਹਿੰਮ ਦਾ ਬਜਟ ਕਿੰਨਾ ਸੀ ਤੇ ਕਿੱਥੋਂ ਆਇਆ ਇਹ ਵੀ ਜਨਤਕ ਹੋਣਾ ਚਾਹੀਦਾ ਹੈ।

# ਦੁਕਾਨਾਂ ਦੀ ਸੀਲਿੰਗ ਪਿੱਛੇ ਕੀ ਹੈ?

ਇੱਕ ਪਾਸੇ ਜ਼ਬਰ ਤੇ ਦੂਜੇ ਪਾਸੇ ਚਾਲਬਾਜ਼ੀ ਨਾਲ ਜਿੱਥੇ ਸੁਪਰੀਮ ਕੋਰਟ, ਭਾਰਤ ਸਰਕਾਰ ਤੇ ਦਿੱਲੀ ਸਰਕਾਰ ਨੇ ਦਿੱਲੀ ਦੇ ਦੁਕਾਨਦਾਰਾਂ ਦੇ ਅੰਦੋਲਨ ਨੂੰ ਕਾਬੂ ਕੀਤਾ। ਉਥੇ ਦੂਜੇ ਪਾਸੇ ਖ਼ਬਰ ਸੀ ਕਿ ਵਾਲਮਾਰਟ-ਭਾਰਤ 'ਚ ਸਮਝੌਤੇ ਦੇ ਜ਼ਰੀਏ ਪ੍ਰਚੂਨ ਵਪਾਰ ਦੇ ਚੇਨ-ਸਟੋਰ ਚਲਾਉਣ ਵਾਲੀ ਇਸ ਅਮਰੀਕੀ ਕੰਪਨੀ ਦਾ 15 ਅਗਸਤ 2007 ਤੋਂ ਭਾਰਤ 'ਚ ਆਗਮਨ ਹੋਵੇਗਾ। ਨਾਲ ਹੀ, ਪ੍ਰਚੂਨ ਵਪਾਰ ਦੀ ਸਭ ਤੋਂ ਵੱਡੀ ਕੰਪਨੀ ਟੇਸਕੋ, ਨੂੰ ਵੀ ਭਾਰਤ ਦੀ ਅਜੇਹੀ ਕੰਪਨੀ ਦੀ ਤਲਾਸ਼ ਹੈ ਜਿਸ ਦੇ ਨਾਲ ਇਹ ਭਾਰਤ ਦੇ ਬਾਜ਼ਾਰਾਂ 'ਚ ਪ੍ਰਵੇਸ਼ ਕਰ ਸਕੇ। ਮੁਕੇਸ਼ ਅੰਬਾਨੀ ਦੀ ਰਿਲਾਇੰਸ ਕੰਪਨੀ ਵੀ, ਇਸ ਵਪਾਰ 'ਚ ਚੇਨ-ਸਟੋਰ ਖੋਹਲ ਕੇ ਦਾਖਲ ਹੋਣ ਵਾਲੀ ਹੈ। ਦਿੱਲੀ ਦੇ ਦੁਕਾਨਦਾਰਾਂ 'ਤੇ ਸਟੇਟ ਵੱਲੋਂ ਹਮਲਾ ਤੇ ਵੱਡੇ ਵਪਾਰਕ ਘਰਾਣਿਆਂ ਦਾ ਪ੍ਰਚੂਨ ਵਪਾਰ 'ਚ ਘੁਸਣਾ, ਇਹਨਾਂ ਦੋਨਾਂ ਘਟਨਾਵਾਂ ਦਾ ਰਿਸ਼ਤਾ ਸਮਝਣ ਨਾਲ ਹੀ, ਦਿੱਲੀ 'ਚ ਪਿਛਲੇ 6-7 ਮਹੀਨਿਆਂ ਦੀਆਂ ਘਟਨਾਵਾਂ ਸਮਝ 'ਚ ਆਉਣਗੀਆਂ ਕਿ ਕਿਸ ਤਰ੍ਹਾਂ ਦੁਕਾਨਦਾਰਾਂ, ਜੋ ਕਾਂਗਰਸ ਖਾਸ ਕਰਕੇ ਭਾਜਪਾ, ਦੋਨਾਂ ਦੇ ਵੋਟ ਅਧਾਰ ਹਨ, 'ਤੇ ਹਮਲਾ ਬੋਲਿਆ ਗਿਆ ਅਤੇ ਕੇਂਦਰ 'ਚ, ਰਾਜ ਸਰਕਾਰ ਨੇ ਕਿਉਂ ਨਹੀਂ ਇਹਨਾਂ ਦੇ ਬਚਾਅ ਲਈ ਕੋਈ ਠੋਸ ਕਦਮ ਚੁੱਕਿਆ? ਤੇ ਭਾਜਪਾ ਨੇ ਦਿੱਲੀ 'ਚ ਮੁੱਖ ਵਿਰੋਧੀ ਧਿਰ ਹੋਣ ਪਿਛੋਂ ਵੀ ਸੰਘਰਸ਼ 'ਚ ਅੱਗੇ ਆਉਣ ਦੀ ਬਜਾਏ, ਸਿਰਫ਼, ਲਿਪਾ-ਪੋਚੀ ਹੀ ਕੀਤੀ। ਐਨ. ਡੀ. ਏ. ਸਰਕਾਰ ਦੇ ਸਮੇਂ ਪਰਚੂਨ ਵਪਾਰ 'ਚ "ਕੈਸ਼ ਐਂਡ ਕੈਰੀ ਵਪਾਰ" 'ਚ 100 ਫੀਸਦੀ ਵਿਦੇਸ਼ ਲਾਗਤ ਦੀ ਇਜਾਜ਼ਤ ਦਿੱਤੀ ਅਤੇ ਇਸ ਦੇ ਹੱਥ ਇੱਕ ਬ੍ਰੈਂਡ 'ਚ ਵਿਦੇਸ਼ੀ ਲਾਗਤ ਦੀ ਛੋਟ ਦਿੱਤੀ। ਪਰ ਵਾਲਮਾਰਟ ਵਰਗੀਆਂ ਮਲਟੀਬ੍ਰੈਂਡ ਕੰਪਨੀਆਂ ਦੇ ਆਉਣ ਨਾਲ (ਵਾਲਮਾਰਟ-ਭਾਰਤ ਸਟੋਰੇਜ ਤੇ ਥੋਕ ਵਪਾਰ 'ਚ ਤਾਂ ਹਿੱਸੇਦਾਰੀ ਕਰਨਗੀਆਂ ਪਰ ਪ੍ਰਚੂਨ ਵਪਾਰ 'ਚ ਭਾਰਤੀ ਕੰਪਨੀਆਂ ਦੇ ਨਾਂ ਨਾਲ ਦੁਕਾਨਾਂ ਚੱਲਣਗੀਆਂ) ਸਥਿਤੀ ਹੋਰ ਖਰਾਬ ਹੋਵੇਗੀ। ਇਸ ਤਰ੍ਹਾਂ ਦੀਆਂ ਦੁਕਾਨਾਂ ਦੇ ਜ਼ਰੀਏ ਅਮਰੀਕਾ 'ਚ ਲੱਖਾਂ ਛੋਟੇ ਦੁਕਾਨਕਾਰ ਤਬਾਹ ਹੋ ਚੁੱਕੇ ਹਨ।

**ਦਿੱਲੀ 'ਚ ਪ੍ਰਚੂਨ ਵਪਾਰ 'ਤੇ ਹਮਲਾ** :- ਦਿੱਲੀ ਇਕ ਸਨਅਤੀ ਸ਼ਹਿਰ ਵੀ ਹੈ ਅਤੇ ਇਕ ਵਪਾਰਕ ਕੇਂਦਰ ਵੀ। ਨਵੀਆਂ ਆਰਥਕ ਨੀਤੀਆਂ ਦੇ ਸ਼ੁਰੂਆਤੀ ਦੌਰ ਵਿੱਚ ਸੁਪਰੀਮ ਕੋਰਟ ਨੇ ਪ੍ਰਦੂਸ਼ਣ ਤੇ ਰੋਕ ਲਾਉਣ ਦੇ ਬਹਾਨੇ ਸ਼ਹਿਰ ਦੀ ਲਘੂ ਸਨਅਤ 'ਤੇ ਹਮਲਾ ਬੋਲ ਦਿੱਤਾ ਜਦਕਿ ਪ੍ਰਦੂਸ਼ਣ ਰੋਕਣ ਦੇ ਲਈ ਕੰਪਨੀਆਂ ਬੰਦ ਕਰਾਉਣ ਦੀ ਕੋਈ ਲੋੜ ਹੀ ਨਹੀਂ ਸੀ। ਇਸ ਹਮਲੇ ਦੇ ਉਦੇਸ਼ ਸਨ, ਲਘੂ ਸਨਅਤੀ ਖੇਤਰ 'ਤੇ ਵਾਰ ਕਰਕੇ ਵਪਾਰਕ ਘਰਾਣਿਆਂ ਲਈ ਜਗਾਹ ਬਣਾਉਣਾ। ਦਿੱਲੀ 'ਚ ਅਜਿਹੀਆਂ ਸਨਅਤਾਂ ਕੋਲ ਮੌਜੂਦ ਕੀਮਤੀ ਜ਼ਮੀਨਾਂ ਨੂੰ ਕਾਰੋਬਾਰੀ ਵਿਕਾਸ ਲਈ ਮੁਕਤ ਕਰਾਉਣ ਅਤੇ ਦਿੱਲੀ ਨੂੰ ਵਪਾਰਕ ਕੇਂਦਰ ਵਜੋਂ ਵਿਦੇਸ਼ੀਆਂ ਨੂੰ ਆਕਰਸ਼ਿਤ ਕਰਨ ਲਈ ਵਿਕਸਤ ਕਰਨਾ। ਪਰੰਤੂ ਛੋਟੇ ਮਾਲਕਾਂ ਅਤੇ ਉਹਨਾਂ ਦੇ ਹਜ਼ਾਰਾਂ ਮਜ਼ਦੂਰਾਂ ਦੇ ਵਿਰੋਧ ਨੇ ਇਸ ਕਦਮਾਂ ਨੂੰ ਰੋਕ ਦਿੱਤਾ।

ਇਸ ਸਾਲ ਸੁਪਰੀਮ ਕੋਰਟ ਨੇ ਪਹਿਲਾਂ ਇਸ ਗੱਲ ’ਤੇ ਦਿੱਲੀ ਨਗਰ ਨਿਗਮ (MCD) ’ਤੇ ਹਮਲਾ ਬੋਲਿਆ ਕਿ ਉਹ ਗੈਰ-ਕਨੂੰਨੀ ਉਸਾਰੀ ਸ਼ਹਿਰ ਵਿੱਚ ਚੱਲਣ ਦਿੰਦੀ ਹੈ। ਐਮ. ਸੀ. ਡੀ. ਨੂੰ ਹੁਕਮ ਦਿੰਦੇ ਹੋਏ ਕਿਹਾ ਕਿ ਅਜਿਹੀਆਂ ਇਮਾਰਤਾਂ ਤੋੜ ਦਿੱਤੀਆਂ ਜਾਣ, ਉਹਨਾਂ ’ਚ ਚੱਲ ਰਹੀਆਂ ਦੁਕਾਨਾਂ ਨੂੰ ਹਟਾ ਦਿੱਤਾ ਜਾਵੇ, ਹੌਲੀ-ਹੌਲੀ ਕੋਰਟ ਨੇ ਇਹ ਗੱਲ ਰੱਖੀ ਕਿ ਮਾਸਟਰ ਪਲਾਨ ’ਚ ਰਿਹਾਇਸ਼ ਕਲੋਨੀਆਂ ’ਚ, ਦੁਕਾਨਾਂ ਚਲਾਉਣ ਦਾ ਅਧਿਕਾਰ ਨਹੀਂ ਹੈ ਤੇ ਅਜੇਹੀਆਂ ਸਾਰੀਆਂ ਦੁਕਾਨਾਂ ਨੂੰ ਬੰਦ ਕਰ ਦਿੱਤਾ ਜਾਏ।

ਇੱਕ ਹੀ ਝਟਕੇ ’ਚ 5,50,000 ਦੁਕਾਨਾਂ ਨੂੰ ਹੁਕਮ ਮਿਲ ਗਿਆ ਕਿ ਉਹ ਆਪਣੀ ਰੋਟੀ ਰੋਜੀ ਦੇ ਇਕੋ-ਇਕ ਸਾਧਨ ’ਤੇ ਸ਼ਟਰ ਸੁੱਟ ਦੇਣ। ਦਿੱਲੀ ਦੇ ਅੰਦਰ ਕਲੋਨੀਆਂ ਨੂੰ ਐਮ. ਸੀ. ਡੀ. ‘ਏ’ ਤੋਂ ‘ਈ’ ਤਬਕਿਆਂ ’ਚ ਵੰਡਦੀ ਹੈ। ‘ਏ’ ਤੋਂ ‘ਸੀ’ ਤੱਕ ਕਲੋਨੀਆਂ ਵਧੀਆਂ ਹਨ ਤੇ ਰਿਹਾਇਸੀ ਹਨ। ਇਸ ਤੋਂ ਹੇਠਾਂ ਦੀਆਂ ਕਲੋਨੀਆਂ ਨੀਮ ਮੱਧ ਵਰਗ ਤੇ ਮੱਧਮ ਵਰਗ ਦੀਆ ਕਲੋਨੀਆਂ ਹਨ ਜਿਨ੍ਹਾਂ ’ਚ ਲੋਕ ਕੁਝ ਕਮਰੇ ਕਿਰਾਏ ’ਤੇ ਦਿੰਦੇ ਹਨ। ਅਤੇ ਖੁਦ ਘਰ ਦੀ ਦੁਕਾਨ ਅਤੇ ਕਿਰਾਏ ’ਤੇ ਨਿਰਭਰ ਕਰਦੇ ਹਨ। ਕਈ ਕਲੋਨੀਆਂ ’ਚ ਤਾਂ ਕਮਰਾ ਕਿਰਾਏ ’ਤੇ ਦੇਣ ਦੀ ਗੁੰਜਾਇਸ਼ ਹੀ ਨਹੀਂ ਹੈ। ਇਹਨਾਂ ਦੁਕਾਨਾਂ ਤੋਂ ਲੋਕ ਇਕ ਪਾਈਆ ਤੋਂ ਲੈ ਕੇ ਸੌ ਗ੍ਰਾਮ ਵਰਗੀ ਛੋਟੀ ਮਾਤਰਾ ’ਚ ਵੀ ਸੌਦਾ ਲੈ ਜਾਂਦੇ ਹਨ, ਇਹਨਾਂ ’ਚ ਉਧਾਰ ਖਾਤੇ ਵੀ ਚਲਦੇ ਹਨ ਤੇ ਇਹਨਾਂ ’ਚ ਆਮ ਜੀਵਨ ਦੀ ਹਰ ਛੋਟੀ ਚੀਜ ਮੁਹਈਆ ਰਹਿੰਦੀ ਹੈ। ਦਿੱਲੀ ’ਚ ‘ਏ’ ਤੇ ‘ਸੀ’ ਕਲੋਨੀਆਂ ਵਿੱਚ ਵੀ ਵੱਡੇ ਬਜ਼ਾਰਾਂ ਤੋਂ ਇਲਾਵਾ, ਕਲੋਨੀਆਂ ਦੀ ਮਾਰਕਿਟ ਚਲਦੀ ਹੈ, ਜਿਨ੍ਹਾਂ ’ਚ ਦੈਨਿਕ ਜੀਵਨ ਦੀਆਂ ਜਰੂਰਤਾਂ ਦੀਆਂ ਵਸਤਾਂ ਮੁਹਈਆ ਹੁੰਦੀਆਂ ਹਨ। ਇਹਨਾਂ ਸਾਰੀਆਂ ਦੁਕਾਨਾਂ ’ਤੇ ਸੁਪਰੀਮ ਕੋਰਟ ਨੇ ਸਰਕਾਰਾਂ ਦੀ ਰਾਇ ਨੂੰ ਠੁਕਰਾਉਂਦੇ ਹੋਇਆ ਹੱਲਾ ਬੋਲਿਆ।

**ਇਸ ਹਮਲੇ ਦਾ ਮਕਸਦ** :- ਹੈ ਵੱਡੀਆਂ ਕੰਪਨੀਆਂ, ਵਿਸ਼ੇਸ਼ ਕਰਕੇ ਬਹੁ-ਕੌਮੀ ਕੰਪਨੀਆਂ ਲਈ ਇਸ ਵਪਾਰ ’ਚ ਜਗਾਹ ਬਣਾਉਣਾ। ਜਦ ਵਾਲਮਾਰਟ ਵਰਗੀ ਕੰਪਨੀ ਜਿਸਦਾ ਦਾਅਵਾ ਹੈ ਕਿ ਉਹ ਪਿਨ ਤੋਂ ਲੈ ਕੇ ਕਾਰ ਤਕ ਇੱਕ ਹੀ ਛੱਤ ਹੇਠ ਵੇਚੇਗੀ, ਭਾਰਤ ’ਚ ਆਏਗੀ ਤਾਂ ਇਹਨਾਂ ਕਲੋਨੀਆਂ ’ਚ ਚੱਲ ਰਹੀਆਂ ਦੁਕਾਨਾਂ ਬੰਦ ਕਰਕੇ, ਘੱਟੋ-ਘੱਟ, ਜਦ ਤਕ ਮੱਧਵਰਗ, ਤਨਖ਼ਾਹ ਵਾਲੇ ਤਬਕੇ, ਦਿੱਲੀ ਦੇ ਪੇਸ਼ਾਵਰ ਵਰਗ ਤੇ ਸਰਕਾਰੀ ਕਰਮਚਾਰੀਆਂ ਨੂੰ ਮਾਲਾਂ ਤੋਂ ਸਮਾਨ ਲੈਣ ਲਈ ਮਜ਼ਬੂਰ ਨਹੀਂ ਕੀਤਾ ਜਾਏਗਾ, ਤਦ ਤਕ ਇਸ ਖੇਤਰ ’ਤੇ ਉਹਨਾਂ ਦੀ ਆਰਥਕ ਪਕੜ ਕਦੋਂ ਮਜ਼ਬੂਤ ਹੋਵੇਗੀ?

ਕੀ ਕਾਰਜਪਾਲਕਾ ਤੇ ਨਿਆਂਪਾਲਕਾ ’ਚ ਕੋਈ ਵਿਰੋਧ ਹੈ? ਦੇਖਣ ਨੂੰ ਤਾਂ ਲਗਦਾ ਹੈ ਕਿ ਦਿੱਲੀ ਸਰਕਾਰ ਨੇ ਆਰਡੀਨੈਂਸ ਦੇ ਜ਼ਰੀਏ 2,186 ਰਸਤਿਆਂ ਨੂੰ ਵਪਾਰਕ ਐਲਾਨ ਕੇ ਉਹਨਾਂ ’ਤੇ ਖੜ੍ਹੀਆਂ ਦੁਕਾਨਾਂ ਨੂੰ ਰਾਹਤ ਦਿਵਾਈ। ਪਰ, ਸੁਪਰੀਮ ਕੋਰਟ ਨੇ ਇਸ ਨੂੰ ਰੱਦ ਕਰ ਦਿੱਤਾ। ਵਿਚ-ਵਿਚ ਕੋਰਟ ਨੇ ਐਮ. ਸੀ. ਡੀ. ਪ੍ਰਸ਼ਾਸ਼ਨ ਨੂੰ ਵੀ ਫਿਟ-ਕਾਰਿਆ ਹੈ। ਤਿੰਨ ਦਿਨਾਂ ਦੀ ਹੜਤਾਲ ਪਿੱਛੋਂ ਸਰਕਾਰ ਨੇ ਤਿੰਨ-ਚਾਰ ਦਿਨ ਇਹ ਬਹਾਨਾ ਬਣਾਇਆ ਕਿ ਪੁਲਸ ਘੱਟ ਹੋਣ ਕਰਕੇ ਸੀਲਿੰਗ ਰੋਕਣੀ ਪੈ ਰਹੀ ਹੈ। ਇਸ ’ਤੇ ਕੋਰਟ ਨੇ ਜਿਵੇਂ ਗੁੱਸੇ ’ਚ ਆ ਕੇ ਕਿਹਾ ਕਿ ਫਿਰ ਅਰਧ-

ਸੈਨਿਕ ਬਲਾਂ ਦੀ ਮਦਦ ਲਈ ਜਾਵੇ। ਸੱਚੀ ਗੱਲ ਇਹ ਹੈ ਕਿ ਕਾਰਜਪਾਲਿਕਾ ਤੇ ਨਿਆਪਾਲਿਕਾ ’ਚ ਇਸ ਵਿਸ਼ੇ ’ਤੇ ਕੋਈ ਅੰਤਰ ਵਿਰੋਧ ਨਹੀਂ ਹੈ। ਕੋਰਟਾਂ ਤੋਂ ਇਹ ਕੰਮ ਕਰਵਾਏ ਜਾ ਰਹੇ ਹਨ ਜਿਨ੍ਹਾਂ ਤੇ ਲੋਕਾਂ ਦਾ ਵਿਰੋਧ ਹੋਵੇਗਾ। ਕਿਉਂਕਿ ਸਰਕਾਰਾਂ ਲੋਕ ਰੋਹ ਦਾ ਨਿਸ਼ਾਨਾ ਨਹੀਂ ਬਣਨਾ ਚਾਹੁੰਦੀਆਂ। ਦੂਸਰੀ ਗੱਲ ਸਰਕਾਰ ਨੇ ਬਚਾਅ ਦੀ ਕੋਈ ਵਿਸ਼ੇਸ਼ ਕੋਸ਼ਿਸ਼ ਕੀਤੀ ਹੀ ਨਹੀਂ। ਦਿੱਲੀ ਮਾਸਟਰ ਪਲਾਨ ਪਾਰਲੀਮੈਂਟ ਵੱਲੋਂ ਹੀ ਬਦਲਿਆ ਜਾ ਸਕਦਾ ਹੈ। ਦਿੱਲੀ ਸਰਕਾਰ ਦੇ ਐਲਾਨ ਨੂੰ ਸੰਵਿਧਾਨ ਦੀ ਨੌਵੀਂ ਅਨੁਸੂਚੀ ’ਚ ਪਾਇਆ ਜਾ ਸਕਦਾ ਹੈ- ਕਈ ਤਰੀਕੇ ਹਨ ਜਿਸ ਨਾਲ ਨਿਆਂਪਾਲਿਕਾ ਦੇ ‘ਹਮਲੇ’ ਨੂੰ ਖੁੰਡ੍ਹਾ ਕੀਤਾ ਜਾ ਸਕਦਾ ਹੈ। ਪਰ, ਸਰਕਾਰ ਮਾਸਟਰ ਪਲਾਨ ’ਚ ਸੋਧ ਦੀ ਗੱਲ ਹੀ ਕਰਦੀ ਰਹੀ, ਪਰ ਇਕ ਵੀ ਕਦਮ ਨਹੀਂ ਉਠਾਇਆ। ਸੁਪਰੀਮ ਕੋਰਟ ਦੀ ਇਕ ਝਾੜ ਪਿੱਛੋਂ ਦਿੱਲੀ ਸਰਕਾਰ ਤੇ ਕੇਂਦਰ ਸਰਕਾਰ ਦੇ ‘ਮੰਤਰੀਆਂ ਦੇ ਸਮੂਹ’ (ਕਾਂਗਰਸ ਦੇ ਉਹ ਮੰਤਰੀ ਜੋ ਦਿੱਲੀ ਦੇ ਸਾਂਸਦ ਹਨ) ਨੇ ਇਕ ਦਮ ਹਥਿਆਰ ਸੁੱਟ ਦਿੱਤੇ ਤੇ ਦੁਕਾਨਾਂ ਬੰਦ ਕਰਾਉਣ ਦੇ ਕੰਮ ’ਚ ਆਪਣੇ ਆਪ ਨੂੰ ਵੀ ਲਾ ਲਿਆ।

ਭਾਜਪਾ ਜੋ ਮੁਖ ਵਿਰੋਧੀ ਪਾਰਟੀ ਹੈ ਨੇ ਕੁਝ ਵਿਰੋਧ ਜਤਾਇਆ, ਪਰ ਇਹ ਧਿਆਨ ’ਚ ਰੱਖਦੇ ਹੋਇਆਂ ਕਿ ਇਹ ਮੁੱਖ ਵਿਰੋਧੀ ਪਾਰਟੀ ਹੈ ਤੇ ਦਿੱਲੀ ਦੇ ਦੁਕਾਨਦਾਰਾਂ ਦੀ ਪਾਰਟੀ ਵੀ ਮੰਨੀ ਜਾਂਦੀ ਹੈ, ਇਸ ਸੁਆਲ ’ਤੇ ਉਸ ਨੇ ਉਹ ਰੁਖ ਅਖਤਿਆਰ ਨਹੀਂ ਕੀਤਾ ਜੋ ਉਹ ਕਰ ਸਕਦੀ ਸੀ। ਭਾਜਪਾ ਦਾ ਪ੍ਰਚੂਨ ਵਪਾਰ ਦੇ ਖੇਤਰ ’ਚ ਬਹੁਕੌਮੀ ਕੰਪਨੀਆਂ ਦੇ ਆਗਮਨ ’ਤੇ ਕੋਈ ਨੀਤੀਗਤ ਵਿਰੋਧ ਨਹੀਂ ਹੈ ਤੇ ਉਸ ਨੂੰ ਇਹ ਅਹਿਸਾਸ ਵੀ ਹੈ ਕਿ ਆਉਂਦੀਆਂ ਐਮ. ਸੀ. ਡੀ. ਚੋਣਾ ਵਿੱਚ ਇਹ ਜਿੱਤ ਗਈ ਤਾਂ ਉਸ ਨੂੰ ਵੀ ਇਹੋ ਸੁਆਲ ਲਾਗੂ ਕਰਨਾ ਪਵੇਗਾ। ਭਾਜਪਾ ਸੰਸਦ ’ਚ ਨਵੇਂ ਮਾਸਟਰ ਪਲਾਨ ਦਾ ਸੁਆਲ ਵੀ ਨਹੀਂ ਉਠਾ ਰਹੀ ਹੈ।

**ਅੰਦੋਲਨ ਦੀ ਰੂਪ ਰੇਖਾ** :- ਹਮਲੇ ਤੋਂ ਔਖੇ ਹੋਏ ਦੁਕਾਨਦਾਰਾਂ ਨੇ ਉਦੋਂ ਥਾਂ-ਥਾਂ ਸੰਗਠਨ ਬਣਾ ਕੇ ਹੌਲੀ-ਹੌਲੀ ਅੰਦੋਲਨ ਸ਼ੁਰੂ ਕੀਤਾ, ਜਦ ਉਹਨਾਂ ਨੂੰ ਬਿਲਕੁਲ ਯਕੀਨ ਹੋ ਗਿਆ ਕਿ ਉਹਨਾਂ ਦੀਆਂ ‘ਆਪਣੀਆਂ’ ਪਾਰਟੀਆਂ ਕਾਂਗਰਸ ਤੇ ਭਾਜਪਾ ਦੋਨੋ ਹੀ ਬਚਾਅ ਲਈ ਕੋਈ ਠੋਸ ਕਦਮ ਨਹੀਂ ਚੁੱਕ ਰਹੀਆਂ। ਉਹਨਾਂ ਨੂੰ ਬਿਲਕੁਲ ਯਕੀਨ ਹੋ ਗਿਆ ਕਿ ਇਹ ਪਾਰਟੀਆਂ ਉਹਨਾਂ ਦੇ ਹਿੱਤ ’ਚ ਕੁਝ ਨਹੀਂ ਕਰਨਗੀਆਂ ਜਦੋਂ ਪੁਲਸ ਦੇ ਨਾਲ ਸੀਲਿੰਗ ਪਾਰਟੀਆਂ ਵੀ ਪਹੁੰਚਣ ਲੱਗੀਆਂ ਤੇ ਦੁਕਾਨਾਂ ਸੀਲ ਹੋਈਆਂ, ਸਾਂਸਦ ਤੇ ਵਿਧਾਇਕ ਸਿਰਫ ਹਵਾਈ ਗੋਲੇ ਹੀ ਛੱਡਦੇ ਰਹੇ ਤੇ ਕੁਝ ਗ੍ਰਿਫ਼ਤਾਰ ਵੀ ਹੋ ਗਏ ਆਦਿ। ਭਾਜਪਾ ਤੇ ਕਾਂਗਰਸ ਦੋਨਾਂ ਨੇ ਇਕ ਹੀ ਨੀਤੀ ਅਪਣਾਈ। ਲੋਕ ‘ਨੁਮਾਇੰਦੇ’ ਲੋਕਾਂ ਦੇ ਵਿੱਚ ਰਹੇ ਤੇ ਵਿਰੋਧੀ ਧਿਰ ’ਤੇ ਦੋਸ਼ ਲਾਏ (ਕਾਂਗਰਸੀ ਇਹ ਕਹਿੰਦੇ ਹੋਏ ਘੁੰਮੇ ਕਿ ਐਨ. ਡੀ. ਏ. ਸਰਕਾਰ ਜਿੰਮੇਵਾਰ ਹੈ ਜਦ ਕਿ ਉਹਨਾਂ ਦੀ ਹੀ ਸਰਕਾਰ ਚੱਲ ਰਹੀ ਹੈ। ਉਹ ਭਰੋਸਾ ਦਿੰਦੇ ਰਹੇ ਕਿ ਦਿੱਲੀ ਦੇ ਨੇਤਾ ਦੇ ਕੇਂਦਰ ’ਚ ਪਾਰਟੀ ਨੇਤਾ ਰਾਹਤ ਲਿਆਉਣਗੇ। ਵਪਾਰੀਆਂ ਦੇ ਸੰਗਠਨਾ ਦੀ ਮੁੱਖ ਜਾਨ ‘ਈ’ ਤੋਂ ‘ਜੀ’ ਕਲੋਨੀਆਂ ਵਿੱਚ ਸੀ ਜਿੱਥੇ ਰੋਟੀ ਰੋਜ਼ੀ ਦੇ ਸਾਧਨ ਨੂੰ ਸੀਲ ਕਰਨਾ ਦਾ ਸੁਆਲ ਖੜ੍ਹਾ ਹੋ ਗਿਆ। ਪੁਲਸ ਨਾਲ ਕਈ ਥਾਂ ਮੁਠਭੇੜ ਹੋਈ। ਜਿਸ ਨਾਲ ਸੀਲਿੰਗ ਟਲ ਗਈ। ਹੌਲੀ-ਹੌਲੀ ਵਪਾਰੀ ਜਥੇਬੰਦੀਆਂ ਵੀ ਸਰਗਰਮ ਹੋਈਆਂ। ਅੰਦੋਲਨ ਵਧਾਉਣ ਦੇ ਨਾਲ ਇੱਕ ਦਿਨ ਦੇ ਦਿੱਲੀ ਬੰਦ ਦਾ ਐਲਾਨ

ਹੋਇਆ।

**ਅੰਦੋਲਨ 'ਚ ਸ਼ਹਾਦਤਾਂ** :- 20 ਸਤੰਬਰ 2006 ਨੂੰ ਵਿਆਪਕ ਦਿੱਲੀ ਬੰਦ ਰਿਹਾ ਜਿਸ ਦੌਰਾਨ ਸੀਲਮਪੁਰ 'ਚ ਪੁਲਸ ਨੇ ਦੁਕਾਨਦਾਰਾਂ ਦੇ ਮੁਜਾਹਰੇ 'ਤੇ ਗੋਲੀ ਚਲਾਈ ਜਿਸ ਨਾਲ ਚਾਰ ਲੋਕ ਸ਼ਹੀਦ ਹੋਏ। ਇਹਨਾਂ ਸ਼ਹਾਦਤਾਂ ਨੇ, ਜਿੱਥੇ ਇੱਕ ਪਾਸੇ ਸੰਘਰਸ਼ 'ਚ ਜਾਨ ਪਾਈ ਉੱਥੇ, ਦੁਕਾਨਦਾਰਾਂ ਤੇ ਨੇਤਾਵਾਂ ਵੱਲੋਂ 'ਖਾੜਕੂ' ਤੱਤਾਂ ਤੋਂ ਸਾਵਧਾਨੀ ਵਰਤਣ ਦੇ ਐਲਾਨਾਂ ਨੇ, ਵਧਦੇ ਅੰਦੋਲਨ 'ਤੇ ਕੁੱਝ ਰੋਕ ਲਾਈ। ਪਰ ਦੁਕਾਨਦਾਰਾਂ ਦਾ ਗੁੱਸਾ ਹਾਵੀ ਰਿਹਾ ਅਤੇ ਇਹ ਵੇਖ ਕੇ ਦਿੱਲੀ ਵਿੱਚ 29, 30, 31 ਅਕਤੂਬਰ ਨੂੰ ਤਿੰਨ ਦਿਨ ਦਾ ਵਿਆਪਕ ਬੰਦ ਰਿਹਾ ਅਤੇ ਵੱਡੇ-ਵੱਡੇ ਖਾੜਕੂ ਜਲੂਸ ਵੀ ਨਿਕਲੇ। ਕਾਲੀ ਦੀਵਾਲੀ ਦਾ ਐਲਾਨ ਕਰਕੇ ਵਪਾਰੀਆਂ ਨੇ ਸਮੱਸਿਆ ਵਿਰੁੱਧ ਅੰਦੋਲਨ ਨੂੰ ਆਮ ਅੰਦੋਲਨ ਬਣਾਉਣ ਦੀ ਚੇਸ਼ਟਾ ਕੀਤੀ ਤੇ ਇਸ ਸਮੇਂ ਵਪਾਰੀਆਂ ਨੇ ਜਗਾਹ-ਜਗਾਹ 'ਤੇ ਸਥਾਨਕ ਅੰਦੋਲਨ ਵੀ ਵਿਕਸਤ ਕੀਤੇ। ਦਿੱਲੀ ਸਰਕਾਰ ਤੇ ਐਮ. ਸੀ. ਡੀ. ਨੇ ਆਪਣੇ ਆਪ ਨੂੰ ਸ਼ਹਾਦਤਾਂ ਤੋਂ ਡਰਿਆ ਹੋਇਆ ਵਿਖਾ ਕੇ 4-5 ਦਿਨਾਂ ਤੱਕ ਸੀਲਿੰਗ ਰੁਕਵਾ ਦਿੱਤੀ। ਇਹ ਕਹਿ ਕੇ ਕਿ ਸਹੀ ਗਿਣਤੀ 'ਚ ਪੁਲਸ ਫੋਰਸ ਮੁਹਈਆ ਨਹੀਂ ਹੈ।

ਹੁਣ ਅੰਦੋਲਨ ਖਤਮ ਕਰਾਉਣ ਦੀਆਂ ਤਿਆਰੀਆਂ ਸ਼ੁਰੂ ਹੋਈਆਂ। ਪਹਿਲਾਂ ਸੁਪਰੀਮ ਕੋਰਟ ਨੇ ਐਲਾਨ ਕੀਤਾ ਕਿ ਸੀਲਿੰਗ ਲਾਗੂ ਕਰਵਾਉਣ ਲਈ ਅਰਧ-ਸੈਨਿਕ ਬਲਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜਦ ਐਮ. ਸੀ. ਡੀ. ਨੇ ਪੁਲਸ ਦੀ ਬੇਵਸੀ ਦਾ ਹਵਾਲਾ ਦਿੱਤਾ। ਦੂਜੇ, ਸਾਰੇ ਵਪਾਰੀ ਨੇਤਾ ਗ੍ਰਿਫਤਾਰ ਹੋ ਗਏ ਤੇ ਕੁੱਝ ਦਿਨ ਬਾਅਦ ਛੁੱਟ ਕੇ ਆ ਗਏ। ਜਦ ਸ਼ਾਂਤੀ ਪੂਰਵਕ ਸੀਲਿੰਗ ਹੋਣ ਲੱਗੀ। ਤੀਜੇ, ਵੱਡੀਆਂ ਦੁਕਾਨਾਂ ਨੂੰ ਬੰਦ ਕਰਨ ਤੋਂ ਸ਼ੁਰੂ ਕਰਕੇ ਵਿਰੋਧ ਦੀ ਕਮਰ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਅਜੇਹਾ ਨਹੀਂ ਹੈ ਕਿ ਵਪਾਰੀਆਂ ਦਾ ਗੁੱਸਾ ਖਤਮ ਹੋ ਗਿਆ ਹੈ। ਪਰ ਆਪਣੇ ਨੀਮ ਪੂੰਜੀਪਤੀ ਜਮਾਤੀ ਖਾਸੇ ਅਨੁਸਾਰ ਉਹ ਹਾਕਮ ਜਮਾਤ ਦੇ ਦਾਇਰਿਆ ਤੋਂ ਬਾਹਰ ਆ ਕੇ ਆਪਣੇ ਅੰਦੋਲਨ ਨੂੰ ਉਹਨਾਂ ਨੇਤਾਵਾਂ ਤੋਂ ਹਟ ਕੇ ਚਲਾਉਣ ਦੀ ਨਹੀਂ ਸੋਚ ਰਹੇ ਹਨ। ਕਾਂਗਰਸ ਤੇ ਭਾਜਪਾ ਦੀ ਸਮਾਜਿਕ ਪਕੜ ਇਹਨਾਂ 'ਤੇ ਹੈ ਉਹ ਲੜਨ ਲਈ ਮਜ਼ਬੂਰ ਹਨ ਤੇ ਕੋਰਟ ਤੇ ਸਰਕਾਰਾਂ ਉਹਨਾਂ ਨੂੰ ਧਮਕਾਉਣ ਦੀਆਂ ਪੂਰੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਜੀ. ਕੇ.-1 ਦੀ ਮਾਰਕਿਟ ਬੀ. ਐਸ. ਐਫ. ਨੂੰ ਲੈ ਕੇ ਸੀਲ ਕੀਤੀ ਗਈ।

**ਕੀ ਸਾਰੀਆਂ ਦੁਕਾਨਾਂ ਬੰਦ ਹੋਣਗੀਆਂ ?** :- ਸੁਪਰੀਮ ਕੋਰਟ ਨੇ 24 ਤਰ੍ਹਾਂ ਦੇ ਕਾਰੋਬਾਰ - ਦਵਾਈਆਂ, ਕਿਤਾਬ, ਪੈਂਸਿਲ, ਬੈਂਕ ਆਦਿ ਨੂੰ ਪਹਿਲਾਂ ਹੀ ਛੋਟ ਦਿੱਤੀ ਹੈ। 2186 ਅਧਿਸੂਚਿਤ ਸੜਕਾਂ 'ਤੇ ਦੁਕਾਨਦਾਰਾਂ ਤੋਂ ਹਲਫੀਆ ਬਿਆਨ ਲਏ ਗਏ ਹਨ। ਕਿ ਕੋਰਟ ਦੇ ਕਹਿਣ 'ਤੇ ਉਹ ਦੁਕਾਨਾਂ ਬੰਦ ਕਰ ਦੇਣਗੇ (31 ਜਨਵਰੀ 2007 ਪਿੱਛੋਂ, ਯਾਨੀ ਕਿ ਐਮ. ਸੀ. ਡੀ. ਚੋਣਾ ਦਾ ਧਿਆਨ ਰੱਖਿਆ ਹੋਇਆ) 18,300 ਦੁਕਾਨਦਾਰਾਂ ਨੇ ਅਜਿਹੇ ਪ੍ਰੱਤ ਦਿੱਤੇ ਹਨ ਤੇ ਉਹ ਫਿਲਹਾਲ ਬਚੇ ਹੋਏ ਹਨ। 20 ਗਜ ਤੋਂ ਛੋਟੀਆਂ ਪਰਚੂਨ ਆਦਿ ਦੀਆਂ ਦੁਕਾਨਾਂ ਨੂੰ 'ਵਿਕਾਸ-ਫੰਡ' ਦੇਣ 'ਤੇ ਰਾਹਤ ਮਿਲੇਗੀ। ਇਸ ਤਰ੍ਹਾਂ ਸਰਕਾਰੀ ਤਜੌਰੀ ਨੂੰ ਪੈਸਾ ਦਿੱਤਾ ਜਾ ਰਿਹਾ ਹੈ। ਕੋਰਟ ਨੇ ਛੋਟ ਦਿੱਤੀ ਹੈ ਕਿ ਰਾਸ਼ਨ ਦੀ ਦੁਕਾਨ, ਕੈਰੋਸੀਨ ਦੀ ਦੁਕਾਨ ਤੇ ਸਾਈਕਲ ਠੀਕ

ਕਰਨ ਦੀ ਦੁਕਾਨ ਕਿੱਥੇ ਵੀ ਚੱਲ ਸਕਦੀ ਹੈ – ਇਹ ਉਸ ਦਾ ਗਰੀਬ ਪੱਖੀ ਅਮੀਰ ਵਿਰੋਧੀ ਕਿਰਦਾਰ ਹੈ। ਇਸ ਤਰ੍ਹਾਂ ਇਸ ਦਲੀਲ ਨੂੰ ਚੁੱਪ ਕਰਾਉਣ ਲਈ ਕੋਰਟ, ਮਾਲਾਂ ਲਈ ਜਗਾਹ ਬਣਾ ਰਹੀ ਹੈ। ਸੀਲਿੰਗ ਹੁਣ, ਮਾਲ – ਸੀ. ਟੀ. ਸੀ. ਪਲਾਜਾ – ਤੋਂ ਸ਼ੁਰੂ ਹੋਈ। ਇਹ ਵੱਖਰਾ, ਸੁਆਲ ਹੈ ਕਿ ਕੁੱਝ ਦਿਨਾਂ ’ਚ ਇਸ ਮਾਲ ਦੇ ਮਾਲਕ ਨੇ ਕੋਰਟ ਨੂੰ ਸੂਚਿਤ ਕੀਤਾ ਕਿ ਇਸ ਨੇ ਮਾਲ ਦੇ ਲਈ MCD ਦੀ ਇਜਾਜਤ ਲਈ ਸੀ। ਫਿਲਹਾਲ, ਕੋਰਟ ਵੱਡੀਆਂ ਦੁਕਾਨਾਂ ਨੂੰ ਹੀ ਬੰਦ ਕਰਵਾ ਰਹੀ ਹੈ। ਜਦਕਿ ਬਹੁਤੇ ਵੱਡੇ ਮਾਲਕਾਂ ਦੀਆਂ ਦੁਕਾਨਾਂ ਛੱਡੀਆਂ ਜਾ ਰਹੀਆਂ ਹਨ। ਹੋਣਾ ਇਹੀ ਹੈ ਕਿ MCD ਚੋਣਾਂ ਆਉਂਦੇ-ਆਉਂਦੇ ਕੁਝ ਮਾਸਟਰ ਪਲਾਨ ਅਧਿਸੂਚਨਾ ਦਾ ਸਿਲਸਲਾ ਸ਼ੁਰੂ ਹੋਵੇਗਾ। ਜਿਸ ਨਾਲ ਕਾਂਗਰਸ ਸੀਟਾਂ ਬਚਾਈ ਰੱਖਣ ਦੀ ਕੋਸ਼ਿਸ਼ ਕਰੇਗੀ, ਬਹੁਤ ਛੋਟੀਆਂ ਦੁਕਾਨਾਂ ਨੂੰ ਰਾਹਤ ਮਿਲ ਜਾਵੇਗੀ। ਪਰ ਉਹ ਗਾਹਕ ਜੋ ਮਾਲ ’ਚ ਜਾ ਸਕਦਾ ਹੈ, ਉਹ ਅੱਜ ਜਿਹਨਾਂ ਬਜ਼ਾਰਾਂ ’ਚ ਜਾਂਦਾ ਹੈ, ਉਹ ਬੰਦ ਹੋ ਜਾਣਗੇ। ਦਿੱਲੀ ਸ਼ਹਿਰ ਵਾਸੀਆਂ ਨੂੰ ਭਿਆਨਕ ਆਰਥਕ ਘਾਟਾ ਇਸ ਮਾਮਲੇ ਦੌਰਾਨ ਹੋਇਆ ਹੈ। ਵੱਡੇ ਬਜ਼ਾਰ, ਵਿਸ਼ੇਸ਼ ਕਰਕੇ ਥੋਕ ਬਜ਼ਾਰ ਨੂੰ ਬਹੁਤ ਹਾਨੀ ਹੋਈ ਹੈ। ਵਿਆਕਤੀਗਤ ਆਰਥਕ ਨੁਕਸਾਨ ਬਹੁਤ ਹੋਇਆ, ਵਪਾਰੀਆਂ ਨੂੰ ਅਨਿਸ਼ਚਤਤਾ ਦੇ ਮਾਹੌਲ ’ਚ ਥੋਕ ਵਪਾਰ ਵੀ ਉਧਾਰ ਸਮਾਨ ਨਹੀਂ ਦੇ ਰਹੇ ਹਨ, ਇਹਨਾਂ ਦੀ ਕਾਲੀ ਦਿਵਾਲੀ ਪਿੱਛੇ ਮੰਦੇ ਵਪਾਰ ਵੀ ਸਨ। ਕੋਰਟ ਦੇ ਸਰਕਾਰਾਂ (ਕੇਂਦਰ ਤੇ ਦਿੱਲੀ) ਨੇ ਇਸ ਨੂੰ ਆਪਣੇ ’ਚ ਅੰਤਰ ਵਿਰੋਧ ਵਿਖਾ ਕੇ ਕੋਰਟ ਦੇ ਪ੍ਰਕੋਪ ਸਾਹਮਣੇ ਵਪਾਰੀਆਂ ਨੂੰ ਚੁੱਪ ਕਰਵਾ ਲਿਆ ਹੈ। ਤੇ ਕਿਸੇ ਵੀ ਵਪਾਰੀ ਸੰਗਠਨ ਨੇ ਕੋਰਟ ਖਿਲਾਫ ਸ਼ਾਂਤੀਪੂਰਨ ਮੁਜਾਹਰੇ ਦਾ ਵੀ ਸੱਦਾ ਨਹੀਂ ਦਿੱਤਾ।

# ਮਦਰ ਟਰੇਸਾ-ਮਿੱਥ ਤੇ ਯਥਾਰਥ

ਭਾਰਤ ਰਤਨ ਪੁਰਸਕਾਰ ਵਿਜੇਤਾ ਮਦਰ ਟਰੇਸਾ ਦੇ ਅੰਤਿਮ ਸਮਾਰੋਹ ਵਿੱਚ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਦੁਨੀਆਂ ਭਰ ਦੀਆਂ ਹਸਤੀਆਂ ਦੇ ਦੇਸ਼ਾਂ ਦੇ ਮੁਖੀ ਕਲਕੱਤਾ ਪਹੁੰਚੇ। ਮਹੀਨਾ ਭਰ ਰਾਸ਼ਟਰੀ ਮੀਡੀਆ ਵਿਚ ਮਦਰ ਦੀ ਸਾਦਗੀ, ਸੇਵਾ, ਸਮਰਪਣ ਤੇ ਉਨ੍ਹਾਂ ਦੇ ਮਿਸ਼ਨ ਦੀ ਮਹਾਨਤਾ ਦੀ ਚਰਚਾ ਰਹੀ। ਮਦਰ ਟਰੇਸਾ ਇਕ ਵਿਸ਼ਾਲ ਸੰਸਥਾ ਦੀ ਸੰਸਥਾਪਕ/ਬਾਨੀ ਤੇ ਪੂਜਣਯੋਗ ਸੀ। ਜਾਹਰਾ ਤੌਰ ’ਤੇ ਉਨ੍ਹਾਂ ਦੀ ਥਾਂ ਲੈਣ ਵਾਲੀ ਸਿਸਟਰ ਨਿਰਮਲਾ ਵੀ ਹੁਣ ਇਕ ਕਾਫ਼ੀ ਵੱਡੀ ਹਸਤੀ ਹੈ। ਮਦਰ ਟੇਰੇਸਾ ਦੀ ਮੌਤ ਪਿੱਛੋਂ ਟਾਈਮਜ਼ ਆਫ ਇੰਡੀਆ ਨੇ ਸਿਸਟਰ ਨਿਰਮਲਾ ਦੀ ਪ੍ਰੇਮ ਵਾਰਤਾ ਦੀ ਇਕ ਖ਼ਬਰ 13 ਸਤੰਬਰ 1997 ਨੂੰ ਪ੍ਰਕਾਸ਼ਿਤ ਕੀਤੀ (ਪਾਵਰਟੀ ਇਜ਼ ਗਿਫ਼ਟ ਆਫ ਗਾਡ–ਸੇਜ ਨਿਰਮਲਾ)

ਇਸ ਖ਼ਬਰ ਦਾ ਅਨੁਵਾਦ ਪੜ੍ਹੋ :

ਕਲਕੱਤਾ : ਮਿਸ਼ਨਰੀਜ਼ ਚੈਰਿਟੀ ਦੀ ਸੁਪੀਰੀਅਰ ਜਨਰਲ ਸਿਸਟਰ ਨਿਰਮਲਾ ਨੇ ਇੱਥੇ ਸ਼ੁੱਕਰਵਾਰ ਨੂੰ ਆਪਣੇ ਪਹਿਲੇ ਪੱਤਰਕਾਰ ਸੰਮੇਲਨ ਵਿੱਚ ਕਿਹਾ ਗਰੀਬੀ ਵਾਹਿਗੁਰੂ ਦਾ ਤੋਹਫਾ ਹੈ ਅਤੇ ਇਹ ਹਮੇਸ਼ਾ ਬਣੀ ਰਹੇਗੀ। ਉਨ੍ਹਾਂ ਨੇ ਸਪੱਸ਼ਟ ਕਿਹਾ ਕਿ ਇਸ ਦੁਨੀਆਂ ਤੋਂ ਗ਼ਰੀਬੀ ਖਤਮ ਹੋ ਜਾਵੇ ਤਾਂ ਅਸੀਂ ਬੇਰੁਜ਼ਗਾਰ ਹੋ ਜਾਵਾਂਗੇ। ਮਿਸ਼ਨਰੀ ਆਫ ਚੈਰਿਟੀ ਦੇ ਕੰਮ ਬਾਰੇ ਪੁੱਛੇ ਜਾਣ ’ਤੇ ਸਿਸਟਰ ਨਿਰਮਲਾ ਨੇ ਜੋ ਇਸ ਸਾਲ ਮਾਰਚ ਵਿੱਚ ਮਦਰ ਟੇਰੇਸਾ ਦੀ ਵਾਰਸ ਬਣੀ ਹੈ, ਦੱਸਿਆ ਅਸੀਂ ਗਰੀਬਾਂ ਦੀ ਸਿਰਫ ਸਹਾਇਤਾ ਕਰ ਸਕਦੇ ਹਾਂ। ਗ਼ਰੀਬੀ ਰੱਬ ਦੀ ਦੇਣ ਹੈ। ਇਸ ਕਥਨ ਦਾ ਸਪੱਸ਼ਟੀਕਰਣ ਪੁੱਛੇ ਜਾਣ ’ਤੇ ਉਨ੍ਹਾਂ ਕਿਹਾ ਕਿ ਗਰੀਬਾਂ ਨੂੰ ਆਪਣੀ ਗਰੀਬੀ ਦੀ ਸਹੀ ਢੰਗ ਨਾਲ ਵਰਤੋਂ ਕਰਨੀ ਚਾਹੀਦੀ ਹੈ। ਗਰੀਬੀ ਦੀ ਵਰਤੋਂ ਦਾ ਸਹੀ ਰਾਹ ਇਹ ਹੈ ਕਿ ਉਹ ਆਪਣੀ ਗਰੀਬੀ ਨੂੰ ਕਬੂਲ ਕਰਨ ਅਤੇ ਜੋ ਕੁਝ ਵੀ ਰੱਬ ਨੇ ਉਨ੍ਹਾਂ ਨੂੰ ਦਿੱਤਾ ਹੈ, ਉਸ ਤੋਂ ਸੰਤੁਸ਼ਟ ਰਹਿਣ। ਗਰੀਬੀ ਨੂੰ ਕਬੂਲ ਕਰਨ ਬਾਰੇ ਪੁੱਛੇ ਜਾਣ ’ਤੇ ਸਿਸਟਰ ਨਿਰਮਲਾ ਨੇ ਕਿਹਾ ਕਿ ਇਹ ਸਰਕਾਰ ਦਾ ਮਾਮਲਾ ਹੈ ਅਤੇ ਦੱਸਿਆ ਕਿ ਜੇ ਗਰੀਬੀ ਖਤਮ ਹੋ ਜਾਵੇਗੀ ਤਾਂ ਸਾਡੀਆਂ ਨੌਕਰੀਆਂ ਖੁੱਸ ਜਾਣਗੀਆਂ। ਸਿਸਟਰ ਨਿਰਮਲਾ ਦਾ ਕਹਿਣਾ ਸੀ ਕਿ ਮਦਰ ਟੇਰੇਸਾ ਦੇ ਜ਼ਰੀਏ ਰੱਬ ਨੇ ਮਿਸ਼ਨਰੀਜ਼ ਆਫ ਚੈਰਟੀ ਦੇ ਰੂਪ ਵਿੱਚ ਗਰੀਬਾਂ ਦੀ ਸੇਵਾ ਦੇ ਸਾਧਨ ਮੁਹੱਈਆ ਕੀਤੇ ਹਨ। ਉਨ੍ਹਾਂ ਕਿਹਾ ਕਿ ਗਰੀਬੀ ਹਮੇਸ਼ਾ ਬਣੀ ਰਹੇਗੀ ਅਤੇ ਮਿਸ਼ਨਰੀਜ਼ ਆਫ ਚੈਰਿਟੀ ਵੀ ਹਮੇਸ਼ਾ ਗਰੀਬਾਂ ਦੀ ਸੇਵਾ ਕਰਦੀ ਰਹੇਗੀ। ਇਹ ਪੁੱਛੇ ਜਾਣ ’ਤੇ ਕਿ ਮਿਸ਼ਨਰੀਜ਼ ਆਫ ਚੈਰਿਟੀ ਹਸਪਤਾਲ ਕਿਉਂ ਨਹੀਂ ਬਣਾਉਂਦੀ ਸਿਸਟਰ ਨਿਰਮਲਾ ਨੇ ਸਪੱਸ਼ਟ ਕੀਤਾ ਇਹ ਉਨ੍ਹਾਂ ਦਾ ਕੰਮ ਨਹੀਂ ਹੈ। ਉਨ੍ਹਾਂ ਦਾ ਮਕਸਦ ਸਿਰਫ਼ ਸੰਤ ਬਣਾਉਣਾ ਹੈ। ਮਦਰ ਟੇਰੇਸਾ ਨੇ ਕਿਹਾ ਸੀ ਕਿ ਮਿਸ਼ਨਰੀਜ਼ ਆਫ ਚੈਰਿਟੀ ਦਾ ਉਦੇਸ਼ ਮਦਰ ਚਰਚ ਦੇ ਲਈ ਸੰਤ ਮੁਹੱਈਆ ਕਰਵਾਉਣਾ ਹੈ ਅਤੇ ਗਰੀਬਾਂ ਦੀ ਸੇਵਾ ਇਸ ਦਾ ਸਾਧਨ ਹੈ। ਮਿਸ਼ਨਰੀ ਆਫ ਚੈਰਿਟੀ ਦੀ ਫੰਡਿਗ ਬਾਰੇ ਪੁੱਛੇ ਗਏ ਸੁਆਲਾਂ ਦਾ ਜੁਆਬ ਦਿੰਦੇ ਹੋਏ ਸਿਸਟਰ ਨਿਰਮਲਾ ਦਾ ਰਵੱਈਆ ਟਾਲ ਮਟੋਲ ਵਾਲਾ ਸੀ। ਉਨ੍ਹਾਂ ਨੇ ਕਿਹਾ ਕਿ ਜਦ ਪੈਸਾ

ਦਿੰਦੇ ਹਾਂ ਇਹ ਰੱਬ ਦੇ ਪਿਆਰ ਲਈ ਹੁੰਦਾ ਹੈ। ਅਸੀਂ ਨਹੀਂ ਜਾਣਦੇ ਕਿ ਇਹ ਕਿੱਥੋਂ ਆਉਂਦਾ ਹੈ। ਉਨ੍ਹਾਂ ਨੇ ਕਿਹਾ। ਉਪਰੋਕਤ ਬਿਆਨ ਆਪਣੇ ਆਪ ਵਿੱਚ ਹੀ ਕਾਫੀ ਕੁਝ ਸਪੱਸ਼ਟ ਕਰਨ ਵਾਲਾ ਹੈ। ਵੈਸੇ ਏਨਾ ਸਪੱਸ਼ਟ ਹੈ ਕਿ ਸਿਸਟਰ ਨਿਰਮਲਾ ਅਜੇ ਇਸ ਪੂਰੀ ਖੇਡ ਦੀ ਕੁਸ਼ਲ ਖਿਡਾਰੀ ਨਹੀਂ ਬਣ ਸਕੀ, ਤਾਂ ਹੀ ਤਾਂ ਉਸ ਦਾ ਉਪਰੋਕਤ ਬਿਆਨ ਨਾ ਸਿਰਫ ਮਿਸ਼ਨਰੀਜ਼ ਆਫ ਚੈਰਿਟੀ ਦੀ ਹੁਣ ਤਕ ਦੀ ਦਿਖ ਨੂੰ ਖ਼ਰਾਬ ਕਰਦਾ ਹੈ ਬਲਕਿ ਲਾਭਹੀਣ ਖੇਤਰ (ਨਾਲ ਪ੍ਰਾਫਿਟ ਖੇਤਰ) ਦੇ ਪਿੱਛੇ ਕ੍ਰਿਆਸ਼ੀਲ ਪੂੰਜੀ ਦੀ ਸਾਜ਼ਿਸ਼ ਵੱਲ ਵੀ ਇਸ਼ਾਰਾ ਕਰ ਜਾਂਦਾ ਹੈ। ਬਿਆਨ ਤੋਂ ਸਪੱਸ਼ਟ ਹੈ ਕਿ ਜੇ ਸਿਸਟਰ ਨਿਰਮਲਾ ਨੂੰ ਲੱਗੇ ਤਾਂ ਉਹ ਬੇਝਿਜਕ ਆਪਣੀ ਸੇਵਾ ਦਾ ਧੰਦਾ ਛੱਡ ਦੇਵੇਗੀ। ਜੇ ਕੋਈ ਸੰਸਥਾ ਸਿਰਫ ਆਪਣੇ ਧੰਦੇ ਨੂੰ ਚਲਾਉਂਦੇ ਰਹਿਣ ਲਈ ਗਰੀਬੀ ਵਰਗੀ ਗੈਰ ਮਨੁੱਖੀ ਚੀਜ਼ ਦੇ ਬਣੇ ਰਹਿਣ ਦੀ ਦੁਆ ਕਰਦੀ ਹੈ ਤਾਂ ਉਸ ਦੇ ਕੰਮਾਂ ਨੂੰ ਨਿਰ-ਸੁਆਰਥ ਸੇਵਾ ਭਲਾ ਕਿਵੇਂ ਕਿਹਾ ਜਾ ਸਕਦਾ ਹੈ? ਅਸਲ ਵਿਚ ਦਇਆ ਦ੍ਰਿਸ਼ਟੀ ਨਾਲ ਭਰਪੂਰ ਹਿਰਦੇ ਵਾਲਾ ਕੋਈ ਬੰਦਾ ਕੀ ਇਹ ਸੋਚ ਸਕਦਾ ਹੈ ਕਿ ਦੁਨੀਆਂ ਦੀ ਆਬਾਦੀ ਦਾ ਇਕ ਵੱਡਾ ਹਿੱਸਾ ਭੋਜਨ, ਕੱਪੜੇ, ਮਕਾਨ ਤੇ ਇਲਾਜ ਦੀਆਂ ਸਹੂਲਤਾਂ ਤੋਂ ਸਿਰਫ਼ ਇਸ ਲਈ ਵਾਂਝਾ ਰਹੇ ਕਿ ਸੇਵਾ ਦਾ ਉਸ ਦਾ ਧੰਦਾ ਚਲਦਾ ਰਹੇ ਤੇ ਉਹ ਬੇਰੁਜ਼ਗਾਰ ਨਾ ਹੋਵੇ। ਗਰੀਬੀ ਨੂੰ ਰੱਬ ਦੀ ਦਾਤ ਕਹਿ ਕੇ ਜਦ ਉਸ ਨੂੰ ਕਬੂਲਣ ਦੇ ਉਪਦੇਸ਼ ਦਿੱਤੇ ਜਾਂਦੇ ਹਨ ਤਾਂ ਉਸ ਦਾ ਉਦੇਸ਼ ਇਹੀ ਹੁੰਦਾ ਹੈ ਕਿ ਗਰੀਬਾਂ ਨੂੰ ਧਾਰਮਿਕ ਚੇਤਨਾ ਦੇ ਭੁਲੇਖੇ ਵਿੱਚ ਰੱਖ ਕੇ ਲੁਟੇਰਿਆਂ ਦੇ ਸਾਹਮਣੇ ਸੌਖੇ ਸ਼ਿਕਾਰ ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕੇ। ਅਤੇ ਇਹ ਕਿ ਉਹ ਪੂਰੇ ਪ੍ਰਬੰਧ ਨੂੰ ਵੇਖ ਸਕਣ ਤੇ ਨਸ਼ਟ ਕਰ ਸਕਣ ਲਈ ਵੀ ਸਰਗਰਮ ਨਾ ਹੋ ਸਕਣ। ਗਰੀਬੀ ਦੇ ਪੱਖ ਵਿੱਚ ਭਾਂਤ ਭਾਂਤ ਦੀਆ ਦਲੀਲਾਂ ਦੇਣ ਵਾਲੀ ਸਿਸਟਰ ਨਿਰਮਲਾ ਨੇ ਆਪਣੀ ਸੰਸਥਾ ਦੇ ਆਰਥਿਕ ਸਰੋਤਾਂ ਬਾਰੇ ਟਾਲਮਟੋਲ ਦਾ ਰੁੱਖ ਕਿਉਂ ਅਪਣਾਇਆ। ਯਾਦ ਰਹੇ ਕਿ ਮਦਰ ਟੇਰੇਸਾ ਸਾਹਮਣੇ ਵੀ ਜਦੋਂ ਇਹ ਪ੍ਰਸ਼ਨ ਕੀਤਾ ਗਿਆ ਸੀ ਕਿ ਉਹ ਸਾਮਰਾਜੀਆਂ ਤੇ ਇਥੋਂ ਤੱਕ ਤੇ ਖ਼ੂਨ ਚੂਸ ਤਾਨਾਸ਼ਾਹਾਂ ਤੱਕ ਤੋਂ ਸਹਾਇਤਾ ਕਿਉਂ ਲੈਂਦੀ ਹੈ ਤਾਂ ਉਨ੍ਹਾਂ ਨੇ ਵੀ ਦੋ-ਟੁੱਕ ਸ਼ਬਦਾਂ ਵਿੱਚ ਕਿਹਾ ਸੀ ਕਿ ਉਨ੍ਹਾਂ ਨੂੰ ਇਸ ਨਾਲ ਕੋਈ ਮਤਲਬ ਨਹੀਂ ਕਿ ਉਨ੍ਹਾਂ ਦੇ ਮਕਸਦ ਵਿੱਚ ਲਗਣ ਵਾਲੇ ਪੈਸੇ ਦਾ ਸਰੋਤ ਕੀ ਹੈ? ਸੱਚ ਇਹ ਹੈ ਕਿ ਗਰੀਬੀ ਨੂੰ ਮਿਟਾਉਣ ਜਾਂ ਬਣਾਈ ਰੱਖਣਾ ਦੋਨੋਂ ਹੀ ਕਿਸੇ ਮਦਰ ਟੇਰੇਸਾ, ਸਿਸਟਰ ਨਿਰਮਲਾ ਜਾਂ ਕਿਸੇ ਮਿਸ਼ਨਰੀਜ਼ ਜਾਂ ਸੇਵਾ ਭਾਵੀ ਸਰਵੋਦਈ ਸੰਤ ਮਹਾਤਮਾ ਆਦਿ ਦੇ ਵੱਸ ਦੀ ਗੱਲ ਨਹੀਂ ਹੈ। ਗਰੀਬੀ ਪੂੰਜੀਵਾਦੀ ਪੈਦਾਵਾਰੀ ਪ੍ਰਣਾਲੀ ਦਾ ਸੁਨਿਸ਼ਚਤ ਸਮਾਜਿਕ ਸਬੰਧਾਂ ਦਾ ਉਪ-ਉਤਪਾਦਕ (ਬਾਈ ਪ੍ਰੋਡਕਟ) ਹੈ। ਮਿਸ਼ਨਰੀਜ਼ ਆਫ ਚੈਰਟੀ ਜਾਂ ਸਿਸਟਰ ਨਿਰਮਲਾ ਉਸ ਵਿਸ਼ਵ ਵਿਵਸਥਾ ਦਾ ਇਕ ਸੰਦ ਹੀ ਹੈ, ਜਿਸ ਦੇ ਤਹਿਤ ਪੂੰਜੀ ਦੇ ਮੁੱਖ ਦੁਆਰ ਤੋਂ ਪਰ੍ਹੇ ਵਿਸ਼ਵੀਕਰਨ ਦੇ ਮਾਲਕ ਤਰ੍ਹਾਂ ਤਰ੍ਹਾਂ ਦੀਆਂ ਸੰਸਥਾਵਾਂ ਖੜ੍ਹੀਆਂ ਕਰਦੇ ਹਨ। ਇਨ੍ਹਾਂ ਵਿੱਚ ਜੇ ਕੋਈ ਸੰਸਥਾ ਗਰੀਬਾਂ ਨੂੰ ਕਿਸਮਤਵਾਦ ਦਾ ਪਾਠ ਪੜ੍ਹਾਉਂਦੀ ਹੈ ਕੋਈ ਪੂੰਜੀਵਾਦ ਸੁਧਾਰਵਾਦ ਦਾ ਤੇ ਕੋਈ ਸੁਧਾਰਾਂ ਦੀ ਮੰਗ ਵਾਲੇ ਅੰਦੋਲਨ ਤੱਕ ਦੀ ਅਗਵਾਈ ਕਰਕੇ ਇਸ ਵਿਵਸਥਾ ਦੇ ਸੇਫਟੀ ਵਾਲਵ ਦਾ ਕੰਮ ਕਰਦੀ ਹੈ। ਕੁਲ ਮਿਲਾ ਕੇ ਇਸਦਾ ਕੰਮ ਹੈ ਲੋਕ ਇਨਕਲਾਬਾਂ ਦੀ ਚੇਤਨਾ ਦੇ ਵਿਕਾਸ ਦੇ ਰਾਹ ਵਿੱਚ ਤਰ੍ਹਾਂ-ਤਰ੍ਹਾਂ ਦੇ ਅੜਿੱਕੇ ਡਾਹੁਣਾ। ਜੋਨ

ਰੋਲਓਵਸ ਅਨੁਸਾਰ ਆਪਣੀਆਂ ਸਾਰੀਆਂ ਕਮਜ਼ੋਰੀਆਂ ਤੇ ਸ਼ਕਤੀਸ਼ਾਲੀ ਪ੍ਰਤੀਰੋਧ ਅੰਦੋਲਨਾਂ ਦੇ ਬਾਵਜੂਦ ਜੇ ਪੂੰਜੀਵਾਦ ਨਹੀਂ ਮਰਦਾ ਤਾਂ ਉਸ ਦੇ ਪਿੱਛੇ ਇਸ ਦੇ ਲਾਭ ਰਹਿਤ ਖੇਤਰ (ਨਾਨਪ੍ਰਾਫਿਟ ਸੈਕਟਰ) ਯਾਨੀ ਮਿਸ਼ਨਰੀਜ਼ ਤੇ ਸਾਰੀਆਂ ਹੋਰ ਸਵੈ ਸੇਵੀ ਸੰਸਥਾਵਾਂ ਦੀ ਸਰਗਰਮ ਭੂਮਿਕਾ ਹੈ। ਇਕੱਲੇ ਸੰਯੁਕਤ ਰਾਜ ਅਮਰੀਕਾ ਵਿੱਚ ਇਸ ਖੇਤਰ ਵਿੱਚ 400 ਬਿਲੀਅਨ ਡਾਲਰ ਦੀ ਪੂੰਜੀ ਲੱਗੀ ਹੋਈ ਹੈ। ਇਸ ’ਤੇ ਨਾ ਕੋਈ ਇਨਕਮ ਟੈਕਸ ਦੇਣਾ ਹੁੰਦਾ ਹੈ ਤੇ ਨਾ ਕੋਈ ਹਿਸਾਬ ਕਿਤਾਬ ਰੱਖਣਾ ਹੁੰਦਾ ਹੈ। ਇਸ ਵਿੱਚ ਰਾਕਫੈਲਰ ਤੇ ਫੋਰਡ ਫਾਊਂਡੇਸ਼ਨ ਦੇ ਧਨ ਤੋਂ ਲੈ ਕੇ ਨਾਗਰਿਕਾਂ ਦੁਆਰਾ ਚਰਚ ਨੂੰ ਦਾਨ ’ਚ ਦਿੱਤੇ ਗਏ ਸਿੱਕੇ ਤੱਕ ਸ਼ਾਮਿਲ ਹਨ। ਇਸ ਪੂਰੇ ਲਾਭ ਰਹਿਤ ਖੇਤਰ ਦਾ ਮੁੱਖ ਉਦੇਸ਼ ਪੂੰਜੀਵਾਦੀ ਸਮਾਜਿਕ ਆਰਥਿਕ ਪ੍ਰਣਾਲੀ ਨੂੰ ਬਣਾਈ ਰੱਖਣਾ ਹੈ। ਲਾਭ ਰਹਿਤ ਖੇਤਰ ਦੀਆਂ ਜੋ ਸੰਸਥਾਵਾਂ ਟਰੇਨਿੰਗ ਅਦਾਰਿਆਂ ਹਸਪਤਾਲਾਂ ਆਦਿ ਦੀ (ਤੇ ਭਾਰਤ ’ਚ ਮੰਦਰਾਂ ਦੀ ਵੀ) ਉਸਾਰੀ ਕਰਦੀਆ ਹਨ, ਉਹ ਇਨਕਮ ਟੈਕਸ ਮੁਕਤ ਨਿਯੋਜਨ ਰਾਹੀਂ ਸਮਾਜ ਵਿੱਚ ਸ਼ਕਤੀਸ਼ਾਲੀ ਥਾਂ ਹਾਸਲ ਕਰਦੀਆਂ ਹਨ। ਜੋ ਉਸ ਦੀ ਸ਼ਕਲ ਪੂੰਜੀ ਦੀ ਸ਼ਕਤੀ ਵੱਧ ਕਿਸਮ ਦੀ ਹੁੰਦੀ ਹੈ। ਨਾਲ ਹੀ ਸਿੱਖਿਆ, ਟਰੇਨਿੰਗ ਸੰਸਥਾਵਾਂ ਰਾਹੀਂ ਉਹ ਸਮਾਜ ਦੇ ਬੌਧਿਕ ਤਬਕੇ ਦੀ ਲਾਲਸਾ ਅਧੀਨ ਕਰਦੀਆਂ ਹਨ। ਇਸ ਕੋਟੀ ਦੇ ਕਲਿਆਣਕਾਰੀ ਅਦਾਰੇ ਸਮਾਜ ਦੇ ਵਿਹੂਣੇ ਤਬਕਿਆਂ ’ਚੋਂ ਕੁਝ ਨੂੰ ਉਹ ਸੇਵਾਵਾਂ ਤੇ ਸਹੂਲਤਾਂ ਮੁਹੱਈਆ ਕਰਵਾਉਂਦੇ ਹਨ ਜੋ ਬਜ਼ਾਰ ਵਿਵਸਥਾ ਉਨ੍ਹਾਂ ਨੂੰ ਨਹੀਂ ਦੇ ਸਕਦੀ। ਇਸ ਲਈ ਵਿਹੂਣੀ ਆਬਾਦੀ ਦੇ ਚੇਤਨਾ ਖੁੰਡੀ ਕਰਨ ਦਾ ਕੰਮ ਕੀਤਾ ਜਾਂਦਾ ਹੈ। ਇਹ ਅਦਾਰੇ ਪੂੰਜੀਵਾਦੀ ਦੀ ਦੂਜੀ ਸੇਵਾ ਇਹ ਕਰਦੇ ਹਨ ਕਿ ਹਾਕਮ ਜਮਾਤ ਦੀਆਂ ਨਕਾਰਾ ਉਲਾਦਾਂ ਨੂੰ ਜੋ ਪੂੰਜੀਵਾਦੀ ਲਈ ਅਣਉਪਯੋਗੀ ਸਿੱਧ ਹੁੰਦੇ ਹਨ ਅਤੇ ਹੋਰ ਵਰਗਾਂ ਦੇ ਅਸਤੁੰਸ਼ਟ ਤੇ ਵਿਦਰੋਹ ਦੀ ਭਾਵਨਾ ਨਾਲ ਭਰਪੂਰ ਲੋਕਾਂ ਨੂੰ ਭਰਤੀ ਕਰਕੇ ਇਕ ਅਜਿਹੀ ਦਵਾਈ ਬਣਾਉਦੇ ਹਨ ਜੋ ਪੂੰਜੀਵਾਦ ਦਾ ਨਜ਼ਲਾ ਜ਼ੁਕਾਮ ਠੀਕ ਕਰਦੀ ਹੈ।

# ਤਿਹਾੜ ਜੇਲ੍ਹ ਪ੍ਰਭਾਵਸ਼ਾਲੀ ਕੈਦੀਆਂ ਲਈ ਐਸ਼ਗਾਹ

ਸੂਤਰ ਦੱਸਦੇ ਹਨ ਕਿ ਤਿਹਾੜ ਜੇਲ੍ਹ 'ਚ ਕਈ ਪਾਬੰਦੀਆਂ ਲਾਗੂ ਹੋਣ ਦੇ ਬਾਵਜੂਦ ਉਥੋਂ ਮੋਬਾਈਲ ਫੋਨ, ਸਿਮਕਾਰਡ, ਨਸ਼ੀਲੇ ਪਦਾਰਥ, ਸੋਨੇ ਦੀ ਚੇਨ ਤੋਂ ਇਲਾਵਾ ਰੁਪਏ ਤੇ ਡਾਲਰ ਤੱਕ ਬਰਾਮਦ ਕੀਤੇ ਗਏ ਹਨ। ਜੇਲ੍ਹ 'ਚ ਨਸ਼ੀਲੇ ਪਦਾਰਥਾਂ ਦੀ ਵਿਕਰੀ ਦਾ ਆਪਣਾ ਹੀ ਰਿਕਾਰਡ ਹੈ ਤੇ ਉਥੋਂ ਬਾਜ਼ਾਰ ਮੁੱਲ ਤੋਂ 30 ਗੁਣਾਂ ਵੱਧ ਰੇਟ 'ਤੇ ਨਸ਼ੀਲੇ ਪਦਾਰਥ ਮਿਲਦੇ ਹਨ। ਇਨ੍ਹਾਂ ਨਸ਼ੀਲੇ ਪਦਾਰਥਾਂ ਦੀ ਵਿਕਰੀ ਤੇ ਜੇਲ੍ਹ ਦੇ ਅੰਦਰ ਹੋਣ ਵਾਲੇ ਗੋਰਖਧੰਦੇ 'ਚ ਕਈ ਲੋਕ ਸਰਗਰਮ ਹਨ। ਇਹ ਜਾਣਕਾਰੀ ਹਾਲ ਹੀ ਵਿੱਚ ਲੁੱਟ ਤੇ ਹੱਤਿਆ ਦੇ ਮਾਮਲੇ 'ਚ ਜ਼ਮਾਨਤ 'ਤੇ ਛੁੱਟ ਕੇ ਆਏ ਇੱਕ ਕੈਦੀ ਨੇ ਦਿੱਤੀ।

ਵਰਨਣਯੋਗ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਜੇਲ੍ਹ ਅੰਦਰ ਭਾਰੀ ਮਾਤਰਾ 'ਚ ਪਾਬੰਦੀਸ਼ੁਦਾ ਸਾਮਾਨ ਬਰਾਮਦ ਹੋਇਆ ਹੈ। ਇਨ੍ਹਾਂ ਮਾਮਲਿਆਂ 'ਚ ਕਈ ਜੇਲ੍ਹ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਇਲਾਵਾ ਕੈਦੀਆਂ 'ਤੇ ਵੀ ਸ਼ੱਕ ਕੀਤਾ ਜਾਂਦਾ ਹੈ। ਜਾਣਕਾਰਾਂ ਮੁਤਾਬਕ ਤਿਹਾੜ ਜੇਲ੍ਹ ਨਸ਼ੀਲੇ ਪਦਾਰਥਾਂ ਦੀ ਵਿਕਰੀ ਕਰਨ ਵਾਲੇ ਗਰੋਹ ਦੇ ਲੋਕ ਮਾਮੂਲੀ ਮੁਕੱਦਮਿਆਂ 'ਚ ਬੰਦ ਹੋ ਕੇ ਆਉਂਦੇ ਹਨ।

ਬਹੁਤ ਲੋਕ ਹੱਥ ਜਾਂ ਪੈਰ 'ਤੇ ਪਲਸਤਰ ਚੜ੍ਹਾ ਕੇ ਆਉਂਦੇ ਹਨ। ਇਸ ਪਲਸਤਰ ਅੰਦਰ ਸਮੈਕ, ਚਰਸ, ਅਫੀਮ ਤੇ ਮੋਬਾਈਲ ਫੋਨ ਵੀ ਲਿਆਉਂਦੇ ਹਨ। ਨਵੀਂ ਤਕਨੀਕ ਵਿਕਸਤ ਹੋਣ ਪਿੱਛੋਂ ਜੇਲ੍ਹ 'ਚ ਹਥਿਆਰ, ਤੇ ਮੋਬਾਈਲ ਫੋਨ ਦੀ ਆਮਦ ਤਾਂ ਬੰਦ ਹੈ ਪਰ ਨਸ਼ੀਲੇ ਪਦਾਰਥਾਂ ਦਾ ਲਗਾਤਾਰ ਅੰਦਰ ਪਹੁੰਚਣਾ ਜਾਰੀ ਹੈ। ਜੇਲ੍ਹ ਅੰਦਰ ਨਸ਼ੀਲੇ ਪਦਾਰਥਾਂ ਦੀ ਵਿਕਰੀ 'ਚ ਸਹਿਯੋਗ ਕਰਨ ਵਾਲੇ ਕਰਮਚਾਰੀਆਂ ਨੂੰ ਰਿਸ਼ਵਤ ਪਹਿਲਾਂ ਹੀ ਪਹੁੰਚਾ ਦਿੱਤੀ ਜਾਂਦੀ ਹੈ। ਜ਼ਮਾਨਤ 'ਤੇ ਛੁੱਟੇ ਕੈਦੀ ਨੌਸ਼ਾਦ ਅਨੁਸਾਰ ਜੇਲ੍ਹ 'ਚ ਇੱਕ ਬੀੜੀ ਦੋ ਰੁਪਏ, ਸਿਗਰਟ ਦਸ ਰੁਪਏ, ਗੁਟਖਾ ਪੰਜ ਰੁਪਏ, ਤੰਬਾਕੂ ਵੀਹ ਰੁਪਏ ਅਤੇ ਚਰਸ ਅਫੀਮ ਤੇ ਸਮੈਕ ਦੇ ਵੱਖ-ਵੱਖ ਰੇਟ ਹਨ। ਜੇਲ੍ਹ 'ਚ ਮਾਚਿਸ ਦੀ ਵਿਕਰੀ 'ਤੇ ਪਾਬੰਦੀ ਹੈ ਪਰ ਕੈਦੀ ਸੂਤੀ ਬਨਿਆਨ ਨੂੰ ਬੈਰਕ 'ਚ ਜਲ ਰਹੇ ਬੱਲਬਾਂ ਨਾਲ ਲਪੇਟ ਅੱਗ ਪੈਦਾ ਕਰ ਕੇ ਆਪਣਾ ਕੰਮ ਚਲਾ ਲੈਂਦੇ ਹਨ।

ਨੌਸ਼ਾਦ ਨੇ ਇਹ ਵੀ ਦੱਸਿਆ ਕਿ ਜੇਲ੍ਹ 'ਚ ਰੁਪਏ ਦੇ ਮੁੱਖ 'ਚ ਉਤਰਾਅ-ਚੜ੍ਹਾਅ ਆਉਂਦਾ ਹੈ। ਇਕ ਸੌ ਰੁਪਏ ਬਦਲੇ ਜੇਲ੍ਹ ਕਰਮਚਾਰੀਆਂ ਵਲੋਂ 200 ਰੁਪਏ ਦੇ ਕੂਪਨ ਦਿੱਤੇ ਜਾਂਦੇ ਹਨ। ਇਹ ਕੂਪਨ ਉਨ੍ਹਾਂ ਨੂੰ ਮੁਫਤ 'ਚ ਕੈਦੀਆਂ ਵਲੋਂ ਕੰਮ ਨਾ ਕਰਨ ਬਦਲੇ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਕੈਦੀ ਨਕਸ ਪੈਸਿਆਂ 'ਚ ਵੇਚਣ ਦੀ ਤਾਕ 'ਚ ਰਹਿੰਦੇ ਹਨ ਕਿਉਂਕਿ ਜੇਲ੍ਹ ਅੰਦਰ ਨਕਦੀ ਲੈ ਜਾਣ 'ਤੇ ਪਾਬੰਦੀ ਹੈ। ਕਿਸੇ ਵੀ ਨਵੇਂ ਕੈਦੀ ਨੂੰ ਬੈਰਕ 'ਚ ਆਉਣ ਪਿੱਛੋਂ ਉਸ ਨੂੰ ਬੈਰਕਾਂ ਦੀ ਸਫਾਈ 'ਚ ਲਾ ਦਿੱਤਾ ਜਾਂਦਾ ਹੈ ਜਦ ਗੰਦਗੀ ਤੇ ਬੈਰਕਾਂ ਦੇ ਟੱਟੀ ਘਰਾਂ ਨੂੰ ਵੇਖ ਕੇ ਕੈਦੀ ਪ੍ਰੇਸ਼ਾਨ ਹੋ ਜਾਂਦਾ ਹੈ ਤਾਂ ਮਜਬੂਰਨ ਉਸ ਨੂੰ ਨੰਬਰਦਾਰਾਂ ਨੂੰ ਮੁਲਾਕਾਤ ਸਮੇਂ ਫੀਸ ਦੇਣ ਦੀ ਬੇਨਤੀ ਕਰਨੀ ਪੈਂਦੀ ਹੈ। ਕੰਮ ਨਾ ਕਰਨ 'ਤੇ ਕੈਦੀਆਂ ਨੂੰ ਮਾਰਕੁੱਟ ਕਰ ਕੇ ਅੱਧ ਮਰਿਆ ਕਰ ਦਿੱਤਾ ਜਾਂਦਾ ਹੈ। ਜੇਲ੍ਹ 'ਚ ਨਸ਼ੀਲੇ ਪਦਾਰਥਾਂ ਦੀ ਵਿਕਰੀ ਨੰਬਰਦਾਰਾਂ

ਰਾਹੀਂ ਹੁੰਦੀ ਹੈ ਅਤੇ ਕੰਟੀਨ ਰਾਹੀਂ ਇਨ੍ਹਾਂ ਨਸ਼ੀਲੇ ਪਦਾਰਥਾਂ ਨੂੰ ਬੈਰਕਾਂ ਤੇ ਟੱਟੀ-ਘਰਾਂ ਤੱਕ ਪਹੁੰਚਾਇਆ ਜਾਂਦਾ ਹੈ।

ਜੇਲ੍ਹ ਦੇ ਹਸਪਤਾਲ 'ਚ ਸਹੀ ਇਲਾਜ ਨਾ ਮਿਲ ਸਕਣ ਕਰ ਕੇ ਕਈ ਦਰਜਨ ਕੈਦੀ ਹੁਣ ਤੱਕ ਦਮ ਤੋੜ ਚੁੱਕੇ ਹਨ। ਅਪਰਾਧੀਆਂ ਵੱਲੋਂ ਬਹੁਤੇ ਗਰੋਹ ਜੇਲ੍ਹ ਦੇ ਅੰਦਰ ਹੀ ਬਣਾਏ ਜਾਂਦੇ ਹਨ। ਇੱਥੋਂ ਬਾਹਰ ਨਿਕਲ ਕੇ ਕੈਦੀ ਉਸ ਗਰੋਹ 'ਚ ਸ਼ਾਮਲ ਹੋ ਜਾਂਦਾ ਹੈ। ਆਮ ਅਪਰਾਧੀ ਵੀ ਇਥੇ ਵੱਡੀ ਅਪਰਾਧੀਆਂ ਦੀ ਸੰਗਤ 'ਚ ਰਹਿ ਕੇ ਵੱਡਾ ਅਪਰਾਧੀ ਬਣ ਜਾਂਦਾ ਹੈ। ਧਾਰਮਿਕ ਪੁਸਤਕ ਇਜਾਜ਼ਤ ਦਿੰਦਾ ਹੈ। ਇਨ੍ਹਾਂ ਪੁਸਤਕਾਂ ਨੂੰ ਅੰਦਰੋਂ ਕੱਟ ਕੇ ਇਨ੍ਹਾਂ ਦੇ ਰਾਹੀਂ ਨਸ਼ੀਲੇ ਪਦਾਰਥ, ਜੇਲ੍ਹ 'ਚ ਅੱਜ ਵੀ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਫਲਾਂ, ਚੱਪਲਾਂ ਮਿਠਾਈਆਂ ਤੇ ਕੱਪੜਿਆਂ 'ਚ ਛੁਪਾ ਕੇ ਡਰਗਜ਼ ਸਿਗਰਟ ਤੇ ਹੋਰ ਸਾਮਾਨ ਜੇਲ੍ਹ 'ਚ ਪਹੁੰਚਾਇਆ ਜਾਂਦਾ ਹੈ। ਸਾਮਾਨ ਮਿਲਣ 'ਤੇ ਕੈਦੀ ਨੂੰ ਸਜ਼ਾ ਦਿੱਤੀ ਜਾਂਦੀ ਹੈ। ਜੇਲ੍ਹ ਪ੍ਰਸ਼ਾਸਨ ਚਾਹੇ ਤਾਂ ਸਜ਼ਾ ਵਜੋਂ ਕੈਦੀ ਦੀ ਮੁਲਾਕਾਤ ਬੰਦ ਕੀਤੀ ਜਾ ਸਕਦੀ ਹੈ ਤੇ ਉਸ ਨੂੰ ਆਮ ਕੈਦੀਆਂ ਤੋਂ ਵੱਖਰਾ ਰੱਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਉਸ ਦੀ ਰਿਹਾਈ ਵੀ ਕੁਝ ਸਮਾਂ ਟਾਲੀ ਜਾ ਸਕਦਾ ਹੈ। ਇਹ ਸਭ ਜ਼ਿਲ੍ਹਾ ਜੱਜ ਦੀ ਪ੍ਰਵਾਨਗੀ ਤੋਂ ਬਾਅਦ ਹੀ ਹੁੰਦਾ ਹੈ।

ਤਿਹਾੜ ਪ੍ਰਸ਼ਾਸਨ ਚਾਹੇ ਲੱਖ ਦਾਅਵੇ ਕਰੇ ਪਰ ਪਰਦੇ ਪਿੱਛੇ ਦੀ ਤਸਵੀਰ ਕੁਝ ਵੱਖਰੀ ਹੈ। ਆਰ. ਪੀ. ਸਿੰਘ ਜੇਲ੍ਹ ਨੂੰ ਆਸ਼ਰਮ, ਕਿਰਨ ਬੇਦੀ ਜੇਲ੍ਹ ਨੂੰ ਮੰਦਰ ਤੇ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਜੇਲ੍ਹ ਨੂੰ ਆਦਰਸ਼ ਸਥਾਨ ਬਣਾਉਣਾ ਚਾਹੁੰਦੇ ਹਨ ਪਰ ਅਜੇ ਵੀ ਜੇਲ੍ਹ ਅੰਦਰ ਭ੍ਰਿਸ਼ਟਾਚਾਰ ਕਾਰਨ ਨਹੀਂ ਲੱਗਦਾ ਕਿ ਇਸ ਨੂੰ ਮੰਦਰ ਆਸ਼ਰਮ ਬਣਾਉਣਾ ਸੰਭਵ ਹੋਵੇਗਾ ਭਾਵੇਂ ਕੁਝ ਇਮਾਨਦਾਰ ਤੱਤ ਵੀ ਹੋਣਗੇ ਪਰ ਬਹੁਤੇ ਕਰਮਚਾਰੀ ਪ੍ਰਭਾਵਸ਼ਾਲੀ ਕੈਦੀਆਂ ਨਾਲ ਮਿਲ ਕੇ ਆਪਣੇ ਅਧਿਕਾਰੀਆਂ ਦੀ ਸ਼ਾਖ ਘਟਾ ਰਹੇ ਹਨ ਜੇਲ੍ਹ ਸੁਧਾਰ ਘਰ ਹਨ ਜਾਂ ਨਹੀਂ ਇਹ ਵੀ ਖੁੱਲ੍ਹੀ ਬਹਿਸ ਦਾ ਵਿਸ਼ਾ ਹੈ। ਇਨ੍ਹਾਂ ਤੱਥਾਂ ਦੀ ਰੋਸ਼ਨੀ 'ਚ ਤਾਂ ਜੇਲ੍ਹਾਂ ਸੁਧਾਰ ਘਰ ਦੀ ਬਜਾਏ ਵਿਗਾੜ-ਘਰ ਸਾਬਤ ਹੋ ਰਹੀਆਂ ਹਨ। ਜੇਲ੍ਹਾਂ ਹਾਕਮ ਦੇ ਹੱਥ 'ਚ ਰਾਜ ਕਰਨ ਦਾ ਹਥਿਆਰ ਤਾਂ ਹਨ ਹੀ ਬਲਕਿ ਅਪਰਾਧਾਂ 'ਚ ਵੀ ਵਾਧਾ ਕਰੀ ਜਾ ਰਹੀਆਂ ਹਨ।

# ਕਿਵੇਂ ਰੋਕੀਏ ਆਵਾਜ਼ ਪ੍ਰਦੂਸ਼ਣ ਨੂੰ?

ਵਧਦਾ ਪ੍ਰਦੂਸ਼ਣ ਅੱਜ ਕੱਲ੍ਹ ਇਕ ਕੌਮਾਂਤਰੀ ਸਮੱਸਿਆ ਬਣ ਚੁੱਕਿਆ ਹੈ। ਪ੍ਰਦੂਸ਼ਣ ਤਿੰਨ ਤਰ੍ਹਾਂ ਦਾ ਹੈ- ਹਵਾ, ਪਾਣੀ ਤੇ ਆਵਾਜ਼ ਜੋ ਕੁਦਰਤੀ ਵਾਤਾਰਵਣ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਇਹ ਤਿੰਨੋਂ ਹੀ ਮਨੁੱਖੀ ਜੀਵਨ 'ਤੇ ਮਾੜਾ ਪ੍ਰਭਾਵ ਪਾਉਂਦੇ ਹਨ। ਹਵਾ ਪ੍ਰਦੂਸ਼ਣ ਕਾਰਨ ਸਾਹ ਲੈਣਾ ਦੁਭਰ ਹੋ ਜਾਂਦਾ ਹੈ ਅਤੇ ਅਣਜਾਣੇ 'ਚ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਹੋ ਜਾਂਦੀਆਂ ਹਨ। ਪਾਣੀ ਪ੍ਰਦੂਸ਼ਣ ਕਾਰਨ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਨਹੀਂ ਹੁੰਦਾ ਅਤੇ ਉਹ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਆਵਾਜ਼ ਪ੍ਰਦੂਸ਼ਣ ਤੋਂ ਭਾਵ ਵੱਧ ਰਹੇ ਸ਼ੋਰ ਤੋਂ ਹੈ। ਮਨੁੱਖ ਦੇ ਕੰਨਾਂ ਨੂੰ ਅਣਸੁਖਾਵੀਂ ਲੱਗਣ ਵਾਲੀ ਆਵਾਜ਼, ਸ਼ੋਰ ਪ੍ਰਦੂਸ਼ਣ ਅਖਵਾਉਂਦੀ ਹੈ। 60 ਡੈਸੀਬਲ ਤੋਂ ਵੱਧ ਆਵਾਜ਼ ਮਨੁੱਖ ਦੇ ਕੰਨਾਂ ਨੂੰ ਅਣਸੁਖਾਵੀਂ ਲਗਦੀ ਹੈ। ਪਿਛਲੇ ਦੇ ਦਹਾਕਿਆਂ 'ਚ ਸ਼ੋਰ ਦਾ ਪੱਧਰ ਕਾਫ਼ੀ ਵਧਿਆ ਹੈ, ਜਿਸ ਦਾ ਮੁੱਖ ਕਾਰਨ ਜਨ ਸੰਖਿਆ ਵਿਚ ਵਾਧਾ ਹੈ ਕਿਉਂਕਿ ਜਿਵੇਂ-ਜਿਵੇਂ ਆਬਾਦੀ ਵਧਦੀ ਗਈ ਸਾਡੀਆਂ ਜ਼ਰੂਰਤਾਂ ਵੀ ਵਧਦੀਆਂ ਗਈਆਂ ਅਤੇ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਸੀਂ ਜਿਨ੍ਹਾਂ ਸਾਧਨਾਂ ਨੂੰ ਅਪਣਾਇਆ ਉਨ੍ਹਾਂ ਨਾਲ ਆਵਾਜ਼ ਪ੍ਰਦੂਸ਼ਣ ਦਾ ਪੱਧਰ ਵਧਿਆ। ਹਾਲਾਂਕਿ ਆਵਾਜ਼ ਵਾਤਾਵਰਣ ਦਾ ਇੱਕ ਅਟੁੱਟ ਅੰਗ ਹੈ ਪਰ ਆਵਾਜਾਈ ਦੇ ਸਾਧਨਾਂ, ਬਿਜਲੀ ਦੇ ਯੰਤਰਾਂ ਦੇ ਕਾਰਖਾਨਿਆਂ ਦੇ ਸ਼ੋਰ ਨੇ ਇਸ ਨੂੰ ਪ੍ਰਦੂਸ਼ਣ 'ਚ ਬਦਲ ਦਿੱਤਾ ਹੈ। ਇਸ ਦਾ ਬੁਰਾ ਪ੍ਰਭਾਵ ਨਾ ਸਿਰਫ ਮਨੁੱਖਾਂ ਬਲਕਿ ਪਸ਼ੂ ਪੰਛੀਆਂ ਅਤੇ ਪੌਦਿਆਂ 'ਤੇ ਵੀ ਵੇਖਿਆ ਜਾ ਰਿਹਾ ਹੈ। ਵਧਦੇ ਸ਼ੋਰ ਦੀ ਵਜ੍ਹਾ ਕਾਰਨ ਹੀ ਪਸ਼ੂਆਂ ਦੀ ਪ੍ਰਜਣਨ ਕ੍ਰਿਆ ਘਟਦੀ ਜਾ ਰਹੀ ਹੈ।

ਵਾਹਨਾਂ 'ਚ ਅੱਜ ਕੱਲ੍ਹ ਵੱਧ ਸ਼ੋਰ ਵਾਲੇ ਤਰ੍ਹਾਂ-ਤਰ੍ਹਾਂ ਦੇ ਹਾਰਨ ਵਰਤੇ ਜਾਣ ਲੱਗੇ ਹਨ। ਸੜਕਾਂ, ਗਲੀਆਂ ਤੇ ਧਾਰਮਿਕ ਥਾਵਾਂ 'ਤੇ ਤੇਜ਼ ਆਵਾਜ਼ 'ਚ ਵਜਦੇ ਲਾਊਡਸਪੀਕਰ, ਖੁਸ਼ੀ ਦੇ ਮੌਕਿਆਂ ਅਤੇ ਤਿਉਹਾਰਾਂ ਸਮੇਂ ਛੱਡੇ ਜਾਣ ਵਾਲੇ ਪਟਾਖੇ ਵੀ ਆਵਾਜ਼ ਪ੍ਰਦੂਸ਼ਣ ਵਧਾਉਂਦੇ ਹਨ। ਆਧੁਨਿਕ ਉਪਕਰਨਾਂ ਤੇ ਕਾਰਖਾਨਿਆਂ 'ਚ ਆਵਾਜ਼ ਪ੍ਰਦੂਸ਼ਣ ਕਿਸ ਹੱਦ ਤੱਕ ਵੱਧ ਗਿਆ ਹੈ, ਇਸ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਫਰਾਂਸ ਤੇ ਜਪਾਨ ਦੀਆਂ ਰੇਲਾਂ ਤੋਂ ਪੈਦਾ ਹੁੰਦੀ ਆਵਾਜ਼ ਪਟੜੀਆਂ ਦੇ ਆਸ-ਪਾਸ ਸਥਿਤ ਮਕਾਨਾਂ ਦੇ ਸੀਸਿਆਂ 'ਚ ਤਰੇੜਾ ਪਾ ਦਿੰਦੀ ਹੈ। ਇਸੇ ਤਰ੍ਹਾਂ ਜੇ ਜੈੱਟ ਜੰਬੋ ਜੈੱਟ ਵਿਮਾਨ ਕਿਸੇ ਛੋਟੇ ਤੇ ਸਧਾਰਨ ਹਵਾਈ ਅੱਡੇ 'ਤੇ ਉਤਰ ਜਾਵੇ ਤਾਂ ਉਸ ਦੇ ਸ਼ੋਰ ਨਾਲ ਪੂਰਾ ਹਵਾਈ ਅੱਡਾ ਹਿੱਲ ਜਾਂਦਾ ਹੈ। ਵਿਗਿਆਨਕਾਂ ਦਾ ਮੰਨਣਾ ਹੈ ਕਿ ਜੇ ਇਹੀ ਹਾਲ ਰਿਹਾ ਤਾਂ ਅਗਲੇ 20 ਸਾਲਾਂ 'ਚ ਇਸ ਦੀ ਵਜ੍ਹਾ ਕਰ ਕੇ ਅੱਧੇ ਤੋਂ ਵੱਧ ਲੋਕ ਬੋਲੇ ਹੋ ਜਾਣਗੇ। ਦਿੱਲੀ ਸਥਿਤ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵੱਲੋਂ ਕਰਵਾਏ ਇਸ ਸਰਵੇਖਣ 'ਚ ਪਾਇਆ ਗਿਆ ਕਿ ਸ਼ੋਰ ਪ੍ਰਦੂਸ਼ਣ ਨਾਲ ਲੋਕਾਂ ਨੂੰ ਘਬਰਾਹਟ ਦਿਲ ਦੇ ਰੋਗ ਤੇ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਦਾ ਖਤਰਾ ਹੁਣ ਆਮ ਹੋ ਗਿਆ ਹੈ। ਸਰਵੇਖਣ ਅਨੁਸਾਰ ਲਾਊਡਸਪੀਕਰ ਤੋਂ ਇਲਾਵਾ ਸ਼ੋਰ ਦੇ ਇਕ ਹੋਰ ਕਾਰਕ ਸਾਇਰਨ ਨੂੰ ਸੁਣਨ ਲਈ

ਅੱਜ ਬਹੁਤੇ ਲੋਕ ਬੇਵਸ ਹਨ। ਸਰਵੇ 'ਚ ਇਸ ਤੱਥ 'ਤੇ ਵੀ ਰੌਸ਼ਨੀ ਪਾਈ ਗਈ ਹੈ ਕਿ ਦੇਸ਼ ਦੇ ਕਈ ਵੱਡੇ ਹਸਪਤਾਲ ਇਨ੍ਹਾਂ ਖੇਤਰਾਂ ਵਿਚ ਸਥਿਤ ਹਨ ਜਿਥੇ ਸ਼ੋਰ ਦਾ ਪੱਧਰ ਬਹੁਤ ਜ਼ਿਆਦਾ ਹੈ। ਅਜਿਹੇ 'ਚ ਇਨ੍ਹਾਂ ਹਸਪਤਾਲਾਂ ਵਿਚ ਮਰੀਜ਼ਾਂ ਲਈ ਸ਼ਾਂਤ ਮਹੌਲ ਮੁਹੱਈਆ ਹੋਣ ਦੀ ਹੁਣ ਕੋਈ ਗਰੰਟੀ ਹੀ ਨਹੀਂ ਰਹੀ। ਪੰਜਾਬ ਯੂਨੀਵਰਸਿਟੀ ਦੇ ਸਾਈਕਾਲੋਜੀ ਵਿਭਾਗ ਵੱਲੋਂ ਕਰਵਾਈ ਗਈ ਇਕ ਖੋਜ ਦਾ ਵੀ ਇਹੀ ਸਿੱਟਾ ਹੈ ਕਿ ਵੱਧ ਸ਼ੋਰ ਸ਼ਰਾਬੇ ਵਾਲੇ ਮਹੌਲ ਵਿਚ ਰਹਿਣ ਵਾਲੇ ਲੋਕਾਂ ਨੂੰ ਮਾਨਸਿਕ ਬਿਮਾਰੀਆਂ ਦਾ ਖਤਰਾ ਮੁਕਾਬਲਤਨ ਵੱਧ ਹੁੰਦਾ ਹੈ। ਖੋਜ ਅਨੁਸਾਰ ਸ਼ੋਰ ਜਿੰਨਾ ਵਧ ਹੋਵੇਗਾ, ਮੈਂਟਲ ਹੈਲਥ ਵਿਗੜਨ ਦਾ ਡਰ ਓਨਾ ਹੀ ਵੱਧ ਜਾਂਦਾ ਹੈ। ਸ਼ੋਰ ਨਾਲ ਵਿਅਕਤੀ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿਣ ਲੱਗਦਾ ਹੈ। ਸ਼ੋਰ ਕਾਰਨ ਡਿਪਰੈਸ਼ਨ ਦੇ ਨਾਲ-ਨਾਲ 'ਹੋਪਲੈਸਨੈੱਸ ਸਾਨੀ ਨਾ ਉਮੀਦੀ ਦੀ ਸਮੱਸਿਆ ਵੀ ਤੇਜ਼ੀ ਨਾਲ ਵਧਦੀ ਹੈ ਅਤੇ ਇਹੀ ਦੋਨੋਂ ਗੱਲਾਂ ਆਤਮ-ਹੱਤਿਆਵਾਂ ਦਾ ਕਾਰਨ ਹਨ, ਲੋਕ ਭੁਲੱਕੜ ਹੋ ਜਾਂਦੇ ਹਨ।

ਵਿਸ਼ਵ ਸਿਹਤ ਸੰਸਥਾ ਵੱਲੋਂ ਤੈਅ ਪੈਮਾਨਿਆਂ ਅਨੁਸਾਰ ਸ਼ੋਰ ਦੀ ਹੱਦ ਦਿਨ ਵੇਲੇ 55 ਅਤੇ ਰਾਤ ਵੇਲੇ 45 ਡੈਸੀਬਲ ਤੱਕ ਹੀ ਹੋਣੀ ਚਾਹੀਦੀ ਹੈ। ਜਦ ਕਿ ਉਦਯੋਗਿਕ ਖੇਤਰਾਂ ਵਿਚ ਇਸ ਦੀ ਹੱਦ ਦਿਨ 'ਚ 75 ਅਤੇ ਰਾਤ 'ਚ 70 ਡੈਸੀਬਲ ਤੈਅ ਹੈ। ਕਾਰੋਬਾਰੀ ਖੇਤਰਾਂ 'ਚ ਇਹ ਹੱਦ ਦਿਨ 'ਚ 65 ਅਤੇ ਰਾਤ 'ਚ 55 ਅਤੇ ਹਸਪਤਾਲ ਵਰਗੇ ਸ਼ਾਂਤ ਖੇਤਰਾਂ 'ਚ ਦਿਨ ਵੇਲੇ ਇਹ ਹੱਦ 50 ਅਤੇ ਰਾਤ ਵੇਲੇ 40 ਡੈਸੀਬਲ ਤੱਕ ਹੀ ਹੋਣੀ ਚਾਹੀਦੀ ਹੈ। ਹਸਪਤਾਲਾਂ ਸਿੱਖਿਆ ਸੰਸਥਾਵਾਂ ਤੇ ਕਚਹਿਰੀਆਂ ਦੇ ਆਸਪਾਸ 100 ਮੀਟਰ ਦੀ ਦੂਰੀ ਤੱਕ ਦੇ ਖੇਤਰ ਸ਼ਾਂਤ ਮੰਨੇ ਜਾਂਦੇ ਹਨ। ਸਿਹਤ ਮਾਹਿਰ ਕਹਿੰਦੇ ਹਨ ਕਿ ਵਧਦੇ ਸ਼ੋਰ ਕਾਰਨ ਸਿਹਤਮੰਦ ਲੋਕ ਵੀ ਵਧਦੇ ਸ਼ੋਰ ਕਾਰਨ ਸਿਹਤਮੰਦ ਲੋਕ ਵੀ ਪਾਗਲ ਹੋ ਸਕਦੇ ਹਨ। 55 ਡੈਸੀਬਲ ਤੱਕ ਦਾ ਸ਼ੋਰ ਮਨੁੱਖ ਸਰਲਤਾ ਨਾਲ ਸਹਿ ਸਕਦਾ ਹੈ ਪਰ ਇਸ ਤੋਂ ਵੱਧ ਸ਼ੋਰ ਦਿਮਾਗ ਦੇ ਤੰਤੂਆਂ 'ਤੇ ਹਾਨੀਕਾਰਕ ਪ੍ਰਭਾਵ ਪਾਉਂਦਾ ਹੈ ਹਾਲਾਂਕਿ ਮਨੁੱਖ ਦੇ ਕੰਨ 130 ਡੈਸੀਬਲ ਤੱਕ ਦਾ ਸ਼ੋਰ ਸੁਣ ਸਕਦੇ ਹਨ। ਪਰ ਏਨੀ ਤੇਜ਼ ਆਵਾਜ਼ ਨਾਲ ਉਸ ਦੀ ਸਿਹਤ 'ਤੇ ਗੰਭੀਰ ਅਸਰ ਪੈ ਸਕਦਾ ਹੈ। ਇਕ ਖੋਜ ਅਨੁਸਾਰ ਸੰਸਾਰ ਵਿਚ ਡਿਪਰੈਸ਼ਨ ਦੇ ਮਾਮਲਿਆਂ 'ਚ 200 ਫੀਸਦੀ ਦਾ ਵਾਧਾ ਹੋਇਆ ਹੈ ਜਿਸ ਦਾ ਕਾਰਨ ਸ਼ੋਰ ਹੈ।

# ਖ਼ੁਦ ਸਜ਼ਾ ਦੇਣ 'ਚ ਵਿਸ਼ਵਾਸ ਰੱਖਣ ਲੱਗੀ ਹੈ ਜਨਤਾ

ਬਿਹਾਰ 'ਚ 15 ਸਾਲਾਂ ਬਾਅਦ ਜਦ ਸੱਤਾ ਬਦਲੀ ਹੋਈ ਤਾਂ ਲੋਕਾਂ ਨੂੰ ਲੱਗਣ ਲੱਗਿਆ ਕਿ ਉਨ੍ਹਾਂ ਦੇ ਦਿਨ ਬਿਹਤਰ ਹੋਣ ਵਾਲੇ ਹਨ। ਨਿਤੀਸ਼ ਕੁਮਾਰ ਸਰਕਾਰ ਨੇ ਵੀ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਕਾਨੂੰਨ ਵਿਵਸਥਾ ਦੀ ਸਥਿਤੀ ਪੂਰੀ ਤਰ੍ਹਾਂ ਸੁਧਾਰਨ ਦਾ ਐਲਾਨ ਕੀਤਾ ਸੀ। ਸ਼ੁਭ ਸਾਸ਼ਨ ਦਾ ਸੁਪਨਾ ਵੇਖਦੇ-ਵੇਖਦੇ ਬਿਹਤਰੀ ਦਾ ਕੋਈ ਸੁੱਖ ਹਾਸਲ ਨਹੀਂ ਹੋਇਆ। ਹੁਣ ਸਥਿਤੀ ਦਿਨ-ਬ-ਦਿਨ ਹੋਰ ਵੀ ਵਿਗੜਨ ਲੱਗੀ ਹੈ। ਲੋਕਾਂ ਦਾ ਰਾਜ ਤੇ ਪੁਲੀਸ ਤੋਂ ਭਰੋਸਾ ਉੱਠਦਾ ਜਾ ਰਿਹਾ ਹੈ। ਜਿਵੇਂ ਨਕਸਲੀ ਲੋਕ ਅਦਾਲਤਾਂ ਲਾ ਕੇ ਦੋਸ਼ੀਆਂ ਨੂੰ ਖ਼ੁਦ ਸਜ਼ਾ ਦਿੰਦੇ ਹਨ, ਉਸੇ ਤਰ੍ਹਾਂ ਲੋਕ ਹੁਣ ਦੋਸ਼ੀਆਂ ਨੂੰ ਆਪ ਸਜ਼ਾ ਦੇਣ 'ਚ ਵਿਸ਼ਵਾਸ ਕਰਨ ਲੱਗੇ ਹਨ।

ਜਨਤਾ ਹੁਣ ਇਹ ਮਹਿਸੂਸ ਕਰਨ ਲੱਗੀ ਹੈ ਕਿ ਦੋਸ਼ੀਆਂ ਨੂੰ ਜੇ ਪੁਲੀਸ ਦੇ ਹਵਾਲੇ ਕੀਤਾ ਗਿਆ ਤਾਂ ਉਹ ਲੈ-ਦੇ ਕੇ ਮਾਮਲਾ ਰਫ਼ਾ-ਦਫ਼ਾ ਕਰ ਦੇਣਗੇ। ਇਨ੍ਹਾਂ ਲੋਕ ਭਾਵਨਾਵਾਂ ਦੀ ਇੰਤਹਾ ਵੈਸ਼ਾਲੀ ਜ਼ਿਲੇ ਦੇ ਰਾਜਪਾਕਰ ਥਾਣੇ ਤਹਿਤ ਢੇਲਫੋਡਵਾ ਪਿੰਡ 'ਚ 13 ਸਤੰਬਰ ਦੀ ਸੁਬ੍ਹਾ ਦੇਖਣ ਨੂੰ ਮਿਲੀ, ਜਦ ਦਸ 'ਚੋਰਾਂ' ਨੂੰ ਪਿੰਡ ਦੀ ਖਾੜਕੂ ਭੀੜ ਨੇ ਕੁੱਟ-ਕੁੱਟ ਕੇ ਮੌਕੇ 'ਤੇ ਹੀ ਮਾਰ ਦਿੱਤਾ। ਇਕ 'ਚੋਰ' ਨੂੰ ਪੁਲੀਸ ਨੇ ਅੱਧ ਮਰੀ ਹਾਲਤ 'ਚ ਗ੍ਰਿਫਤਾਰ ਕਰ ਲਿਆ। ਪਿੰਡ ਵਾਸੀਆਂ ਦਾ ਕਹਿਣਾ ਸੀ ਕਿ ਢੇਲਫੋਡਵਾ ਤੇ ਨੇੜੇ ਦੇ ਪਿੰਡਾਂ 'ਚ ਲਗਾਤਰ ਹੋ ਰਹੀਆਂ ਚੋਰੀ ਦੀਆਂ ਘਟਨਾਵਾਂ ਤੋਂ ਤੰਗ ਆ ਕੇ ਉਹ ਅਜਿਹਾ ਕਦਮ ਉਠਾਉਣ ਲਈ ਮਜਬੂਰ ਹੋਏ ਹਨ। ਪਿੰਡਾਂ 'ਚ ਹੋ ਰਹੀਆਂ ਚੋਰੀ ਦੀਆਂ ਘਟਨਾਵਾਂ ਤੋਂ ਪੇਂਡੂਆਂ ਨੇ ਪੁਲੀਸ ਨੂੰ ਵੀ ਸੂਚਿਤ ਕੀਤਾ ਸੀ, ਪਰ ਪੁਲੀਸ ਨੇ ਤਿੰਨ ਮਹੀਨਿਆਂ 'ਚ ਕੋਈ ਕਦਮ ਨਹੀਂ ਉਠਾਇਆ ਤਾਂ ਮਜਬੂਰ ਹੋ ਕੇ ਪੇਂਡੂ ਖ਼ੁਦ ਜਾਗ-ਜਾਗ ਕੇ ਪਹਿਰਾ ਦੇਣ ਲੱਗੇ।

ਉਸ ਰਾਤ ਵੀ ਚੋਰੀ ਦੀ ਘਟਨਾ ਵਾਪਰੀ ਸੀ। ਬੌਖਲਾਏ ਪੇਂਡੂਆਂ ਨੇ ਸੁਬ੍ਹਾ ਜਦ ਪਿੰਡ 'ਚ ਅਣਜਾਣ ਲੋਕ ਵੇਖੇ ਤਾਂ ਉਨ੍ਹਾਂ ਨੂੰ ਚੋਰ ਮੰਨਦਿਆਂ ਕੁੱਟ-ਕੁੱਟ ਕੇ ਮਾਰ ਸੁੱਟਿਆਂ। ਪਹਿਲੀ ਗੱਲ ਤਾਂ ਇਹ ਘਟਨਾ ਪੁਲੀਸ ਦੀ ਅਸਫ਼ਲਤਾ ਤੇ ਨਾਕਾਮੀ ਦਾ ਸਿੱਟਾ ਲੱਗਦੀ ਹੈ। ਚੋਰੀ ਦੀ ਸ਼ਿਕਾਇਤ 'ਤੇ ਖੇਤਰ 'ਚ ਜੇ ਪੁਲੀਸ ਦੀ ਗਸ਼ਤ ਵਧਾਈ ਜਾਂਦੀ ਤਾਂ ਨਾ ਤਾਂ ਪੇਂਡੂਆਂ 'ਚ ਅਸੰਤੋਸ਼ ਫੈਲਦਾ ਤੇ ਨਾ ਹੀ ਚੋਰ ਉਥੇ ਜਾਂਦੇ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਜਿਸ ਵਕਤ ਪਿੰਡ ਵਾਲੇ ਚੋਰਾਂ ਨੂੰ ਕੁੱਟ ਰਹੇ ਸਨ, ਉਸ ਵਕਤ ਥਾਣਾ ਇੰਚਾਰਜ ਵਿਭਾ ਕੁਮਾਰੀ ਉਥੇ ਨੇੜੇ ਹੀ ਮੌਜੂਦ ਵੀ ਸੀ, ਪਰ ਉਨ੍ਹਾਂ ਨੇ ਚੋਰਾਂ ਨੂੰ ਪਿੰਡ ਵਾਲਿਆਂ ਦੇ ਚੁੰਗਲ 'ਚੋਂ ਛੁਡਾਉਣ ਦੀ ਕੋਸ਼ਿਸ਼ ਹੀ ਨਹੀਂ ਕੀਤੀ।

ਇਹ ਪੁਲੀਸ 'ਤੇ ਲੋਕਾਂ ਦਾ ਵਿਸ਼ਵਾਸ ਉੱਠ ਜਾਣ ਦਾ ਸਿੱਟਾ ਹੈ ਕਿ ਵੈਸ਼ਾਲੀ ਜ਼ਿਲ੍ਹੇ ਦੇ ਰਾਜਪਾਕਰ ਦੀ ਘਟਨਾ ਨੂੰ ਮਿਲਾ ਕੇ ਪਿਛਲੇ ਡੇਢ ਸਾਲ 'ਚ ਸੂਬੇ 'ਚ 36 ਅਪਰਾਧੀ ਜਨਤਾ ਦੇ ਹੱਥੋਂ ਜਾਨ ਗਵਾ ਚੁੱਕੇ ਹਨ। ਰਾਜਾਪਾਕਰ ਦਾ ਕੇਸ ਅਜੇ ਠੰਢਾ ਨਹੀਂ ਹੋਇਆ ਸੀ ਕਿ ਸੀਤਾਮੜ੍ਹੀ 'ਚ ਇਕ ਸਰਪੰਚ ਨੇ ਇਕ ਨੌਜਵਾਨ ਨੂੰ ਚੋਰੀ ਦੇ ਦੋਸ਼ 'ਚ ਕੁੱਟ-ਕੁੱਟ ਕੇ ਮਾਰ ਦਿੱਤਾ। ਦਿਲਚਸਪ ਗੱਲ ਇਹ ਹੈ ਕਿ ਉਸ

ਨੌਜਵਾਨ ਨੂੰ ਚੋਰ ਵੀ ਇਕ ਸ਼ੱਕ ਦੇ ਆਧਾਰ 'ਤੇ ਮੰਨਿਆ ਗਿਆ ਸੀ। ਭੀੜ ਵੱਲੋਂ ਮੌਕੇ 'ਤੇ ਸਜ਼ਾ ਦੇਣ ਦੀ ਸ਼ੁਰੂਆਤ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਕਾਰਜਕਾਲ 'ਚ ਵੈਸ਼ਾਲੀ ਜ਼ਿਲੇ ਦੇ ਹੀ ਰਾਘੋਪੁਰ ਖੇਤਰ ਤੋਂ ਹੋਈ। ਸਾਬਕਾ ਮੁੱਖ ਮੰਤਰੀ ਤੇ ਵਿਰੋਧੀ ਧਿਰ ਦੇ ਨੇਤਾ ਰਾਬੜੀ ਦੇਵੀ ਦੇ ਚੋਣ ਖੇਤਰ ਰਾਘੋਪੁਰ 'ਚ ਦੋ ਮਾਸੂਮ ਬੱਚਿਆਂ ਸਮੇਤ ਪੰਜ ਲੋਕਾਂ ਨੂੰ ਜਿੰਦਾ ਸਾੜ ਦਿੱਤਾ ਗਿਆ ਸੀ। ਆਰਾ 'ਚ ਚਾਰ ਨਟਾਂ ਨੂੰ ਮੱਝ ਚੋਰ ਦੱਸ ਕੇ ਭੀੜ ਤਦ ਤੱਕ ਕੁੱਟਦੀ ਰਹੀ, ਜਦ ਤੱਕ ਉਹ ਮਰ ਨਹੀਂ ਗਏ। ਨਵਾਦਾ 'ਚ ਲੋਕਾਂ ਨੇ ਤਿੰਨ ਮੋਟਰਸਾਈਕਲ ਚੋਰਾਂ ਦੀਆਂ ਅੱਖਾਂ ਭੰਨ ਦਿੱਤੀਆਂ ਤਾਂ ਕਿ ਉਹ ਮੋਟਰਸਾਈਕਲ ਚੋਰੀ ਕਰਨ ਦੇ ਕਾਬਲ ਹੀ ਨਾ ਰਹਿਣ। ਲੋਕਾਂ ਨੂੰ ਡਰ ਸੀ ਕਿ ਪੁਲੀਸ ਪੈਸੇ ਲੈ ਕੇ ਉਨ੍ਹਾਂ ਨੂੰ ਛੱਡ ਦੇਵੇਗੀ ਅਤੇ ਉਹ ਫਿਰ ਮੋਟਰਸਾਈਕਲ ਚੋਰੀ ਕਰਨ ਲੱਗ ਜਾਣਗੇ। ਬੇਗੂਸਰਾਏ ਦੇ ਬਰੌਨੀ ਥਰਮਲ 'ਚ ਸੁਰੱਖਿਆ ਕਰਮੀਆਂ ਨੇ ਦੋ ਚੋਰਾਂ ਨੂੰ ਸਿਰਫ ਇਸ ਕਾਰਨ ਮਾਰ ਦਿੱਤਾ ਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਉਹ ਚੋਰੀ ਕਰਨ ਦੇ ਉਦੇਸ਼ ਨਾਲ ਕੈਂਪਸ 'ਚ ਘੁਸੇ ਹਨ। ਭਾਗਲਪੁਰ ਦੇ ਨਾਥਨਗਰ 'ਚ ਚੋਰੀ ਸਲੀਮ ਉਰਫ ਔਰੰਗਜ਼ੇਬ ਨੂੰ ਭੀੜ ਨੇ ਤਾਂ ਕੁੱਟਿਆਂ ਹੀ ਸੀ, ਉਥੇ ਮੌਜੂਦ ਪੁਲਸ ਕਰਮੀਆਂ ਨੇ ਉਨ੍ਹਾਂ ਨੂੰ ਬਚਾਉਣ ਦੀ ਬਜਾਏ ਮੋਟਰਸਾਈਕਲ ਨਾਲ ਬੰਨ੍ਹ ਕੇ ਘਸੀਟਿਆ। ਜਦ ਮਾਮਲੇ ਨੇ ਤੂਲ ਫੜਿਆ ਤਾਂ ਜਾ ਕੇ ਪੁਲਸੀਆਂ 'ਤੇ ਕਾਰਵਾਈ ਹੋਈ।

ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਲਾਏ ਜਾਂਦੇ ਜਨਤਾ ਦਰਬਾਰ 'ਚ ਪੁਲੀਸ ਨਾਲ ਸਬੰਧਤ ਸ਼ਿਕਾਇਤ ਦੇਖ ਕੇ ਮੁੱਖ ਮੰਤਰੀ ਦਾ ਵੀ ਸਿਰ ਚਕਰਾ ਜਾਂਦਾ ਹੈ। ਬਿਹਾਰ ਵਿਧਾਨ ਪ੍ਰੀਸ਼ਦ ਦੇ ਕਾਰਜਕਾਰੀ ਸਭਾਪਤੀ ਪ੍ਰੋ. ਅਰੁਣ ਕੁਮਾਰ ਅਨੁਸਾਰ, "ਰਾਜਸੀ ਪਾਰਟੀ ਦਾ ਪ੍ਰਸ਼ਾਸਨ 'ਤੇ ਜੋ ਚੈੱਕ ਚਾਹੀਦਾ ਹੈ ਉਹ ਹੈ ਨਹੀਂ। ਇਸੀ ਵਜ੍ਹਾ ਕਾਰਨ ਭ੍ਰਿਸ਼ਟਾਚਾਰ ਵਧਿਆ ਹੈ। ਲੋਕਾਂ ਦਾ ਵਿਸ਼ਵਾਸ ਪੁਲੀਸ ਤੋਂ ਬਿਲਕੁਲ ਉੱਠ ਚੁੱਕਿਆ ਹੈ ਅਤੇ ਲੋਕ ਮਜਬੂਰ ਹੋ ਕੇ ਖੁਦ ਫੈਸਲੇ ਕਰਨ ਲੱਗੇ ਹਨ।" ਪ੍ਰੋ. ਕੁਮਾਰ ਦਾ ਮੰਨਣਾ ਹੈ ਕਿ ਲੋਕ ਬੜੇ ਠੰਢੇ ਦਿਲ ਨਾਲ ਅਜਿਹੀ ਕਾਰਵਾਈ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਜਨਤਾ ਦਾ ਵਿਸ਼ਵਾਸ ਪੁਲੀਸ ਪ੍ਰਸ਼ਾਸਨ 'ਤੇ ਵਧੇ, ਯਤਨ ਕਰਨਾ ਤਾਂ ਸਰਕਾਰ ਦਾ ਫਰਜ਼ ਬਣਦਾ ਹੈ।

ਇਸ ਪ੍ਰਕਾਰ ਦੀਆਂ ਘਟਨਾਵਾਂ ਨਾਲ ਇਹ ਸਾਬਤ ਹੁੰਦਾ ਹੈ ਕਿ ਰਾਜ ਕਰਨ ਵਾਲੇ ਲੋਕਾਂ ਦੀ ਸੁਰੱਖਿਆ ਦੀ ਭੋਰਾ ਵੀ ਚਿੰਤਾ ਨਹੀਂ ਰੱਖਦੇ, ਬਲਕਿ ਮੁਨਾਫ਼ਾਖੋਰਾਂ ਦਾ ਸਾਥ ਦਿੰਦੇ ਹਨ। ਪੁਲੀਸ ਤਾਂ ਉੱਕਾ ਹੀ ਲੋਕ ਹਿੱਤਾਂ ਵੱਲ ਤਵੱਜੋ ਨਹੀਂ ਦਿੰਦੀ। ਜਨਤਾ ਦਾ ਗੁੱਸਾ ਥਾਂ-ਥਾਂ ਫੁੱਟ ਰਿਹਾ ਹੈ। ਜੱਜਾਂ ਦੀ ਇਹ ਟਿੱਪਣੀ ਜਾਇਜ਼ ਹੈ ਕਿ ਪੁਲੀਸ ਵਰਦੀ 'ਚ ਅਪਰਾਧੀਆਂ ਦਾ ਇਕ ਗਰੋਹ ਹੈ। ਪਰ ਇਸ ਦਾ ਖਮਿਆਜ਼ਾ ਤਾਂ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਹਾਕਮ ਚੈਨ ਦੀ ਨੀਂਦ ਸੌਂਦੇ ਹਨ, ਲੋਕ ਦੁੱਖ ਭੋਗਦੇ ਹਨ।

# ਮਾਇਆਵਤੀ-ਕਾਂਸ਼ੀਰਾਮ ਬਨਾਮ ਦਲਿਤ ਅੰਦੋਲਨ ਦੀ ਰਣਨੀਤੀ

ਜਿਵੇਂ ਕਿ ਹਮੇਸ਼ਾ ਹੁੰਦਾ ਹੈ, ਮਾਇਆਵਤੀ ਨੇ ਕਿਹਾ ਹੈ ਕਿ ਮੁਸਲਮਾਨਾਂ ਸਬੰਧੀ ਉਨ੍ਹਾਂ ਦੀ ਗੱਲ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਪ੍ਰਚਾਰ ਮਾਧਿਅਮਾਂ ਨੇ ਦੱਸਿਆ ਸੀ ਕਿ ਮਾਇਆਵਤੀ ਨੇ ਆਪਣੇ ਇਕ ਭਾਸ਼ਣ ਵਿਚ ਮੁਸਲਮਾਨਾਂ ਨੂੰ ਕੱਟੜਪੰਥੀ ਕਿਹਾ। ਇਹ ਮੁਸਲਮਾਨਾਂ ਸਬੰਧੀ ਲਗਭਗ ਸੰਘ ਪਰਵਾਰ ਵਰਗਾ ਬਿਆਨ ਸੀ। ਇਨ੍ਹਾਂ ਦੇ ਇਸ ਬਿਆਨ 'ਤੇ ਵਾਵੇਲਾ ਮੱਚਣਾ ਹੀ ਸੀ ਤੇ ਮੱਚਿਆ ਵੀ। ਕਈ ਦਿਨਾਂ ਤਕ ਪ੍ਰਤੀਕ੍ਰਿਆ ਵੇਖਣ ਪਿਛੋਂ ਮਾਇਆਵਤੀ ਨੇ ਇਸ ਗੱਲ ਦਾ ਖੰਡਨ ਕੀਤਾ ਤੇ ਕਿਹਾ ਕਿ ਉਸ ਦੀ ਗੱਲ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਮਾਇਆਵਤੀ ਜੋ ਮਰਜ਼ੀ ਕਹੇ, ਉਨ੍ਹਾਂ ਦਾ ਬਿਆਨ ਐਵੇਂ ਹੀ ਨਹੀਂ ਆਇਆ। ਉਨ੍ਹਾਂ ਦਾ ਇਹ ਬਿਆਨ ਉੱਤਰ ਪ੍ਰਦੇਸ਼ ਵਿਚ ਬਦਲਦੇ ਜਾਤੀ ਸਮੀਕਰਣਾਂ ਦੀ ਰੋਸ਼ਨੀ 'ਚ ਆਇਆ ਸੀ। ਜਦ ਬਸਪਾ ਦਾ ਜਨਮ ਹੋਇਆ ਸੀ, ਉਹ ਸਵਰਣ ਹਿੰਦੂਆਂ ਤੋਂ ਇਲਾਵਾ ਸੱਭ ਨੂੰ ਬਹੁਜਨ ਮੰਨਦੇ ਹੋਇਆਂ ਲਾਮਬੰਦ ਕਰਨ ਦੀ ਗੱਲ ਕਰਦੀ ਸੀ। ਜਦਕਿ ਇਸ ਤਰ੍ਹਾਂ ਦੀ ਗੱਲ ਸੰਭਵ ਹੀ ਨਹੀਂ ਸੀ। ਇਹ ਖ਼ੁਦ ਮਾਇਆਵਤੀ ਵੱਲੋਂ ਮੰਨੀ ਹੋਈ ਗੱਲ ਹੈ ਕਿ ਪਿਛਲੇ ਅਕਤੂਬਰ ਨਵੰਬਰ 'ਚ ਹੋਈਆਂ ਸਥਾਨਕ ਚੋਣਾਂ 'ਚ ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਨਿਰਦੇਸ਼ ਦਿਤਾ ਸੀ ਕਿ ਉਹ ਉਸ ਉਮੀਦਵਾਰ ਨੂੰ ਵੋਟ ਦੇਣ ਜੋ ਸਮਾਜਵਾਦੀ ਪਾਰਟੀ ਨੂੰ ਹਰਾਉਣ ਦੇ ਸੱਭ ਤੋਂ ਵੱਧ ਯੋਗ ਹੋਵੇ। ਨਤੀਜੇ ਵੱਜੋਂ, ਜ਼ਿਆਦਾਤਰ ਥਾਈਂ ਬਸਪਾ ਸਮਰਥਕਾਂ ਨੇ ਭਾਜਪਾ ਨੂੰ ਵੋਟ ਦਿਤੇ। ਇਨ੍ਹਾਂ ਚੋਣਾਂ 'ਚ ਭਾਜਪਾ ਦੀ ਆਸ ਨਾਲੋਂ ਵੱਧ ਜਿੱਤ ਦਾ ਕਾਰਨ ਇਹੀ ਸੀ। ਕੁੱਝ ਮਹੀਨਿਆਂ 'ਚ ਉੱਤਰ ਪ੍ਰਦੇਸ਼ 'ਚ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਇਸ ਦੇ ਮੱਦੇਨਜ਼ਰ ਸਾਰੀਆਂ ਪਾਰਟੀਆਂ ਵਿਚ ਜੋੜ-ਤੋੜ ਹੋ ਰਿਹਾ ਹੈ। ਇਹ ਜੋੜ-ਤੋੜ ਕਿਸ ਪੱਧਰ ਦੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਪਾ ਨੇਤਾ ਮੁਲਾਇਮ ਸਿੰਘ ਨੇ ਕਿਹਾ ਹੈ ਕਿ ਜੇ ਭਾਜਪਾ ਆਪਦੇ ਤਿੰਨ ਵਿਵਾਦਗ੍ਰਸਤ ਮੁੱਦੇ-ਰਾਮ ਮੰਦਰ, ਧਾਰਾ-370, ਤੇ ਬਰਾਬਰ ਨਾਗਰਿਕ ਸੰਹਿਤਾ ਛੱਡ ਦੇਵੇ ਤਾਂ ਭਾਜਪਾ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ। ਗ਼ੌਰ ਕਰਨ ਦੀ ਗੱਲ ਇਹ ਹੈ ਕਿ ਇਨ੍ਹਾਂ ਤਿੰਨਾਂ ਮੁੱਦਿਆਂ ਨੂੰ ਪਾਸੇ ਰੱਖ ਕੇ ਰਾਜਗ ਦਾ ਗਠਨ ਕੀਤਾ ਗਿਆ ਸੀ ਜਿਸ ਨੇ 7 ਸਾਲ ਤਕ ਕੇਂਦਰ 'ਚ ਸਰਕਾਰ ਚਲਾਈ। ਯਾਨੀ ਮੁਲਾਇਮ ਸਿੰਘ ਉਸ ਨਾਲ ਮਿਲਦੇ ਜੁਲਦੇ ਕਿਸੇ ਸਮਝੌਤੇ 'ਤੇ ਭਾਜਪਾ ਨਾਲ ਹੱਥ ਮਿਲਾਉਣ ਨੂੰ ਤਿਆਰ ਹੈ। ਦੂਜੇ ਪਾਸੇ ਮਾਇਆਵਤੀ ਵੀ ਆਪਣੀ ਪੁਜ਼ੀਸ਼ਨ ਬਣਾਉਣ 'ਚ ਲੱਗੇ ਹੋਈ ਹੈ। ਉਸ ਦੇ ਸਾਹਮਣੇ ਕਾਂਗਰਸ ਤੇ ਭਾਜਪਾ ਦੋਹਾਂ ਨਾਲ ਹੀ ਗੱਠਜੋੜ ਬਣਾਉਣ ਲਈ ਰਾਹ ਖੁੱਲ੍ਹੇ ਹਨ। ਦੋਹਾਂ ਦੇ ਆਪਣੇ ਆਪਣੇ ਫ਼ਾਇਦੇ-ਨੁਕਸਾਨ ਹਨ। ਮਾਇਆਵਤੀ ਉਨ੍ਹਾਂ ਨੂੰ ਤੋਲ ਰਹੀ ਹੈ ਅਤੇ ਆਪਣੇ ਵਿਕਲਪ ਖੁੱਲ੍ਹੇ ਰੱਖ ਰਹੀ ਹੈ। ਇਹ ਗ਼ੌਰ ਕਰਨ ਵਾਲੀ ਗੱਲ ਹੈ ਕਿ ਮਾਇਆਵਤੀ ਨੇ ਮੁਸਲਮਾਨਾਂ ਦੇ ਕੱਟੜ ਹੋਣ ਦੀ ਗੱਲ ਉਦੋਂ ਕਹੀ ਜਦੋਂ

ਉਹ ਬ੍ਰਾਹਮਣ ਸੰਮੇਲਨ ਆਯੋਜਿਤ ਕਰਵਾ ਰਹੀ ਸੀ, ਯਾਨੀ ਠੀਕ ਉਸੇ ਸਮੇਂ ਜਦੋਂ ਉਹ ਸਵਰਣ ਹਿੰਦੂਆਂ ਦੇ ਸਿਰਮੌਰ ਬ੍ਰਾਹਮਣਾਂ ਦੀ ਚੌਂਕੀ ਭਰ ਰਹੀ ਸੀ ਤੇ ਠੀਕ ਉਸੇ ਸਮੇਂ ਉਹ ਮੁਸਲਮਾਨਾਂ ਨੂੰ ਵੀ ਗਾਲ੍ਹਾਂ ਕੱਢ ਰਹੀ ਸੀ। ਬ੍ਰਾਹਮਣੀ ਵਰਣ ਵਿਵਸਥਾ ਦੇ ਵਿਰੋਧ ਤੋਂ ਪੈਦਾ ਹੋਈ, ਮਾਇਆ-ਕਾਂਸ਼ੀਰਾਮ ਬ੍ਰਾਂਡ ਦਲਿਤ ਅੰਦੋਲਨ ਦੀ ਇਹ ਸਿਰੇ ਦੀ ਰਣਨੀਤੀ ਸੀ। ਮਾਇਆਵਤੀ-ਕਾਂਸ਼ੀਰਾਮ ਬਰਾਂਡ ਦਲਿਤ ਅੰਦੋਲਨ ਦੀ ਇਹ ਰਣਨੀਤੀ ਜਾਤੀ ਵਿਵਸਥਾ 'ਚ ਹੋਈ ਤਬਦੀਲੀ ਨੂੰ ਹੀ ਉਜਾਗਰ ਕਰਦੀ ਹੈ। 20-25 ਸਾਲ ਪਹਿਲਾਂ ਇਹ ਅੰਦੋਲਨ ਬਸਪਾ ਦੇ ਗਠਨ ਦੇ ਰੂਪ 'ਚ ਸ਼ੁਰੂ ਹੋਇਆ ਸੀ ਜਦ ਉੱਤਰ ਪ੍ਰਦੇਸ਼ 'ਚ ਦਲਿਤਾਂ ਅੰਦਰ ਇਕ ਮੱਧ ਵਰਗ ਪੈਦਾ ਹੋ ਗਿਆ ਸੀ ਅਤੇ ਵੱਧ ਫੁੱਲ ਰਿਹਾ ਸੀ। ਇਨ੍ਹਾਂ ਉੱਤੇ ਤੇ ਮੱਧ ਵਰਗ ਦੇ ਦਲਿਤਾਂ ਲਈ ਜਾਤੀਗਤ ਨਿਆਂ ਦੀ ਸਮਾਪਤੀ ਤੇ ਸਨਮਾਨ ਦੀ ਪ੍ਰਾਪਤੀ ਲਈ ਬਾਕੀ ਗ਼ਰੀਬ ਦਲਿਤਾਂ ਨੂੰ ਲਾਮਬੰਦ ਕੀਤਾ। ਜਾਤੀ ਵਿਵਸਥਾ ਹੁਣ ਢਿੱਲੀ ਕਰ ਦਿਤੀ ਗਈ ਸੀ ਤਾਕਿ ਗ਼ਰੀਬ ਦਲਿਤ ਲਾਮਬੰਦ ਹੋ ਸਕਣ। ਭਾਰਤੀ ਰਣਨੀਤੀ ਦੀ ਚੋਣ ਪ੍ਰਣਾਲੀ ਨੇ ਇਸ ਲਈ ਅੱਛਾ ਮੌਕਾ ਪ੍ਰਦਾਨ ਕੀਤਾ। ਇਸ ਦੇ ਜ਼ਰੀਏ ਸੱਤਾ ਤਕ ਪਹੁੰਚਿਆ ਜਾ ਸਕਦਾ ਸੀ ਤੇ ਸੱਤਾ ਦੇ ਜ਼ਰੀਏ ਸਮਾਜਕ ਨਿਆਂ ਹਾਸਲ ਕਰਨਾ ਇਸ ਦਾ ਟੀਚਾ ਸੀ ਅਤੇ ਸਵਰਣ-ਵਿਰੋਧ ਦਲਿਤ ਲਾਮਬੰਦੀ ਦਾ ਮੁੱਖ ਨਾਹਰਾ। ਇਸ ਤਰ੍ਹਾਂ ਇਹ ਲਾਮਬੰਦੀ ਬਣੀ। ਉਚ ਤੇ ਮੱਧ ਵਰਗੀ ਦਲਿਤਾਂ ਦੀਆਂ ਪੌਂ ਬਾਰਾਂ ਹੋ ਗਈਆਂ। ਸੱਤਾ ਦੀ ਵਰਤੋਂ ਕਰ ਕੇ ਇਨ੍ਹਾਂ 'ਚੋਂ ਕਈ ਮਾਲਾਮਾਲ ਹੋ ਗਏ। ਗ਼ਰੀਬ ਦੀ ਬੇਟੀ ਮਾਇਆਵਤੀ ਅਰਬਪਤੀ ਹੋ ਗਈ। ਪਰ ਇਹ ਸਫ਼ਲਤਾ ਹੀ ਇਸ ਮਾਇਆਵਤੀ-ਕਾਂਸ਼ੀਰਾਮ ਬ੍ਰਾਂਡ ਦਲਿਤ ਅੰਦੋਲਨ ਦੇ ਪਤਨ ਦਾ ਕਾਰਨ ਬਣੀ। ਜਲਦੀ ਹੀ ਇਹ ਸਪੱਸ਼ਟ ਹੋ ਗਿਆ ਕਿ ਉੱਪਰ ਪ੍ਰਦੇਸ਼ 'ਚ ਜਾਤੀਗਤ ਵੰਡ ਦੇ ਸਮੀਕਰਣਾਂ ਦੇ ਚਲਦਿਆਂ, ਸਾਰੇ ਬਹੁਜਨ, ਬਸਪਾ ਪਿੱਛੇ ਲਾਮਬੰਦ ਨਹੀਂ ਹੋ ਸਕਦੇ। ਇਸ ਲਈ ਬਸਪਾ ਨੇ ਜੇ ਸੱਤਾ ਹਾਸਲ ਕਰਨੀ ਹੈ ਤਾਂ ਹੋਰਨਾਂ ਪਾਰਟੀਆਂ ਨਾਲ ਗੱਠਜੋੜ ਕਰਨਾ ਹੋਵੇਗਾ-ਮੌਕਾਪ੍ਰਸਤ ਗੱਠਜੋੜ। ਇਹੀ ਨਹੀਂ, ਜੇ ਬਸਪਾ ਨੇ ਆਪਣੀ ਤਾਕਤ ਵਧਾਉਣੀ ਹੈ ਤਾਂ ਉਸ ਨੂੰ ਬਹੁਜਨ ਤੋਂ ਇਲਾਵਾ ਹੋਰਨਾਂ ਯਾਨੀ ਸਵਰਣਾਂ ਨੂੰ ਵੀ ਸ਼ਾਮਲ ਕਰਨਾ ਹੋਵੇਗਾ। ਇਸ ਤੋਂ ਇਲਾਵਾ ਕੋਈ ਵਿਕਲਪ ਨਹੀਂ ਸੀ ਅਤੇ ਬਸਪਾ ਲੀਡਰਸ਼ਿਪ ਅਤੇ ਮੁੱਖ ਵਰਕਰ ਇਸ ਦੇ ਲਈ ਤਿਆਰ ਸਨ। ਇਸ ਅੰਦੋਲਨ ਤੇ ਸੱਤਾ ਦੇ ਚਲਦਿਆਂ, ਦਲਿਤ ਮੱਧ ਵਰਗ ਤੇ ਉਚ ਵਰਗ ਨੂੰ ਲੋੜੀਂਦਾ ਸਨਮਾਨ ਮਿਲ ਚੁਕਿਆ ਸੀ ਤੇ ਉਸ ਨੂੰ ਇਸ ਤੋਂ ਵੱਧ ਚਿੰਤਾ ਅਤੇ ਆਰਥਕ ਹਿਤਾਂ ਦੀ ਸੀ ਜੋ ਸੱਤਾ ਨਾਲ ਹੀ ਪੂਰੇ ਹੋ ਸਕਦੇ ਸਨ ਅਤੇ ਖ਼ੁਦ ਸੱਤਾ ਉਪ੍ਰੋਕਤ ਤਰੀਕੇ ਨਾਲ ਹੀ ਮਿਲ ਸਕਦੀ ਸੀ। ਇਸ ਤਰ੍ਹਾਂ ਬਸਪਾ ਦੀ ਮੌਕਾਪ੍ਰਸਤ ਰਾਜਨੀਤੀ ਦਾ ਇਕ ਨਵਾਂ ਅਧਿਆਇ ਸ਼ੁਰੂ ਹੋਇਆ-ਸਵਰਣ ਹਿੰਦੂਆਂ ਨੂੰ ਖਿੱਚਣ ਦਾ। ਦਲਿਤਾਂ 'ਚ ਪੈਦਾ ਹੋਇਆ ਮੱਧ ਤੇ ਉਚ ਵਰਗ ਕਿਥੇ ਪੁੱਜ ਗਿਆ ਹੈ ਤੇ ਇਸ ਦੇ ਹਿਤ ਗ਼ਰੀਬ ਦਲਿਤਾਂ ਦੇ ਹਿਤਾਂ ਨਾਲ ਕਿੰਨੇ ਵਿਰੋਧੀ ਹੋ ਗਏ ਹਨ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਅਖੌਤੀ ਦਲਿਤ ਬੁਧੀਜੀਵੀ ਹੁਣ ਜਾਤਪਾਤ ਪ੍ਰਬੰਧ ਖ਼ਤਮ ਕਰਨ ਦੀ ਨਹੀਂ ਸਗੋਂ ਉਸ ਦੀ ਵਰਤੋਂ ਕਰਨ ਦੀ ਗੱਲ ਕਰਨ ਲੱਗੇ ਹਨ। ਕਿਉਂਕਿ ਇਸ ਦੇ ਰਾਹੀਂ ਉਚ ਤੇ ਮੱਧ ਦਲਿਤ ਵਰਗ ਨੂੰ ਗ਼ਰੀਬ ਦਲਿਤਾਂ ਨੂੰ ਅਪਣੇ ਪਿਛੇ ਲਾਮਬੰਦ ਕਰਨ 'ਚ ਮਦਦ ਮਿਲਦੀ ਹੈ ਕਿ ਉਹ 'ਕ੍ਰੀਮੀ ਲੇਅਰ' ਨੀਤੀ ਦੇ ਕਿੰਨੇ

ਵਿਰੁਧ ਹਨ। ਵੱਖ-ਵੱਖ ਤਰਕਾਂ ਦੀ ਆੜ ਵਿਚ ਉਹ ਇਹ ਗੱਲ ਛਿਪਾ ਜਾਂਦੇ ਹਨ ਕਿ ਕ੍ਰੀਮੀ ਲੇਅਰ ਨੀਤੀ ਦਾ ਉਹ ਇਸ ਲਈ ਵਿਰੋਧ ਕਰਦੇ ਹਨ ਕਿਉਂਕਿ ਇਸ ਨਾਲ ਉਨ੍ਹਾਂ ਦੇ ਆਪਣੇ ਬੇਟੇ-ਬੇਟੀਆਂ ਸਹੂਲਤਾਂ ਹਾਸਲ ਕਰਨ ਤੋਂ ਵਾਂਝੇ ਹੋ ਜਾਣਗੇ। ਇਕ ਪਾਸੇ ਉਹ ਜਾਤੀ ਵਿਵਸਥਾ ਬਣਾਈ ਰਖ ਕੇ ਗ਼ਰੀਬ ਦਲਿਤਾਂ ਨੂੰ ਆਪਣੇ ਪਿਛੇ ਲਾਮਬੰਦ ਕਰ ਕੇ, ਉਸ ਦਾ ਫ਼ਾਇਦਾ ਉਠਾਉਣਾ ਚਾਹੁੰਦੇ ਹਨ ਅਤੇ ਦੂਜੇ ਪਾਸੇ ਗ਼ਰੀਬ ਦਲਿਤਾਂ ਦੇ ਮੁਕਾਬਲੇ ਰਾਖਵੇਂਕਰਨ 'ਚ ਆਪਣੇ ਬੇਟੇ-ਬੇਟੀਆਂ ਨੂੰ ਤਰਜੀਹ ਦੇਣਾ ਚਾਹੁੰਦੇ ਹਨ। ਆਉਣ ਵਾਲੇ ਦਿਨਾਂ ਵਿਚ ਜਾਤੀਗਤ ਲਾਮਬੰਦੀ ਦੀਆਂ ਹੱਦਾਂ ਹੋਰ ਸਪੱਸ਼ਟ ਹੋਣਗੀਆਂ। ਜਮਾਤ ਦੇ ਆਧਾਰ 'ਤੇ ਧਰੁਵੀਕਰਣ ਤੇਜ਼ੀ ਨਾਲ ਵਧੇਗਾ। ਇਹ ਬਹੁਤ ਚੰਗੀ ਗੱਲ ਹੋਵੇਗੀ। ਸਾਰੇ ਸੰਕੇਤ ਇਸੇ ਪਾਸੇ ਹਨ।

# ਮੈਲੀ ਦੀ ਮੈਲੀ ਰਹੀ ਗੰਗਾ ਪਰ ਕਈਆਂ ਨੇ ਭਰੀਆਂ ਜੇਬਾਂ

ਸਸਤੀ ਹਰਮਨ ਪਿਆਰਤਾ ਦੇ ਭਾਗੀਰਥ ਯਤਨਾਂ ’ਤੇ ਮਿਹਰਬਾਨ ਨਹੀਂ ਹੋਈ ਗੰਗਾ। ਹਾਂ ਇਹ ਜ਼ਰੂਰ ਹੋਇਆ ਕਿ ਗੰਗਾ ’ਚ ਕਰੋੜਾਂ ਰੁਪਏ ਵਹਾ ਕੇ ਰਜਦੇ-ਪੁਜਦੇ ਬਣਨ ਦੀਆਂ ਮੁਰਾਦਾਂ ਕਈਆਂ ਦੀਆਂ ਪੂਰੀਆਂ ਹੋ ਗਈਆਂ। ਡੇਢ ਦਹਾਕੇ ਪਹਿਲਾਂ ਤਕ ਬਿਹਾਰ ਦੀ ਰਾਜਧਾਨੀ ਪਟਨਾ ਦੀ ਸ਼ਾਨ ਕਹੀ ਜਾਣ ਵਾਲੀ ਗੰਗਾ ਨਦੀ ਹੁਣ ਰੁਸ ਕੇ ਕਰੀਬ ਪੰਜ ਕਿਲੋਮੀਟਰ ਦੂਰ ਹੋ ਗਈ ਹੈ। ਇਥੋਂ ਤਕ ਕਿ ਗੰਗਾ ਦੀ ਧਾਰਾ ਮਹੀਨਿਆਂ ਬੱਧੀ ਸੁੱਕੀ ਰਹਿੰਦੀ ਹੈ। ਰਾਜੀਵ ਗਾਂਧੀ ਦੀ ਸਰਕਾਰ ਸਮੇਂ ਸ਼ੁਰੂ ਕੀਤੀ ਗਈ ਗੰਗਾ ਨੂੰ ਪ੍ਰਦੂਸ਼ਣ ਮੁਕਤ ਕਰਾਉਣ ਦੀ ਕਾਰਜ ਯੋਜਨਾ ਤੋਂ ਲੈ ਕੇ ਐਨ. ਡੀ. ਏ. ਸਰਕਾਰ ’ਚ ਸ਼ਤਰੂਘਨ ਸਿਨਹਾ ਤੇ ਸੂਬੇ ਦੀ ਰਾਬੜੀ ਸਰਕਾਰ ਵਿਚ ਤਿੰਨ ਸਾਲ ਪਹਿਲਾਂ ਰਾਜਦ ਸੁਪਰੀਮੋ ਲਾਲੂ ਪ੍ਰਸ਼ਾਦ ਵਲੋਂ ਡੰਕੇ ਦੀ ਚੋਟ ’ਤੇ ਗੰਗਾ ਨੂੰ ਵਾਪਸ ਪਟਨਾ ਦੇ ਕਿਨਾਰੇ ਲਿਆਉਣ ਦੇ ਦਾਅਵਿਆਂ ਦਾ ਸਿੱਟਾ ਜ਼ੀਰੋ ਹੋ ਰਿਹਾ ਹੈ ਜਦਕਿ ਇਨ੍ਹਾਂ ਯੋਜਨਾਵਾਂ ਲਈ ਸਰਕਾਰੀ ਖ਼ਜਾਨੇ ਦਾ ਮੂੰਹ ਖੋਲ੍ਹਣ ’ਚ ਕੋਈ ਕੋਤਾਹੀ ਨਹੀਂ ਕੀਤੀ ਗਈ। ਕੌਂਸਲ ਫ਼ਾਰ ਪ੍ਰੋਟੈਕਸ਼ਨ ਆਫ਼ ਲੀਗਲ ਰਾਈਟਸ ਵਲੋਂ ਦਾਇਰ ਇੱਕ ਜਨਹਿਤ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਪਟਨਾ ਹਾਈਕੋਰਟ ਨੇ, ਕੇਂਦਰ ਤੇ ਰਾਜਸਰਕਾਰ ਤੋਂ, ਛੇ ਹਫ਼ਤਿਆਂ ’ਚ ਜਵਾਬ ਮੰਗਿਆ ਹੈ। ਪਟੀਸ਼ਨ ’ਚ ਗੰਗਾ ਤੋਂ ਗਾਰ ਦੀ ਸਫ਼ਾਈ ਤੇ ਇਸ ਨੂੰ ਪ੍ਰਦੂਸ਼ਣ ਮੁਕਤ ਕਰਵਾਉਣ ਦੀਆਂ ਯੋਜਨਾਵਾਂ ’ਚ ਭਾਰੀ ਘਪਲੇ ਹੋਏ ਹਨ।

ਗੰਗਾ ਕਾਰਜ ਯੋਜਨਾ ਦੇ ਤਹਿਤ ਪਹਿਲੇ ਪੜਾਅ ’ਚ ਬਿਹਾਰ ਦੇ ਬਕਸਰ ਤੋਂ ਰਾਜ ਮਹਲ ਤਕ ਕਰੀਬ ਸਾਢੇ ਪੰਜ ਸੌ ਕਿਲੋਮੀਟਰ ਲੰਮੀ ਗੰਗਾ ਨਦੀ ਲਈ 1986 ’ਚ 53 ਕਰੋੜ ਰੁਪਏ ਦੀਆਂ 45 ਯੋਜਨਾਵਾਂ ਮਨਜ਼ੂਰ ਹੋਈਆਂ। ਇਸ ਵਿਚ ਪਟਨਾ, ਛਪਰਾ, ਭਾਗਲਪੁਰ, ਮੁੰਗੇਰ, ਬਕਸਰ ਜ਼ਿਲਿਆਂ ’ਚ ਵੱਖ-ਵੱਖ ਸੀਵਰੇਜ ਟਰੀਟਮੈਂਟ ਪਲਾਂਟ, ਨਦੀ ਤਟ ਵਿਕਾਸ, ਜਨਤਕ ਟੱਟੀਆਂ, ਬਿਜਲੀ ਘਰ, ਅੰਡਰ ਗਰਾਊਂਡ ਨਾਲਾ ਨਿਰਮਾਣ ਦੀਆਂ ਯੋਜਨਾਵਾਂ ਸ਼ਾਮਲ ਸਨ। ਇਸ ਕਾਰਜ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਬਿਹਾਰ ਰਾਜ ਜ਼ਿਲ੍ਹਾ ਪ੍ਰੀਸ਼ਦ ਨੂੰ ਸੌਂਪੀ ਗਈ। ਸਾਲ 1986 ਤੋਂ 2000 ਵਿਚਕਾਰ ਬੋਰਡ ਨੂੰ 52.77 ਕਰੋੜ ਰੁਪਏ ਦੀ ਗਰਾਂਟ ਮਿਲੀ। ਜਲ ਬੋਰਡ ਦਾ ਦਾਅਵਾ ਹੈ ਕਿ ਪਹਿਲੇ ਪੜਾਅ ’ਚ 45 ’ਚੋਂ 43 ਯੋਜਨਾਵਾਂ ਪੂਰੀਆਂ ਕਰ ਲਈਆਂ ਗਈਆਂ। ਸਿਰਫ਼ ਪਟਨਾ ਦੇ ਕਰਮੌਲੀ ਚੱਕ ਅਤੇ ਮੁੰਗੇਰ ਦੀ ਇਕ ਯੋਜਨਾ ਭੂਮੀ-ਪੂਜਾ ’ਚ ਅੜਿੱਕੇ ਕਾਰਨ ਅਧੂਰੀ ਰਹਿ ਗਈ ਸੀ। ਦੂਜੇ ਪੜਾਅ ’ਚ ਰਾਜ ਦੇ 11 ਸ਼ਹਿਰਾਂ ਨੂੰ ਗੰਗਾ ਕਾਰਜ ਯੋਜਨਾ ’ਚ ਸ਼ਾਮਲ ਕਰ ਕੇ 40 ਨਵੀਆਂ ਯੋਜਨਾ ’ਚ ਕੇਂਦਰ ਤੇ ਰਾਜ ਸਰਕਾਰ ਦੋਹਾਂ ਦੀ ਨੌਕਰਸ਼ਾਹੀ ਦਾ ਰਵਈਆ ਇਕੋ ਜਿਹਾ ਰਿਹਾ ਹੈ। ਉਹ ਇਸ ਨੂੰ ਕਿਸੇ ਨਤੀਜੇ ਤਕ ਪਹੁੰਚਾਉਣ ਦੀ ਬਜਾਏ ਦਿਖਾਵਾ ਵੱਧ ਕਰ ਰਹੀ ਹੈ। ਇਸ ਕਾਰਨ ਪਟਨਾ ’ਚ ਤਾਂ ਇਸ ਦੇ ਤਹਿਤ ਕਰਵਾਏ ਗਏ ਕਈ ਕੰਮ ਵਰਦਾਨ ਦੀ ਬਜਾਏ ਸਰਾਪ ਬਣ ਗਏ ਹਨ। ਜਲ ਪ੍ਰੀਸ਼ਦ ਸੂਤਰਾਂ ਦਾ ਕਹਿਣਾ ਹੈ ਕਿ ਯੋਜਨਾਵਾਂ ਨੂੰ ਮਨਜ਼ੂਰੀ ਦਿੰਦੇ ਸਮੇਂ ਦੂਰ ਦ੍ਰਿਸ਼ਟੀ ਦੀ ਵੱਡੀ ਘਾਟ ਰਹੀ ਹੈ। ਬਿਹਾਰ ਵਲੋਂ 15 ਸਾਲਾਂ ’ਚ

ਆਬਾਦੀ ਤੇ ਉਸ ਅਨੁਪਾਤ 'ਚ ਗੰਦਗੀ 'ਚ ਵਾਧੇ ਦੇ ਅਨੁਮਾਨਾਂ ਨੂੰ ਧਿਆਨ 'ਚ ਰੱਖ ਕੇ ਯੋਜਨਾ ਭੇਜੀ ਗਈ ਤਾਂ ਇਸ ਨੂੰ ਖ਼ਾਰਜ ਕਰ ਦਿਤਾ ਗਿਆ ਅਤੇ ਕਿਹਾ ਗਿਆ ਕਿ ਪੰਜ ਸਾਲ ਦੇ ਅਰਸੇ ਨੂੰ ਧਿਆਨ ਵਿਚ ਰੱਖ ਕੇ ਯੋਜਨਾਵਾਂ ਦੀ ਰੂਪ ਰੇਖਾ ਤਿਆਰ ਕੀਤੀ ਜਾਵੇ ਜਦਕਿ ਯੋਜਨਾਵਾਂ ਨੂੰ ਪੂਰਾ ਕਰਨ 'ਚ ਹੀ ਪੰਜ ਸਾਲ ਲਗਣੇ ਸਨ। ਇਸ ਤੋਂ ਇਲਾਵਾ ਉਸ ਸਮੇਂ ਰੋਜ਼ਾਨਾ 13.5 ਕਰੋੜ ਲਿਟਰ ਗੰਦਗੀ ਦੇ ਵਾਹਅ ਦੇ ਬਾਵਜੂਦ 10.5 ਕਰੋੜ ਲੀਟਰ ਯੋਗਤਾ ਦੇ ਹੀ ਜਲ ਸਫ਼ਾਈ ਯੰਤਰਾਂ ਨੂੰ ਮਨਜ਼ੂਰੀ ਦਿਤੀ ਗਈ। ਇਸ ਦਾ ਹਸ਼ਰ ਇਹ ਹੋਇਆ ਕਿ ਸੀਵਰੇਜ ਪਲਾਂਟਾਂ ਲਈ ਵਿਛਾਇਆਂ ਗਈਆਂ ਪਾਈਪਾਂ ਜਾਮ ਹੋ ਗਈਆਂ ਤੇ ਉਸ 'ਚ ਚੂਹਿਆਂ ਨੇ ਆਪਣੀ ਖੁੱਡਾਂ ਬਣਾ ਲਈਆਂ। ਇਸ ਲਈ ਸ਼ੱਕ ਇਹ ਵੀ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਵੱਧ ਗਰਮੀ ਪੈਣ ਸਮੇਂ ਕਿਤੇ ਪਟਨੇ 'ਚ ਪਲੇਗ ਹੀ ਨਾ ਫੈਲ ਜਾਵੇ। ਵੈਸੇ ਵਿਧਾਨ ਸਭਾ ਦੀ ਵਾਤਾਵਰਣ ਤੇ ਪ੍ਰਦੂਸ਼ਣ ਕੰਟਰੋਲ ਸੰਮਤੀ ਨੇ ਦਸਿਆ ਸੀ ਕਿ ਗੰਗਾ ਕਾਰਜ ਯੋਜਨਾ 'ਚ ਕੰਮ ਕਾਗਜ਼ਾਂ 'ਚ ਹੀ ਪੂਰੇ ਕੀਤੇ ਗਏ ਹਨ। ਰੀਪੋਰਟ 'ਚ ਕਿਹਾ ਗਿਆ ਸੀ ਕਿ ਸੰਮਤੀ ਇਹ ਮੰਨਣ ਲਈ ਮਜਬੂਰ ਹੈ ਕਿ ਬਿਹਾਰ ਰਾਜ ਜਲ ਪ੍ਰੀਸ਼ਦ ਇਕ ਅਪਾਹਜ ਸੰਸਥਾ ਹੈ ਜਿਸ ਕੋਲ ਨਾ ਤਾਂ ਕੋਈ ਸਭਿਆਚਾਰ ਹੈ ਤੇ ਨਾ ਹੀ ਕਾਰਜ ਯੋਗਤਾ। ਇਸ ਵਲੋਂ ਵਿਛਾਇਆਂ ਗਈਆਂ ਸੀਵਰੇਜ ਲਾਈਨਾਂ ਠੀਕ ਢੰਗ ਨਾਲ ਕੰਮ ਨਹੀਂ ਕਰ ਰਹੀਆਂ। ਕਈ ਥਾਵਾਂ 'ਤੇ ਸੀਵਰੇਜ ਲਾਈਨਾਂ ਨੂੰ ਪੰਪ ਹਾਊਸ ਤਕ ਜੋੜਿਆ ਤਕ ਨਹੀਂ ਜਾ ਸਕਿਆ। ਪ੍ਰੀਸ਼ਦ ਨੇ 25 ਫ਼ੀ ਸਦੀ ਕੰਮ ਕਰਵਾ ਕੇ ਸੌ ਫ਼ੀ ਸਦੀ ਕੰਮ ਪੂਰਾ ਕਰਨ ਦਾ ਦਾਅਵਾ ਕੀਤਾ ਹੈ। ਰੀਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਸ਼ਹਿਰ 'ਚ ਵਗਣ ਵਾਲੇ ਗੰਦੇ ਪਾਣੀ ਤੇ ਸਾਫ਼ ਕੀਤੇ ਪਾਣੀ ਦੇ ਨਮੂਨਿਆਂ 'ਚ ਵੀ ਕਈ ਤਰੁਟੀਆਂ ਜਾਂਚ ਦੌਰਾਨ ਸਾਹਮਣੇ ਆਈਆਂ ਹਨ। ਇਸ ਵਿਚ ਆਪਾ-ਵਿਰੋਧੀ ਅਨਿਯਮਤਾਵਾਂ ਇਸੇ ਗੱਲ ਦਾ ਇਸ਼ਾਰਾ ਕਰਦੀਆਂ ਹਨ। ਦਰਅਸਲ ਗੰਗਾ ਕਾਰਜ ਯੋਜਨਾ ਬੰਦਰ ਵੰਡ ਦਾ ਸ਼ਿਕਾਰ ਹੋ ਕੇ ਰਹਿ ਗਈ ਹੈ। ਇਸ ਕਾਰਨ ਗੰਗਾ ਨੂੰ ਪਟਨਾ ਦੇ ਨੇੜੇ ਲਿਆਉਣ ਜਾਂ ਇਸ ਨੂੰ ਪ੍ਰਦੂਸ਼ਣ ਮੁਕਤ ਕਰਨ ਦੀਆਂ ਸਾਰੀਆਂ ਯੋਜਨਾਵਾਂ ਮੰਜ਼ਿਲ ਤਕ ਨਹੀਂ ਪੁਜ ਸਕੀਆਂ।

ਕੌਂਸਲ ਫ਼ਾਰ ਪ੍ਰੋਟੈਕਸ਼ਨ ਆਫ਼ ਲੀਗਲ ਰਾਈਟਸ ਦੇ ਮੁੱਖ ਸਕੱਤਰ ਮਹਿੰਦਰ ਪ੍ਰਸ਼ਾਦ ਗੁਪਤਾ ਨੇ ਦਸਿਆ ਕਿ ਹੀਰੋ ਸ਼ਤਰੂਘਨ ਸਿਨਹਾ ਜਦ ਕੇਂਦਰ 'ਚ ਭੂ ਤਲ ਆਵਾਜਾਈ ਮੰਤਰੀ ਬਣੇ ਤਾਂ ਉਨ੍ਹਾਂ ਨੇ ਗੰਗਾ 'ਚ ਗੰਦ ਦੀ ਸਫ਼ਾਈ ਕਰਨ ਲਈ ਕੇਂਦਰ ਤੋਂ 400 ਕਰੋੜ ਰੁਪਏ ਦੀ ਯੋਜਨਾ ਮਨਜ਼ੂਰ ਕਰਾਉਣ ਦਾ ਦਾਅਵਾ ਕੀਤਾ ਸੀ। ਖ਼ੁਦ ਗੰਗਾ ਨਦੀ 'ਚ ਮੋਟਰ ਬੋਟ ਨਾਲ ਯਾਤਰਾ ਕਰ ਕੇ ਉਨ੍ਹਾਂ ਨੇ ਵੱਡੀਆਂ-ਵੱਡੀਆਂ ਆਧੁਨਿਕ ਮਸ਼ੀਲਾਂ ਨਾਲ ਗੰਗਾ ਦੀ ਖੁਦਾਈ ਤੇ ਗੰਦ ਦੀ ਸਫ਼ਾਈ ਸ਼ੁਰੂ ਕਰਵਾਈ ਸੀ। ਐਨ. ਡੀ. ਏ. ਸਰਕਾਰ ਨੇ ਪਟਨਾ ਤੋਂ ਜਲ ਮਾਰਗ ਰਾਹੀਂ ਮਲ ਦੀ ਢੋਆ ਢੁਆਈ ਕਰਾਉਣ ਦਾ ਐਲਾਨ ਵੀ ਕੀਤਾ ਸੀ। ਇਸ ਪਿਛੋਂ ਰਾਬੜੀ ਸਰਕਾਰ 'ਚ ਰਾਜਸ ਸੁਪਰੀਮੋ ਲਾਲੂ ਪ੍ਰਸ਼ਾਦ ਨੇ ਦੀਘਾ 'ਚ ਪੂਰੇ ਧੂਮ ਧੜੱਕੇ ਨਾਲ ਗੰਗਾ ਦੀ ਸਫ਼ਾਈ ਸ਼ੁਰੂ ਕਰਵਾਈ। ਉਸ ਨੇ ਦਾਅਵਾ ਕੀਤਾ ਕਿ ਗੰਗਾ ਨੂੰ ਪਟਨਾ ਲਾਗੇ ਲਿਆ ਕੇ ਹੀ ਦਮ ਲੈਣਗੇ। ਇਸ ਪਿੱਛੋਂ 80 ਲੱਖ ਰੁਪਏ ਜਲ ਸਾਧਨ ਵਿਭਾਗ ਨੇ ਨਾਲਾ ਭਰ ਚੌੜਾਈ ਦੀ ਖੁਦਾਈ ਤੇ ਕਰ ਦਿਤੇ। ਪਰ ਗੰਗਾ ਇਕ ਇੰਚ ਵੀ ਪਟਨਾ ਵੱਲ

ਨਹੀਂ ਵਧ ਸਕੀ। ਦਰਅਸਲ ਬੰਦ ਏਅਰ ਕੰਡੀਸ਼ਨਡ ਕਮਰਿਆਂ 'ਚ ਗੰਗਾ ਦੀ ਸਫਾਈ ਦੀਆਂ ਤਿਆਰ ਕੀਤੀਆਂ ਯੋਜਨਾਵਾਂ ਦਾ ਹੀ ਸਿੱਟਾ ਹੈ ਕਿ ਕਰੋੜਾਂ ਰੁਪਏ ਪਾਣੀ 'ਚ ਵਹਿ ਜਾਂਦੇ ਹਨ ਪਰ ਗੰਗਾ ਦੀ ਸਿਹਤ 'ਚ ਕੋਈ ਸੁਧਾਰ ਨਹੀਂ ਹੁੰਦਾ।

ਹਾਲ ਦੀ ਘੜੀ ਹਾਈਕੋਰਟ ਨੇ ਗੰਗਾ ਦੀ ਸਫ਼ਾਈ ਦੇ ਨਾਂ 'ਤੇ ਬਾਂਦਰਵੰਡ ਦੇ ਮਨਮਰਜ਼ੀ ਦੇ ਦੋਸ਼ਾਂ ਨੂੰ ਜਿਸ ਤਰ੍ਹਾਂ ਗੰਭੀਰਤਾ ਨਾਲ ਲੈ ਕੇ ਕੇਂਦਰ ਤੇ ਸੂਬਾ ਸਰਕਾਰਾਂ ਤੋਂ ਜਵਾਬ ਮੰਗਿਆ ਹੈ, ਉਸ ਨਾਲ ਆਉਣ ਵਾਲੇ ਦਿਨਾਂ 'ਚ ਕਈ ਰਾਜ਼ ਖੁਲ੍ਹਣ ਵਾਲੇ ਹਨ।

# ਸਵੈ ਸੇਵੀ ਸੰਸਥਾਵਾਂ ਸਾਮਰਾਜ ਦੀਆਂ ਚਾਕਰ ਕਿਵੇਂ?

ਆਪਾਂ ਕਈ ਵਾਰੀ ਸੋਚਦੇ ਹਾਂ ਕਿ ਗੈਰ ਸਰਕਾਰੀ ਸੰਗਠਨ (NGO) ਭਾਵ ਸਮਾਜ-ਸੇਵੀ ਸੰਸਥਾਵਾਂ (ਵਾਲੰਟਰੀ ਆਰਗੇਨਾਈ-ਜੇਸ਼ਨਜ਼) ਸ਼ਾਇਦ ਕੁਝ ਨੇਕਦਿਲ ਭਲੇਮਾਣਸ ਸ਼ਹਿਰੀਆਂ ਦੀਆਂ ਜਥੇਬੰਦੀਆਂ ਹਨ ਜੋ ਇਮਾਨਦਾਰੀ ਨਾਲ ਪੀੜ੍ਹਤ ਤੇ ਲੁੱਟੇ ਜਾ ਰਹੇ ਲੋਕਾਂ ਦੀ ਭਲਾਈ ਕਰਨਾ ਚਾਹੁੰਦੀਆਂ ਹਨ। ਪਰ ਸਾਨੂੰ ਦਰਖਤਾਂ ਨੂੰ ਵੇਖਣ ਦੀ ਬਜਾਏ ਜੰਗਲ ਦਾ ਜਾਇਜ਼ਾ ਲੈਣਾ ਚਾਹੀਦਾ ਹੈ। ਸਾਨੂੰ ਸਿਰਫ਼ ਬੇਰੁਜ਼ਗਾਰ ਨੌਜਵਾਨਾਂ ਦੀ ਇਮਾਨਦਾਰੀ, ਨਿਸ਼ਚਾ, ਮਿਹਨਤ ਤੇ ਆਦਰਸ਼ਾਂ ਨੂੰ ਦੇਖ ਕੇ ਹੀ ਆਪਣੀ ਰਾਇ ਪੱਕੀ ਨਹੀਂ ਕਰ ਲੈਣੀ ਚਾਹੀਦੀ। ਕੁਝ ਅਜਿਹੀਆਂ ਕਠੋਰ ਸੱਚਾਈਆਂ ਨੂੰ ਜੇ ਦੇਖ ਲਿਆ ਜਾਵੇ ਤਾਂ ਸ਼ਾਇਦ ਬੇਹਤਰ ਰਹੇਗਾ।

1. ਪੂਰਵੀ ਉੱਤਰ ਪ੍ਰਦੇਸ਼ ਦੇ ਉੱਤਰਾਖੰਡ 'ਚ ਕੰਮ ਕਰਨ ਵਾਲੇ ਕੁਝ ਸਮਾਜ-ਸੇਵੀ ਸੰਗਠਨ ਸਮੁੱਚੇ ਪ੍ਰੋਜੈਕਟਾਂ ਆਦਿ ਰਾਹੀਂ ਕਰੋੜਾਂ ਦੀ (ਅਤੇ ਕੁਝ ਤਾਂ ਅਰਬਾਂ) ਦੀ ਖੇਡ-ਖੇਡ ਰਹੇ ਹਨ। ਉਹ ਮੰਤਰੀਆਂ ਤੋ ਲੈ ਕੇ ਉੱਚ ਨੌਕਰਸ਼ਾਹਾਂ ਦੇ ਪੱਧਰ ਦਾ ਪੰਜ ਸਿਤਾਰਾ ਜੀਵਨ ਜੀ ਰਹੇ ਹਨ।

2. ਐਨ. ਜੀ. ਓ. ਯੋਜਨਾਵਾਂ 'ਚ ਸਰਗਰਮ ਜੋ ਵਰਕਰ ਭਰਤੀ ਹੁੰਦੇ ਹਨ ਉਹ ਕਿਸੇ ਆਦਰਸ਼ ਜਾਂ ਪ੍ਰਤੀਬੱਧਤਾ ਤੋਂ ਪ੍ਰੇਰਿਤ ਨਹੀਂ ਹੁੰਦੇ ਬਲਕਿ ਬੇਰੁਜ਼ਗਾਰੀ ਦੇ ਮਾਰੇ ਨੌਜਵਾਨ ਹੁੰਦੇ ਹਨ, ਜੋ ਸਿਰਫ਼ ਨੌਕਰੀ ਵਜਾਉਂਦੇ ਹਨ, ਕੁਝ ਇਮਾਨਦਾਰੀ ਨਾਲ ਤੇ ਕੁਝ ਤਿਗੜਮਬਾਜ਼ੀ ਨਾਲ।

3. 'ਆਕਸਫੇਰ' ਤੇ ਅਜਿਹੀਆਂ ਹੀ ਦਾਤਾ ਏਜੰਸੀਆਂ ਦੇ ਅਜਿਹੇ ਨੌਕਰਸ਼ਾਹ ਹਨ ਜੋ ਕਿਸੇ ਵੀ ਸਕੱਤਰ, ਰਾਜਦੂਤ ਜਾਂ ਮੰਤਰੀ ਤੋਂ ਘੱਟ ਹੈਸੀਅਤ ਨਹੀਂ ਰੱਖਦੇ, ਜਿਨ੍ਹਾਂ ਦੇ ਬੱਚੇ ਵਿਦੇਸ਼ਾਂ 'ਚ ਪੜ੍ਹਦੇ ਹਨ, ਇਕ ਨਹੀਂ ਦੋ-ਦੋ ਸੂਬਿਆਂ ਦੀਆਂ ਬਸਤੀਆਂ ਵਿਚ ਜਿਨ੍ਹਾਂ ਬੰਗਲੇ ਖਰੀਦੇ ਹੁੰਦੇ ਹਨ ਤੇ ਜਿਨ੍ਹਾ ਦੀ ਬੀਮਾ ਬਚਤ ਦੀ ਰਕਮ ਪੰਜਾਹ ਲੱਖ ਦੇ ਕਰੀਬ ਹੁੰਦੀ ਹੈ।

4. ਇਨਕਲਾਬੀ ਜਮਹੂਰੀ ਅੰਦੋਲਨ ਦੇ ਸੈਂਕੜੇ ਰਿਟਾਇਰਡ ਲੋਕ, ਸਾਬਕਾ ਮਾਰਕਸਵਾਦੀ, ਫ੍ਰੀ ਥਿੰਕਰਜ਼ ਆਦਿ ਅੱਜ ਪੁਰਾਣੇ ਸਰਵੋਦਿਆਵਾ ਨਾਲ ਐਨ. ਜੀ. ਓ. ਸੈਕਟਰ 'ਚ ਸਰਗਰਮ ਹਨ।

5. ' ਸਬਆਲਟਰਨ' ਸਟੱਡੀਜ਼ ਅਤੇ ਉੱਤਰ ਆਧੁਨਿਕਤਾਵਾਦੀ, ਉੱਤਰ ਨਾਰੀਵਾਦੀ, ਵਾਤਾਵਰਣਵਦੀ ਆਦਿ ਵਿਚਾਰਾਂ ਨਾਲ ਜੁੜੇ ਲੋਕ ਮਾਰਕਸਵਾਦੀ ਵਿਚਾਰਧਾਰਾ ਤੋਂ ਸੇਧ ਲੈਣ ਵਾਲੇ ਇਨਕਲਾਬੀਆਂ 'ਤੇ ਹਮਲਾ ਕਰਦੇ ਹੋਹੇ ਅਕਸਰ ਐਨ. ਜੀ. ਓਜ਼ ਵਲੋਂ ਕੀਤੇ ਅੰਦੋਲਨਾਂ ਦੀਆਂ ਉਦਾਹਰਣਾਂ ਪੇਸ਼ ਕਰਦੇ ਹਨ।

6. ਸਰਕਾਰੀ ਗਰਾਂਟਾਂ ਤੋਂ ਵਾਂਝੇ ਹੁੰਦੇ ਜਾ ਰਹੇ ਖੋਜ ਤੇ ਅਧਿਐਨ ਅਦਾਰਿਆਂ ਇਥੋਂ ਤੱਕ ਕਿ ਯੂਨੀਵਰਸਿਟੀਆਂ ਦੇ ਵਿਭਾਗਾਂ ਤੱਕ 'ਤੇ ਐਨ. ਜੀ. ਓ. ਦੀ ਪਕੜ ਵਧਦੀ ਜਾ ਰਹੀ ਹੈ। ਖੋਜ-ਪ੍ਰੋਜੈਕਟਾਂ ਦੀ ਦਿਸ਼ਾ ਤੇ ਵਿਸ਼ੇ ਤਹਿ ਕਰਨ ਵਿਚ ਉਨ੍ਹਾਂ ਦੀ ਭੂਮਿਕਾ ਬਣ ਰਹੀ ਹੈ ਅਤੇ ਇਨ੍ਹਾਂ ਖੋਜਾਂ/ਸਰਵੇਖਣਾਂ ਦੇ ਨਤੀਜੇ ਰਿਪੋਰਟਾਂ ਦੇ ਰੂਪ ਵਿਚ ਪੱਛਮੀ ਦੇਸ਼ਾਂ 'ਚ ਸਥਿਤ ਦਾਤਾ ਏਜੰਸੀਆਂ ਦੇ ਮੁੱਖ ਦਫ਼ਤਰਾਂ ਤੱਕ ਪਹੁੰਚ ਰਹੇ

ਹਨ।

7. ਪਿਛਲੇ ਲਗਭਗ ਡੇਢ ਦਹਾਕੇ ਦੌਰਾਨ ਜਦੋਂ ਤੋਂ ਸੋਵੀਅਤ ਸੰਘ, ਪੂਰਬੀ ਯੂਰਪ ਤੇ ਚੀਨ ਵਿਚ ਘਟ ਰਹੀਆਂ ਘਟਨਾਵਾਂ ਦੇ ਮੱਦੇਨਜ਼ਰ, ਮਾਰਕਸਵਾਦ ਤੇ ਕਮਿਊਨਿਸਟ ਅੰਦੋਲਨ 'ਤੇ ਸਾਮਰਾਜ ਦੇ ਵਿਚਾਰ ਕੇਂਦਰਾਂ ਤੋਂ ਹਮਲੇ ਹੋਏ ਹਨ, ਉਦੋਂ ਤੋਂ ਦਲਿਤ ਅੰਦੋਲਨ ਤੇ ਨਾਰੀ ਅੰਦੋਲਨ 'ਤੇ ਸਮਾਜ-ਸੇਵੀ ਸੰਸਥਾਵਾਂ ਨੇ ਜ਼ੋਰ ਦੇਣਾ ਸ਼ੁਰੂ ਕੀਤਾ ਹੈ ਅਤੇ ਉਦੋਂ ਤੋਂ ਹੀ ਕੁਝ ਅਜਿਹੇ ਦਲਿਤਵਾਦੀ ਤੇ ਨਾਰੀਵਾਦੀ ਪੈਦਾ ਹੋਏ ਹਨ ਜੋ ਦਲਿਤਾਂ ਤੇ ਨਾਰੀਆਂ ਨੂੰ ਇਕਮੁੱਠ ਕਰਨ ਦਾ ਯਤਨ ਕਰ ਰਹੇ ਹਨ ਅਤੇ ਉਨ੍ਹਾਂ ਦੀ ਆੜ ਲੈ ਕੇ ਜਮਹੂਰੀ ਇਨਕਲਾਬੀਆਂ 'ਤੇ ਵੱਧ ਹਮਲੇ ਬੋਲ ਰਹੇ ਹਨ। ਅਜਿਹੇ ਅਖੌਤੀ ਜਮਹੂਰੀਅਤ ਪਸੰਦਾਂ ਦੀ ਵੀ ਬਹੁਤਾਤ ਹੈ ਜੋ ਜਮਾਤੀ ਸੰਘਰਸ਼ਾਂ ਨੂੰ ਖਾਰਜ ਕਰਨ ਦਾ ਸਿਧਾਂਤ ਲਾਗੂ ਕਰਦੇ ਹੋਏ ਸਮਾਜਕ ਸੱਭਿਆਚਾਰਕ ਪੱਧਰ 'ਤੇ ਮਹਿਜ ਦਲਿਤ ਤੇ ਨਾਰੀ ਅੰਦੋਲਨਾਂ ਦਾ ਜ਼ੋਰ ਦੇ ਰਹੇ ਹਨ। ਅਜਿਹੇ ਅਖੌਤੀ ਜਮਹੂਰੀਅਤ ਪਸੰਦਾਂ ਦੇ ਪਰਿਵਾਰਾਂ ਦੀ ਆਮਦਨ ਦਾ ਸਰੋਤ ਸਮਾਜ-ਸੇਵੀ ਸੰਗਠਨ ਜੋ ਆਪਣੇ ਆਪ ਨੂੰ ਅੰਦੋਲਨਕਾਰੀ ਦੱਸਦੇ ਹਨ, ਉਹ ਸਿਰਫ਼ ਸਮਾਜ ਸੁਧਾਰਕ ਕੰਮਾਂ ਅਤੇ ਸਰਕਾਰੀ ਯੋਜਨਾਵਾਂ ਤੇ ਕੰਮਾਂ ਦੇ ਅਮਲ ਨਾਲ ਜੁੜੇ ਸਵੈ-ਸੇਵੀ ਸੰਗਠਨਾਂ ਤੋਂ ਵੀ ਵੱਧ ਖਤਰਨਾਕ ਹਨ। ਉਹ ਨਾ ਸਿਰਫ਼ ਵਿਆਪਕ ਜਨਤਾ ਨੂੰ ਬਲਕਿ ਜਮਹੂਰੀ ਕਤਾਰਾਂ ਨੂੰ ਵੀ ਸੁਧਾਰਵਾਦੀ ਆਰਥਿਕਤਾਵਾਦੀ ਚੇਤਨਾ ਵੰਡ ਰਹੇ ਹਨ ਅਤੇ ਹੇਠਲੀ ਪੱਧਰ ਤੱਕ ਜਮਾਤੀ ਸੰਘਰਸ਼ਾਂ ਨੂੰ ਤੋੜ ਰਹੇ ਹਨ।

ਐਨ. ਜੀ. ਓ. (ਗੈਰ ਸਰਕਾਰੀ ਸੰਸਥਾਵਾਂ/ਸਮਾਜ-ਸੇਵੀ ਜਥੇਬੰਦੀਆਂ) ਦਾ ਨੈੱਟਵਰਕ ਵਿਸ਼ਵ ਪੂੰਜੀਵਾਦ ਦੇ ਸਿਖਰ ਦੇਸ਼ਾਂ ਦੇ 'ਥਿੰਕ ਟੈਂਕਾਂ' ਵੱਲ ਬਣਾਈ ਗਈ ਗਲੋਬਲ ਰਣਨੀਤੀ ਦੇ ਆਧਾਰ 'ਤੇ ਕੰਮ ਕਰਦਾ ਹੈ। ਦੁਨੀਆਂ ਦੇ ਜਿਨ੍ਹਾਂ ਖੇਤਰਾਂ ਵਿਚ 'ਸੁਧਾਰਾਂ' ਦੇ ਚਲਦਿਆਂ ਅੰਤਰ ਵਿਰੋਧ ਵੱਧ ਤਿੱਖੇ ਤੇ ਵਿਸਫੋਟਕ ਹੋ ਸਕਦੇ ਹਨ (ਅਤੇ ਹੋ ਰਹੇ ਹਨ) ਉਨ੍ਹਾਂ ਹੀ ਖੇਤਰਾਂ 'ਚ ਐਨ. ਜੀ. ਓ. ਸਰਗਰਮ ਹੈ। ਇਹ ਗਰੀਬ ਦੇਸ਼ਾਂ 'ਚ ਨਚੋੜੇ ਗਏ 'ਮੁਨਾਫੇ' ਦੇ ਇਕ ਬੇਹੱਦ ਛੋਟੇ ਜਿਹੇ ਹਿੱਸੇ ਨਾਲ ਸੁਧਾਰ ਤੇ 'ਵਿਕਾਸ' ਦੀਆਂ ਕਾਰਵਾਈਆਂ ਚਲਾ ਕੇ ਤੇਜ਼ ਹੁੰਦੇ ਅੰਤਰ ਵਿਰੋਧਾਂ ਨੂੰ ਠੰਡਾ ਕਰਦੀਆਂ ਹਨ ਅਤੇ 'ਸੇਫਟੀ ਵਾਲਵ' ਦੀ ਭੂਮਿਕਾ ਨਿਭਾਉਂਦੀਆਂ ਹਨ।

ਵਿਸ਼ਵੀਕਰਨ ਦੇ ਦੌਰ ਦੀਆਂ ਸਾਮਰਾਜੀ ਨੀਤੀਆਂ ਤੇ ਕਾਰਵਾਈਆਂ ਦਾ ਠੰਡਾ ਵਿਰੋਧ ਇਕੱਠਾ ਕਰਕੇ ਸਵੈ-ਸੇਵੀ ਜਥੇਬੰਦੀਆਂ ਇਨਕਲਾਬੀ ਵਿਰੋਧ ਦੇ ਜਥੇਬੰਦ ਹੋਣ ਦੇ ਅਮਲ ਨੂੰ ਕਈ ਪੱਧਰਾਂ 'ਤੇ ਢਾਹ ਲਾਉਂਦੀਆਂ ਤੇ ਕਮਜ਼ੋਰ ਕਰਦੀਆਂ ਹਨ। ਸਵੈ-ਸੇਵੀ ਜਥੇਬੰਦੀਆਂ ਜਨਤਾ ਦੇ ਅੱਡ-ਅੱਡ ਹਿੱਸਿਆਂ, ਜਮਾਤਾਂ ਦੇ ਸੰਘਰਸ਼ਾਂ 'ਤੇ, ਅੱਡ-ਅੱਡ ਮੁੱਦਿਆਂ 'ਤੇ, ਅੰਦੋਲਨ ਨੂੰ ਸਥਾਨਕ ਬਣਾਉਣ ਦੀ ਕੋਸ਼ਿਸ਼ ਕਰਕੇ ਠੰਡਾ ਛਿੜਕਣ ਦਾ ਕੰਮ ਕਰਦੀਆਂ ਹਨ।

ਉਨ੍ਹਾਂ ਦੇ ਇਸ ਕੰਮ ਨੂੰ ਵੱਖ-ਵੱਖ ਉਤਰ-ਆਧੁਨਿਕ ਵਿਚਾਰਵਾਨਾਂ, 'ਸਬਆਲਟਰਨ ਸਟੱਡੀਜ਼' ਅਤੇ ਨਵਸੋਧਵਾਦੀ ਚਿੰਤਕਾਂ ਤੋਂ ਸਿਧਾਂਤਕ ਅਧਾਰ ਮਿਲਦਾ ਹੈ ਇਨ੍ਹਾਂ ਦਾ ਵਾਸਤਵਿਕ ਉਦੇਸ਼ ਹੁੰਦੇ ਹੈ ਵਿਚਾਰਧਾਰਾ ਦੇ ਤੱਤ ਨੂੰ ਖਾਰਜ ਕਰਨਾ ਅਤੇ ਰਾਜਸਤਾ ਦੇ ਵਿਰੁੱਧ ਕੇਂਦਰਿਤ ਅਗਵਾਈ ਦੇ ਤਹਿਤ ਜਮਾਤੀ ਘੋਲ ਨੂੰ ਵਿਕਸਿਤ ਨਾ ਹੋਣ ਦੇਣਾ। ਜੋ ਕੰਮ ਪਹਿਲਾਂ ਸੋਧਵਾਦੀ ਤੇ ਸੁਧਾਰਵਾਦੀ ਪਾਰਟੀਆਂ

ਪਾਰਲੀਮਾਨੀ ਤੇ ਟ੍ਰੇਡ ਯੂਨੀਅਨ ਨੀਤੀ ਦੇ ਦਾਇਰੇ ’ਚ ਕਰਦੀਆਂ ਸਨ, ਉਹੀ ਕੰਮ ਅੱਜ ਸਵੈ-ਸੇਵੀ ਸੰਗਠਨ ਵਿਆਪਕ ਸਮਾਜਕ, ਆਰਥਿਕ, ਰਾਜਸੀ ਲੋਕ ਸੰਘਰਸ਼ਾਂ ਦੇ ਦਾਇਰੇ ’ਚ ਕਰ ਰਹੇ ਹਨ। ਯਾਨੀ ਉਹ ਪੂੰਜੀਵਾਦੀ ਪ੍ਰਬੰਧ ਦੀ ਤੀਜੀ ਚੌਥੀ ਸੁਰੱਖਿਆ ਕਤਾਰ ਦੀ ਭੂਮਿਕਾ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਅ ਰਹੇ ਹਨ। ਭਾਰਤ ਦੇ ਲੋਕ ਇਲਕਲਾਬ ’ਚ ਦਲਿਤ ਅਬਾਦੀ ਤੇ ਨਾਰੀ ਵਰਗ ਦੀ ਬੁਨਿਆਦੀ ਭਾਗੀਦਾਰੀ ਦੀਆਂ ਕਾਫੀ ਇਲਕਲਾਬੀ ਸੰਭਾਵਨਾਵਾਂ ਨੂੰ ਵੇਖਦੇ ਹੋਏ ਦਲਿਤ ਸੁਆਲ ਤੇ ਔਰਤ ਦੇ ਸੁਆਲ, ਗੈਰ ਜਮਾਤੀ ਸੁਧਾਰਵਾਦੀ ਸਮਝ ਤੇ ਵਿਚਾਰ ਵਿਕਸਿਤ ਕਰਨ ’ਤੇ ਸਵੇ-ਸੇਵੀ ਸੰਗਠਨਾਂ ਨੇ ਵਿਸ਼ੇਸ਼ ਧਿਆਨ ਦਿੱਤਾ ਹੈ -ਅਕਾਦਮਿਕ ਤੇ ਅੰਦੋਲਣਾਤਮਕ ਦੋਹਾਂ ਹੀ ਪੱਧਰਾਂ ’ਤੇ। ਕੁਝ ਜਮਹੂਰੀ ਵਿਅਕਤੀ ਤੇ ਸੰਗਠਨ, ਜੋ ਸਿੱਧੇ ਜਾਂ ਅਸਿੱਧੇ ਰੂਪ ’ਚ ਸਵੈ-ਸੇਵੀ ਸੰਗਠਨਾਂ ਨਾਲ ਜੁੜੇ ਹਨ ਅਤੇ ਸਿੱਧੇ ਜਾਂ ਆਪਣੇ ਪਰਿਵਾਰਿਕ ਸੰਪਰਕਾਂ ਦੇ ਜਰੀਏ ਸਵੈ-ਸੇਵੀ ਸੰਗਠਨਾਂ ਨਾਲ ਹੀ ਜਿਨ੍ਹਾਂ ਦਾ ਪੂਰਾ ਜੀਵਨ ਚਲ ਰਿਹਾ ਹੈ, ਇਸ ਕੰਮ ਵਿਚ ਸਵੈ-ਸੇਵੀ ਸੈਕਟਰ ਦੀ ਵਿਸ਼ੇਸ਼ ਸੇਵਾ ਕਰ ਰਹੇ ਹਨ ਅਤੇ ਉਨ੍ਹਾਂ ਦੇ ‘ਬੁੱਧੀਜੀਵੀ ਏਜੰਟ’ ਦੀ ਭੂਮਿਕਾ ਨਿਭਾ ਰਹੇ ਹਨ। ਵਿਸ਼ਵੀਕਰਨ ਦੇ ਦੌਰ ਵਿਚ ਸਟੇਟ ਵਲੋਂ ‘ਕਲਿਆਣਕਾਰੀ’ ਭੂਮਿਕਾ ਦੇ ਲਗਾਤਾਰ ਤਿਆਗ ਨਾਲ ਭਾਰੀ ਗਰੀਬ ਅਬਾਦੀ ਦੇ ਜੀਵਨ ’ਤੇ ਪੈਣ ਵਾਲੇ ਤਬਾਹਕੁੰਨ ਪ੍ਰਭਾਵ ਸੰਭਵ ਹਨ। ਉਨ੍ਹਾਂ ਨੂੰ ਠੰਡਾ ਪਾਉਣ ਵਿਚ ਸਵੈ-ਸੇਵੀ ਸੰਗਠਨ ‘ਜਨਤਕ ਪਹਿਲ ਕਦਮੀ’ ਤੇ ‘ਗਰਾਸਰੂਟ ਲੋਕ ਪ੍ਰਬੰਧ’ ਆਦਿ ਦੇ ਨਾਂ ’ਤੇ ਵਿਸ਼ੇਵ ਭੂਮਿਕਾ ਨਿਭਾਅ ਰਹੇ ਹਨ। ਪੂੰਜੀ ਦੇ ਅਜ਼ਾਦ ਤਰਕ ਦੀਆਂ ਆਤਮਘਾਤੀ ਨੀਤੀਆਂ ਨਾਲ ਖੁਦ ਪੂੰਜੀ ਨੂੰ ਤੇ ਉਸ ਦੇ ਪ੍ਰਬੰਧ ਨੂੰ ਬਚਾਉਣ ਦਾ ਜੋ ਕੰਮ ਪਹਿਲਾਂ ਰਾਜ ਸੱਤਾ ਤੇ ਸੁਧਾਰਵਾਦੀ ਸੰਸਥਾਵਾਂ ਕਰਦੀਆਂ ਸਨ, ਹੁਣ ਉਨ੍ਹਾਂ ਨੂੰ ਵੱਧ ਵਿਆਪਕ ਤੇ ਪ੍ਰਭਾਵਸ਼ਾਲੀ ਢੰਗ ਨਾਲ ਸਵੈ-ਸੇਵੀ ਸੰਸਥਾਵਾਂ (NGOs) ਕਰ ਰਹੀਆਂ ਹਨ। ਉਦਾਰੀਕਰਨ, ਨਿੱਜੀਕਰਨ ਦੀਆਂ ਨੀਤੀਆਂ ਦੇ ਸਿੱਟੇ ਵਜੋਂ ਗਰੀਬ ਦੇਸ਼ਾਂ ’ਚ ਜੋ ਵਿਆਪਕ ਬੇਰੁਜ਼ਗਾਰੀ ਫੈਲ ਰਹੀ ਹੈ, ਉਸ ਦੇ ਦਬਾਅ ਨੂੰ ਘਟਾਉਣ ਲਈ ਸਵੈ-ਸੇਵੀ ਸੰਸਥਾਵਾਂ ‘ਜਨਤਕ ਪਹਿਲ ਕਦਮੀ’ ਦੇ ਨਾਂ ’ਤੇ ਪੈਦਾਵਾਰ, ਉਸਾਰੀ ਤੇ ਸਰਵਿਸ ਸੈਕਟਰ ਦੇ ਬਹੁਤ ਕੰਮ ਨੂੰ ਵੀ ਸੰਗਠਿਤ ਕਰ ਰਹੀਆਂ ਹਨ ਜਿਨ੍ਹਾਂ ’ਚ ਨਾਂ-ਮਾਤਰ ਤਨਖਾਹ, ਭੱਤੇ ਤੇ ਮਜ਼ਦੂਰੀ ’ਤੇ ਕੰਮ ਲਿਆ ਜਾਂਦਾ ਹੈ ਅਤੇ ‘ਮੁਨਾਫਾਰਹਿਤ ਖੇਤਰ’ ਇਸ ਤਰ੍ਹਾਂ ਨਾਲ ਅਤੀ ਲਾਭ ਨਿਚੋੜਨ ਦਾ ਜ਼ਰੀਆ ਬਣ ਜਾਂਦਾ ਹੈ। ਕਿਰਤ ਸ਼ਕਤੀ ਵੇਚਣ ਵਾਲੇ ਉਜਰਤੀ ਗੁਲਾਮਾਂ ਨੂੰ ਇਸਦਾ ਪਤਾ ਵੀ ਨਹੀਂ ਲੱਗਦਾ। ਸਦੂਰਵਰਤੀ ਖੇਤਰਾਂ ’ਚ ਸੁਧਾਰ ਦੇ ਕੰਮ ਸੰਗਠਿਤ ਕਰਕੇ, ਪੂੰਜੀਵਾਦੀ ਪ੍ਰਬੰਧ ਦੇ ਲਈ ਸਸਤੀਆਂ ਤੋਂ ਸਸਤੀਆਂ ਦਰਾਂ ’ਤੇ ਸਰੀਰਕ ਤੇ ਬੌਧਿਕ, ਕਿਰਤ ਸ਼ਕਤੀ ਮੁਹੱਈਆ ਕਰਾਉਣ, ਵਰਗ ਵਿਰੋਧਾਂ ਨੂੰ ਧੁੰਦਲਾ ਜਮਾਤੀ ਸੰਘਰਸ਼ਾਂ ਨੂੰ ਕੁਰਾਹੇ ਪਾਉਣ ਅਤੇ ਹਮਲੇ, ਘੁਸਪੈਠ ਤੇ ‘ਸੋਧ’ ਦੀਆਂ ਕਾਰਵਾਈਆਂ ਰਾਹੀਂ ਇਨਕਲਾਬੀ ਜਮਹੂਰੀਅਤ ਨੂੰ ਕਮਜ਼ੋਰ ਬਣਾਉਣ ਦੀਆਂ ਕੋਸ਼ਿਸ਼/ਲਾਲਸਾਵਾਂ ਦੇ ਨਾਲ ਹੀ ਸਵੈ-ਸੇਵੀ ਸੰਗਠਨ ਸਾਮਰਾਜੀ ਦੇਸ਼ਾਂ ਦੇ ‘ਇਨਟਲੇਕਚੂਅਲ ਸਿਪਾਹੀ ਭਾਵ ਬੁੱਧੀਜੀਵੀ (ਪੜ੍ਹੇ-ਲਿਖੇ) ਜਸੂਸ’ ਦੀ ਭੂਮਿਕਾ ਵੀ ਨਿਭਾਉਂਦੇ ਹਨ। ਦੇਸ਼ ਦੇ ਅੱਡ-ਅੱਡ ਖੇਤਰਾਂ ਦੀ ਸਮਾਜਿਕ, ਆਰਥਿਕ, ਸੱਭਿਆਚਾਰਕ ਹਾਲਤ ’ਤੇ ਇਹ ਜੋ ਸਰਵੇਖਣ ਤੇ ਅਧਿਐਨ ਰਿਪੋਰਟ ਤਿਆਰ ਕਰਦੇ ਹਨ ਉਨ੍ਹਾਂ ਨਾਲ ਸਾਮਰਾਜੀ ਥਿੰਕ

ਟੈਂਕਾਂ ਤੇ ਕੌਮਾਂਤਰੀ ਏਜੰਸੀਆਂ ਨੂੰ ਆਪਣੀ ਆਮ ਨੀਤੀ ਤੇ ਰਣਨੀਤੀ ਤਿਆਰ ਕਰਨ ’ਚ ਬਹੁਮੁੱਲੀ ਮਦਦ ਮਿਲਦੀ ਹੈ।

ਇਕ ਮਹੱਤਵਪੂਰਨ ਸਮੱਸਿਆ ਇਹ ਹੈ ਕਿ ਕਿਸੇ ਕੋਲ ਵਿਸ਼ਵ-ਪੂੰਜੀਵਾਦੀ ਪ੍ਰਬੰਧ, ਕੌਮੀ ਸਰਮਾਏਦਾਰੀ ਢਾਂਚੇ ਤੇ ਐਨ. ਜੀ. ਓ. ਤੰਤਰ ਦਾ ‘ਮੈਕਰੋ ਵਿਊ’ ਨਾ ਹੋਵੇ ਤਾਂ ਅਨੁਭਵਵਾਦੀ ਜਾਂਚ ਜਾਂ ‘ਮਾਇਕਰੋ ਵਿਊ’ ਦੇ ਆਧਾਰ ’ਤੇ ਉਹ ਇਸ ਨੈੱਟਵਰਕ ਦੇ ਸਮੁੱਚੇ ਸਰਕਲ ਨੂੰ ਨਹੀਂ ਸਮਝ ਸਕਦੇ। ਇਕ ਆਮ ਚੇਤੰਨ ਸ਼ਹਿਰੀ ਅਤੇ ਇਥੋਂ ਤੱਕ ਕਿ ਸਵੈ-ਸੇਵੀ ਸੰਸਥਾਵਾਂ ’ਚ ਕੰਮ ਕਰਨ ਵਾਲੇ ਇਮਾਨਦਾਰ ਹੇਠਲੀ ਪੱਧਰ ਦੇ ਵਰਕਰ ਵੀ ਜਲਦੀ ਇਹ ਸਮਝ ਨਹੀਂ ਸਕਦੇ ਕਿ ਗਰੀਬਾਂ ਦੇ ਬੱਚਿਆਂ ਨੂੰ ਪੜ੍ਹਾ ਕੇ ਜਾਂ ਬਦਲਵੀਂ ਸਿਹਤ ਸੇਵਾ ਆਦਿ ਦਾ ਕੰਮ ਕਰਦਿਆਂ ਉਹ ਕਿਵੇਂ ਅਣਜਾਣੇ ਹੀ ਸਾਮਰਾਜਵਾਦ ਦੀ ਸੇਵਾ ਵਿਚ ਮਗਨ ਹਨ ਅਤੇ ਇਨਕਲਾਬੀ ਤਬਦੀਲੀ ਦੇ ਅਮਲ ’ਚ ਅੜਿੱਕਾ ਡਾਹ ਰਹੇ ਹਨ; ਵੱਧ ਤੋਂ ਵੱਧ ਉਨ੍ਹਾਂ ਦਾ ਧਿਆਨ ਸਵੈ-ਸੇਵੀ ਸੰਸਥਾਵਾਂ ਦੇ ਮੁਖੀਆਂ ਅਤੇ ਦਾਨੀ ਏਜੰਸੀਆਂ ਦੇ ਭ੍ਰਿਸ਼ਟਾਚਾਰ ਤੇ ਵਿਲਾਸਮਈ ਜੀਵਨ ਤੱਕ ਹੀ ਜਾ ਸਕਦਾ ਹੈ। ਅਸਲੀ ‘ਖੂਨੀ ਹੱਥ’ ਪਰਦੇ ਪਿੱਛੇ ਹੀ ਛੁਪੇ ਰਹਿ ਜਾਂਦੇ ਹਨ। ਇਥੇ ਹੀ ਬਸ ਨਹੀਂ ‘ਸਮਾਜ ਸੇਵਕ’ ਹੋਣ ਦਾ ਉਨ੍ਹਾਂ ਦਾ ਗਰੂਰ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਲੰਮੇ ਸਮੇਂ ਤੱਕ ਨਹੀਂ ਹੋਣ ਦਿੰਦਾ ਕਿ ਉਹ ਸਭ ਤੋਂ ਸਸਤੀਆਂ ਦਰਾਂ ਤੇ ਕਿਰਤ ਸ਼ਕਤੀ ਵੇਚਣ ਵਾਲੇ, ਸਭ ਤੋਂ ਸੁਰੱਖਿਅਤ ਕਿਸਮ ਦੇ ਮਜ਼ਦੂਰਾਂ ਦੀ ਕਤਾਰ ਵਿਚ ਧੱਕ ਦਿੱਤੇ ਗਏ ਹਨ। ਉਨ੍ਹਾਂ ਹੀ ਲੋਕਾਂ ਦੀ ਕਤਾਰ ਵਿਚ, ਜਿਨ੍ਹਾਂ ਦੀ ਮੁਕਤੀ ਦੇ ਸੰਘਰਸ਼ ਵਿਰੁੱਧ ਵਿਸ਼ਵ ਪੂੰਜੀਵਾਦੀ ਦੇ ਏਜੰਟ ਉਨ੍ਹਾ ਦੀ ਵਰਤੋਂ ਕਰ ਰਹੇ ਹਨ। ਜਦੋਂ ਤਾਂਈ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਉਹ ਦਲਦਲ ਵਿਚ ਗਰਦਣ ਤੱਕ ਖੁੱਭ ਚੁੱਕੇ ਹੁੰਦੇ ਹਨ। ਉਨ੍ਹਾਂ ਨੂੰ ਦੂਜਾ ਕੋਈ ਰਾਹ ਨਹੀਂ ਸੁੱਝਦਾ।

ਦੂਸਰੀ ਮਹੱਤਵਪੂਰਨ ਤੇ ਖਤਰਨਾਕ ਗੱਲ ਇਹ ਹੈ ਕਿ ਸਮਾਜ-ਸੇਵੀ ਸੰਸਥਾਵਾਂ ਉਨ੍ਹਾਂ ਹੀ ਥਾਵਾਂ ਨੂੰ ਆਪਣਾ ਭਰਤੀ ਕੇਂਦਰ ਬਣਾਈ ਬੈਠੀਆਂ ਹਨ ਜਿਥੋਂ ਸ਼ੁਰੂਆਤੀ ਦੌਰਾਂ ’ਚ ਇਨਕਲਾਬੀ ਸ਼ਕਤੀਆਂ ਨੇ ਵੀ ਕੇਡਰ ਭਰਤੀ ਕਰਨੇ ਹੁੰਦੇ ਹਨ ਅਤੇ ਮਿਹਨਤਕਸ਼ ਘੋਲ ਲਈ ਜ਼ਰੂਰੀ ਸ਼ੁਰੂਆਤੀ ਬੌਧਿਕ ਸ਼ਕਤੀ ਇਕੱਠੀ ਕਰਨੀ ਹੁੰਦੀ ਹੈ।

ਯੂਨੀਵਰਸਿਟੀ, ਕਾਲਜ ਆਦਿ ਹੀ ਉਹ ਥਾਵਾਂ ਹੁੰਦੀਆਂ ਹਨ, ਜਿਥੇ ਮੱਧਵਰਗੀ ਨੌਜਵਾਨਾਂ ਦੇ ਰੈਡੀਕਲ ਹਿੱਸਿਆਂ ਨੂੰ ਆਪਣੇ ਜਾਤੀ ਸੁਆਰਥਾਂ ਤੋਂ ਤੋੜ ਕੇ ਆਮ ਮਿਹਨਤਕਸ਼ਾ ਨਾਲ ਜੋੜਨ ਲਈ ਲਲਕਾਰਿਆ ਜਾਂਦਾ ਹੈ। ਇਨ੍ਹਾਂ ਨੌਜਵਾਨਾਂ ਨੂੰ ਸਮਾਜ-ਸੇਵੀ ਸੰਸਥਾਵਾਂ (NGO) ਦੇ ਏਜੰਟ ਇਹ ਨੁਸਖਾ ਦੱਸਦੇ ਹਨ ਕਿ ‘ਜਨਸੇਵਾ’ ਦੇ ਆਦਰਸ਼ ਦੇ ਨਾਲ ਹੀ ਉਹ ਕੁਝ ‘ਕਮਾਈ ਵੀ ਕਰ ਲੈਣ।’ ਨੌਜਵਾਨਾਂ ਦੇ ਮੱਧ ਵਰਗੀ ਮਨਾਂ ਵਿਚ ਆਦਰਸ਼ਾਂ ਤੇ ਕਮਜ਼ੋਰੀਆਂ ਵਿਚਕਾਰ ਦਵੰਦ ਹੁੰਦਾ ਹੈ ਅਤੇ ਉਨ੍ਹਾਂ ਨੂੰ ‘ਤਨਖਾਹਦਾਰ’ ਸਮਾਜ-ਸੇਵੀ ਬਣਨ ਦਾ ਸੌਖਾ ਰਾਹ ਜਚ ਜਾਂਦਾ ਹੈ।

ਇਨਕਲਾਬ ਦੇ ਸ਼ੁਰੂਆਤੀ ਭਰਤੀ ਕੇਂਦਰਾਂ ’ਤੇ ਸਵੈ-ਸੇਵੀ ਸੰਸਥਾਵਾਂ ਦਾ ਇਹ ਹਮਲਾ ਏਨਾ ਪ੍ਰਚੰਡ ਹੈ ਕਿ ਇਸ ਦੇ ਨਾਲ ‘ਪਵਿੱਤਰ ਗਠਜੋੜ’ ਕਰਦਿਆਂ ਕੁਝ ਖਤਰਨਾਕ ਕਿਸਮ ਦੇ ਨਕਲੀ ਇਨਕਲਾਬੀ ਸੰਗਠਨਾਂ ਨਾਲ ਜੁੜੇ ਵਿਦਿਆਰਥੀ ਸੰਗਠਨ, ਇਨਕਲਾਬੀ ਵਰਕਰ ਤਾਂ ਇਕ ਵੀ ਨਹੀਂ ਪੈਦਾ ਕਰ ਸਕੇ ਪਰ ਸਵੈ-ਸੇਵੀ

ਸੰਸਥਾਵਾਂ ਲਈ ਯੋਗ ਵਰਕਰ ਬਹੁਤ ਪੈਦਾ ਕਰ ਰਹੇ ਹਨ। ਉਦਾਹਰਣ ਵਜੋਂ ਦਿੱਲੀ ਯੂਨੀਵਰਸਿਟੀ ਨਾਲ ਜੁੜੀਆਂ ਵਿਦਿਆਰਥੀਆਂ ਦੀਆਂ ਜਥੇਬੰਦੀਆਂ ਦਾ ਪਿਛਲੇ ਦਸ ਸਾਲਾਂ ਦਾ ਰਿਕਾਰਡ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਉਹ ਕੱਲੇ ਨਹੀਂ ਹਨ। ਅਜਿਹੀਆਂ ਸੰਸਥਾਵਾਂ ਆਪਣਾ ਸਾਰਾ ਕਾਰੋਬਾਰ ਹੀ ਸਵੈ-ਸੇਵੀ ਸੰਸਥਾਵਾਂ ਦੀ ਨੇੜਤਾ ਨਾਲ ਚਲਾ ਰਹੀਆਂ ਹਨ। ਇਥੋਂ ਤੱਕ ਹੀ ਨਹੀਂ ਹੁਣ ਉਹ ਕੁਲਵਕਤੀ ਵਰਕਰ ਦੀ ਧਾਰਨਾ ਨੂੰ ਹੀ ਸਮਾਂ ਵਿਹਾ ਚੁੱਕੀ (Outdated) ਐਲਾਨ ਚੁੱਕੇ ਹਨ। ਇਨ੍ਹਾਂ ਦੀ ਅਗਵਾਈ ਹੇਠਲੇ ਲੋਕਾਂ ਦੇ ਪਰਿਵਾਰਾਂ ਦੇ ਜ਼ਰੀਏ ਐਨ. ਜੀ. ਓ. ਨੂੰ ਸਾਧਨ ਮਿਲ ਹੀ ਜਾਂਦਾ ਹੈ। ਵੈਸੇ ਵੀ 'ਜਮਾਤੀ ਸੰਘਰਸ਼ ਦੇ ਬਦਲਦੇ ਰੂਪਾਂ' ਦੇ ਮੱਦੇਨਜ਼ਰ ਇਨ੍ਹਾਂ ਦੀ ਅਗਵਾਈ ਅੱਜ ਰਾਜਨੀਤੀ ਤੋਂ ਸੱਭਿਆਚਾਰ 'ਚ ਪੁੱਜ ਚੁੱਕੀ ਹੈ ਅਤੇ ਇਕ ਨਵੇਂ ਇਤਿਹਾਸਬੋਧ ਨਾਲ ਲੈਸ ਹੋਣ ਦਾ ਤਰੀਕਾ ਅਪਣਾ ਕੇ ਦਲਿਤਵਾਦ, ਨਾਰੀਵਾਦ, 'ਗਦਰ' ਵਰਗੀਆਂ ਫ਼ਿਲਮਾਂ ਤੇ ਸਾਰੇ 'ਉੱਤਰ' ਵਿਚਾਰਾਂ 'ਤੇ ਕੇਂਦਰਿਤ ਹੋ ਚੁੱਕੀ ਹੈ। ਸਭ ਤੋਂ ਖਤਰਨਾਕ ਗੱਲ ਤਾਂ ਇਹ ਹੈ ਕਿ ਲੋਕਾਂ ਵਿਚ ਸਿੱਖਿਆ, ਸਿਹਤ ਆਦਿ ਨੂੰ ਲੈ ਕੇ ਸੁਧਾਰਵਾਦੀ ਕਾਰਵਾਈਆਂ 'ਚ ਲੱਗੇ ਸਵੈ-ਸੇਵੀ ਸੰਗਠਨ ਫੌਰੀ ਤੌਰ 'ਤੇ ਸਹੀ ਪਰ ਇਨਕਲਾਬੀ ਸੰਗਠਨਾਂ ਮੂਹਰੇ ਪਹਿਲੀ ਪਹਿਚਾਣ ਦਾ ਸੁਆਲ ਇਕ ਸੰਸਥਾ ਵਜੋਂ ਖੜ੍ਹਾ ਕਰ ਰਹੇ ਹਨ ਜਨਤਕ ਕਾਰਵਾਈ 'ਚ ਲੱਗੇ ਇਨਕਲਾਬੀ ਸੰਗਠਨ ਸੁਧਾਰ ਦੇ ਇਨ੍ਹਾਂ ਕੰਮਾਂ (ਲਾਇਬਰੇਰੀ ਖੋਲ੍ਹਣੀ, ਸਿਹਤ ਕੈਂਪ ਲਾਉਣਾ, ਰਾਤ ਦੇ ਸਕੂਲ ਚਲਾਉਣੇ, ਜਾਤ-ਪਾਤ ਵਿਰੋਧ ਪ੍ਰੋਗਰਾਮ, ਸਥਾਨਕ ਸ਼ਾਸਕੀ ਸੰਸਥਾਵਾਂ ਦੇ ਭ੍ਰਿਸ਼ਟਾਚਾਰ ਜਾਂ ਪੁਲਿਸ ਜ਼ਬਰ ਵਿਰੁੱਧ ਅੰਦੋਲਨ ਆਦਿ) ਨੂੰ ਸ਼ੁਰੂਆਤੀ ਫੋਰਮ ਦੇ ਰੂਪ 'ਚ ਅਪਣਾਉਂਦੇ ਹਨ। ਸ਼ੁਰੂਆਤੀ ਦੌਰ 'ਚ ਜਨਤਾ ਦੋਨਾਂ ਦਾ ਫਰਕ ਨਹੀਂ ਸਮਝ ਸਕਦੀ ਅਤੇ ਅਕਸਰ ਜਨਤਾ ਨੂੰ ਗੋਲਬੰਦ ਤੇ ਸੰਗਠਨ ਕਰਨ ਦੀਆਂ ਸ਼ੁਰੂਆਤੀ ਮੰਜ਼ਿਲਾਂ ਵਿਚ ਹੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿ ਸਵੈ-ਸੇਵੀ ਸੰਗਠਨ ਜਨਤਾ ਅੰਦਰ ਲੋਭ, ਲਾਲਚ ਤੇ ਸੁਆਰਥ ਦੇ ਸੱਭਿਆਚਾਰ ਦਾ ਵੀ ਪ੍ਰਚਾਰ ਕਰਦੇ ਹਨ। ਸਵੈ-ਸੇਵੀ ਸੰਸਥਾਵਾਂ ਦੇ ਤਨਖਾਹਦਾਰ ਸਵੈ-ਸੇਵਕਾਂ ਨੂੰ ਵੇਖ ਕੇ ਉਹ ਇਨਕਲਾਬੀ ਜਥੇਬੰਦੀਆਂ ਦੇ ਵਰਕਰਾਂ ਬਾਰੇ ਵੀ ਸੋਚਦੇ ਹਨ ਕਿ ਉਨ੍ਹਾਂ ਨੂੰ ਵੀ ਕਿਸੇ ਏਜੰਸੀ ਤੋਂ 'ਤੋਰੀ ਫੁਲਕਾ' ਮਿਲਦਾ ਹੋਵੇਗਾ ਜਿਸ ਬਾਰੇ ਇਹ ਦੱਸਦੇ ਨਹੀਂ। ਅਜਿਹੀ ਹਾਲਤ 'ਚ ਇਨਕਲਾਬੀ ਵਰਕਰਾਂ ਨੂੰ ਜਨਤਾ 'ਚੋਂ ਸਹਿਯੋਗ ਹਾਸਲ ਕਰਨ ਜਾਂ ਕਿਸੇ ਅੰਦੋਲਨ ਲਈ ਸਾਧਨ ਇਕੱਠੇ ਕਰਨ 'ਚ ਅੜਿੱਕਾ ਪੈਦਾ ਹੁੰਦਾ ਹੈ। ਇਹ ਅੜਿੱਕਾ ਭਾਵੇਂ ਲੰਮੇ ਸਮੇਂ ਲਈ ਨਹੀਂ ਰਹਿੰਦਾ ਪਰ ਸ਼ੁਰੂਆਤੀ ਤੇ ਅੱਜ ਵਰਗੇ ਸੰਕਟਮਈ ਦੌਰ ਵਿਚ ਪ੍ਰੇਸ਼ਾਨੀ ਦਾ ਸਬੱਬ ਤਾਂ ਬਣਿਆ ਹੀ ਹੋਇਆ ਹੈ।

ਸਮਾਜ-ਸੇਵੀ ਸੰਸਥਾਵਾਂ ਦੇ ਪੂਰੇ ਪ੍ਰਬੰਧ ਨੂੰ ਖਤਰਨਾਕ ਸਾਮਰਾਜੀ ਘੁੰਮਣ-ਘੇਰੀ ਸਮਝਦਿਆਂ ਇਸ ਵਿਰੁੱਧ ਡਟ ਕੇ ਪ੍ਰਚਾਰ ਕਰਨ ਤੇ ਜਨਤਾ ਨੂੰ ਜਥੇਬੰਦ ਕਰਨ ਦੀ ਸਖ਼ਤ ਜ਼ਰੂਰਤ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਸਵੈ-ਸੇਵੀ ਸੰਸਥਾਵਾਂ 'ਚ ਕੰਮ ਕਰਨ ਵਾਲੇ ਹੇਠਲੀ ਪੱਧਰ ਦੇ ਵਰਕਰ ਸਾਮਰਾਜ ਦੇ ਏਜੰਟ ਨਹੀਂ ਹਨ, ਉਹ ਇਮਾਨਦਾਰ ਹਨ ਤੇ ਲੋਕਾਂ ਦੀ ਸੇਵਾ 'ਚ ਜੁੱਟੇ ਹੋਏ ਹਨ ਪਰ ਉਨ੍ਹਾਂ ਨੂੰ ਸਾਰੀ ਸੱਚਾਈ ਧੀਰਜ ਨਾਲ ਸਮਝਾਉਣ ਦੀ ਜ਼ਰੂਰਤ ਹੈ। ਜੋ ਇਨਕਲਾਬ ਦੇ ਭਗੌੜੇ, ਸਾਬਕਾ ਇਨਕਲਾਬੀ, ਕੈਰੀਅਰਵਾਦੀ ਖੱਬੇ ਬੁੱਧੀਜੀਵੀ ਤੇ ਅਜ਼ਾਦ ਚਿੰਤਕ ਇਨ੍ਹਾਂ 'ਚ ਲੱਗੇ

ਹੋਏ ਹਨ ਉਨ੍ਹਾਂ ਨੂੰ ਨਹੀਂ ਸਮਝਾਇਆ ਜਾ ਸਕਦਾ। ਉਹ ਸਭ ਕੁਝ ਜਾਣ ਬੁੱਝ ਕੇ ਕਰ ਰਹੇ ਹਨ। ਲੋਕਾਂ ਨੂੰ ਸਮਝਾਉਣ ਤੇ ਲਲਕਾਰਨ ਦੀ ਜ਼ਰੂਰਤ ਹੈ ਕਿ ਉਹ ਹਿੰਮਤ ਕਰਨ। ਬੇਰੁਜ਼ਗਾਰੀ ਦੇ ਮਾਰੇ ਨੌਜਵਾਨ ਪਰਿਵਾਰ ਦਾ ਪੇਟ ਪਾਲਣ ਲਈ ਵੀ ਸਵੈ-ਸੇਵੀ ਸੰਸਥਾਵਾਂ 'ਚ ਕੰਮ ਕਰ ਰਹੇ ਸਨ। ਉਨ੍ਹਾਂ ਤੋਂ ਨਫ਼ਰਤ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਉਹ ਆਪਣਾ ਭਵਿੱਖ ਦੇਸ਼ ਦੇ ਕਰੋੜਾਂ ਬੇਰੁਜ਼ਗਾਰ ਨੌਜਵਾਨਾਂ ਤੇ ਮਿਹਨਤਕਸ਼ਾਂ ਨਾਲ ਜੋੜਨ। ਫੈਕਟਰੀ ਗੇਟ 'ਤੇ ਕਤਾਰ ਬੰਨ੍ਹ ਕੇ ਦਿਹਾੜੀ ਮਜ਼ਦੂਰੀ ਕਰਨ, ਚੌਰਾਹੇ 'ਤੇ ਆਂਡੇ ਵੇਚ ਲੈਣ, ਚਾਹ ਦੀ ਰੇਹੜੀ ਲਾ ਲੈਣ, ਅਖ਼ਬਾਰ ਵੇਚਣ, ਟਿਊਸ਼ਨ ਕਰਨ ਜਾਂ ਕਿਤੇ ਵੀ ਉਜਰਤੀ ਗੁਲਾਮਾਂ ਦੀ ਕਤਾਰ 'ਚ ਸ਼ਾਮਲ ਹੋ ਜਾਣ ਪਰ ਸਵੈ-ਸੇਵੀ ਸੰਸਥਾਵਾਂ ਦੀ ਨੌਕਰੀ ਨਾ ਕਰਨ ਕਿਉਂਕਿ ਐਨ. ਜੀ. ਓ. ਦਾ ਮੂਲ ਮਕਸਦ ਹੀ ਸਾਮਰਾਜ ਦੀ ਹਿਫ਼ਾਜ਼ਤ ਤੇ ਕਈ ਤਰੀਕਿਆਂ ਨਾਲ ਇਨਕਲਾਬ ਦੇ ਅਮਲ ਨੂੰ ਰੋਕਣਾ ਹੈ।

# ਰੈਗਿੰਗ ਦੀ ਰਵਾਇਤ ਕਿੰਨੀ ਕੁ ਸਹੀ?

ਹੁਣ ਤੋਂ ਰੈਗਿੰਗ ਅਪਰਾਧ ਹੈ। ਸੁਪਰੀਮ ਕੋਰਟ ਵੱਲੋਂ ਪਿੱਛੇ ਜਿਹੇ ਹੀ ਸਿੱਖਿਆ ਸੰਸਥਾਵਾਂ 'ਚ ਕੀਤੀ ਜਾਣ ਵਾਲੀ ਰੈਗਿੰਗ ਨੂੰ ਖਤਮ ਕਰਨ ਦੇ ਉਦੇਸ਼ ਨਾਲ ਰੈਗਿੰਗ ਨੂੰ ਅਪਰਾਧ ਦੀ ਸ਼੍ਰੇਣੀ ਵਿੱਚ ਲਿਆਂਦਾ ਗਿਆ ਹੈ। ਇਸ ਹਿਸਾਬ ਨਾਲ ਇਸ ਸਾਲ ਤੋਂ ਰੈਗਿੰਗ ਸਬੰਧੀ ਨਵੇਂ ਕਾਨੂੰਨ-ਨਿਯਮ ਲਾਗੂ ਹੋ ਜਾਣੇ ਚਾਹੀਦੇ ਹਨ। ਜ਼ਰਾ ਪਿੱਛੇ ਮੋੜਵੀਂ ਝਾਤ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਕੇਂਦਰ ਸਰਕਾਰ ਨੇ ਨੌਜਵਾਨਾਂ ਲਈ ਜਾਨਲੇਵਾ ਸਾਬਤ ਹੋ ਰਹੀ ਇਸ ਸਮੱਸਿਆ ਨਾਲ ਨਿਪਟਣ ਲਈ ਸੀ. ਬੀ. ਆਈ. ਦੇ ਸਾਬਕਾ ਡਰਾਇਰੈਕਟਰ ਆਰ. ਕੇ. ਰਾਘਵਨ ਦੀ ਪ੍ਰਧਾਨਗੀ 'ਚ ਸੰਮਤੀ ਗਠਿਤ ਕੀਤੀ ਸੀ ਜਿਸ ਨੂੰ ਬਣਾਉਣ ਦਾ ਨਿਰਦੇਸ਼ ਅਦਾਲਤ ਨੇ ਦਿੱਤਾ ਸੀ। ਅਦਾਲਤ ਨੇ ਦੇਸ਼ ਭਰ 'ਚ ਰੈਗਿੰਗ ਦੇ ਕਾਰਨ ਹੋ ਰਹੀਆਂ ਸਿਲਸਿਲੇਵਾਰ ਮੌਤਾਂ ਪਿੱਛੋਂ ਇਹ ਨਿਰਦੇਸ਼ ਜਾਰੀ ਕੀਤਾ ਸੀ। ਕੁਝ ਸਮੇਂ ਪਹਿਲਾਂ ਇਸ ਸੰਮਤੀ ਨੇ ਆਪਣੇ ਸੁਝਾਅ ਅਦਾਲਤ ਸਾਹਮਣੇ ਪੇਸ਼ ਕੀਤੇ ਸਨ। ਅਦਾਲਤ ਨੇ ਸਮੱਸਿਆ ਪ੍ਰਤੀ ਕੋਈ ਢਿੱਲ ਨਾ ਵਰਤਦੇ ਹੋਇਆ ਸਿੱਧੇ ਤੌਰ 'ਤੇ ਸਰਕਾਰ ਨੂੰ ਇਨ੍ਹਾਂ ਸੁਝਾਵਾਂ ਨੂੰ ਲਾਗੂ ਕਰਨ ਦਾ ਨਿਰਦੇਸ਼ ਜਾਰੀ ਕੀਤਾ ਹੈ। ਇਨ੍ਹਾਂ ਸੁਝਾਵਾਂ ਦੇ ਤਹਿਤ ਕਿਹਾ ਗਿਆ ਹੈ ਕਿ NCERT ਅਤੇ SCERT ਦੇ ਸਲੇਬਸ 'ਚ 'ਚ ਰੈਗਿੰਗ ਸਬੰਧੀ ਚੈਪਟਰ ਜੋੜ ਦਿੱਤਾ ਜਾਵੇ। ਨਾਲ ਹੀ ਕਾਊਂਸਲਿੰਗ ਦੀ ਜ਼ਰੂਰਤ ਵੀ ਮਹਿਸੂਸ ਕੀਤੀ ਗਈ ਹੈ ਜਿਸ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਸ਼ਾਮਲ ਕੀਤਾ ਜਾਵੇ। ਹੁਣ ਸੁਪਰੀਮ ਕੋਰਟ ਨੇ ਸਾਰੀਆਂ ਸਿੱਖਿਆ ਸੰਸਥਾਵਾਂ ਨੂੰ ਉਨ੍ਹਾਂ ਵਿਦਿਆਰਥੀਆਂ ਖਿਲਾਫ ਅਪਰਾਧਿਕ ਮਾਮਲੇ ਦਰਜ ਕਰਨ ਦਾ ਆਦੇਸ਼ ਦਿੱਤਾ ਹੈ ਜੋ ਆਪਣੇ ਜੂਨੀਅਰ ਵਿਦਿਆਰਥੀਆਂ ਨਾਲ ਕਿਸੇ ਕਿਸਮ ਦੀ ਰੈਗਿੰਗ 'ਚ ਗਲਤਾਨ ਹੁੰਦੇ ਹਨ। ਇਸ ਤਾਜ਼ਾ ਫੈਸਲੇ ਅਨੁਸਾਰ ਦੋਸ਼ੀ ਵਿਦਿਆਰਥੀਆਂ ਖਿਲਾਫ ਐਫ. ਆਈ. ਆਰ. ਦਰਜ਼ ਕਰਵਾਉਣਾ ਲਾਜ਼ਮੀ ਹੈ। ਨਾਲ ਹੀ ਅਦਾਲਤਾਂ ਨੂੰ ਵੀ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਰੈਗਿੰਗ ਸਬੰਧੀ ਕੇਸਾਂ ਦੀ ਸੁਣਵਾਈ ਪਹਿਲ ਦੇ ਆਧਾਰ 'ਤੇ ਕਰਨ। ਸਜ਼ਾ ਤੇ ਮੁਆਵਜ਼ੇ ਦੀ ਵਿਵਸਥਾ ਵੀ ਕੀਤੀ ਗਈ ਹੈ ਤਾਂ ਕਿ ਕੇਸ ਏਨਾ ਵੱਧ ਨਾ ਖਿੱਚੇ ਕਿ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਹੋਵੇ। ਨਿਆਂਇਕ ਬੈਂਚ ਨੇ ਕੇਂਦਰ ਤੇ ਰਾਜ ਸਰਕਾਰਾ ਨੂੰ ਆਪਣੇ ਆਪਣੇ ਅਧਿਕਾਰ ਖੇਤਰ 'ਚ ਆਉਣ ਵਾਲੀਆਂ ਸੰਸਥਾਵਾਂ 'ਤੇ ਸਖਤ ਨਿਗਰਾਨੀ ਰੱਖਣ ਦੇ ਸਖਤ ਨਿਰਦੇਸ਼ ਵੀ ਜਾਰੀ ਕਰ ਦਿੱਤੇ ਹਨ। ਪਿਛਲੇ ਸਾਲਾਂ 'ਚ ਰੈਗਿੰਗ ਦੇ ਨਾਂ 'ਤੇ ਤਕਲੀਫਦੇਹ ਬਦਸਲੂਕੀਆਂ ਦੀਆਂ ਕਈ ਘਟਨਾਵਾਂ ਹੋਈਆਂ, ਇਹ ਸਹੀ ਹੈ। ਕਿੰਨੀ ਵਾਰੀ ਵਿਦਿਆਰਥੀ/ਵਿਦਿਆਰਥਣਾਂ ਦੀ ਮੌਤ ਵੀ ਹੋਈ ਕੁਝ ਹੀ ਸਾਲਾਂ 'ਚ ਰੈਗਿੰਗ ਇਕ ਗਲਤ ਰਵਾਇਤ ਵਜੋਂ, ਸਥਾਪਤ ਹੋਣ ਲੱਗੀ ਅਤੇ ਸਮੱਸਿਆ 'ਤੇ ਸਾਰਥਕ ਤੇ ਗੰਭੀਰ ਬਹਿਸ ਚਲਾਉਣਾ ਲਾਜ਼ਮੀ ਹੋ ਗਿਆ। ਬਹਿਸ ਚੱਲੀ ਤੇ ਫੈਸਲੇ ਆਏ। ਫੈਸਲੇ ਲਾਗੂ ਹੋਏ ਪਰ ਅਫਸੋਸ ਕਿ ਰੈਗਿੰਗ ਮਾੜੀ ਰਵਾਇਤ ਵਜੋਂ ਖਤਮ ਨਹੀਂ ਹੋਈ।

ਹਾਲਾਂਕਿ ਅਦਾਲਤ ਨੇ ਪਹਿਲਾਂ ਵੀ ਕਈ ਵਾਰ ਰੈਗਿੰਗ ਨੂੰ ਰੋਕਣ ਦੇ ਤਰੀਕੇ ਲੱਭਣ ਤੇ ਉਨ੍ਹਾਂ ਨੂੰ ਕਾਲਜਾਂ 'ਚ ਲਾਗੂ ਕਰਨ ਲਈ ਸਬੰਧਤ ਪ੍ਰਸ਼ਾਸਨ ਨੂੰ ਨਿਰਦੇਸ਼

ਵੀ ਦਿੱਤੇ ਪਰ ਦਿਨ-ਬ-ਦਿਨ ਨਾਸੂਰ ਬਣ ਕੇ ਵਿਦਿਆਰਥੀਆਂ ਦੀ ਜਾਨ ਲੈਂਦੇ ਜਾ ਰਹੇ ਮੌਜ ਮਸਤੀ ਦੇ ਇਸ ਘ੍ਰਿਣਿਤ ਰੂਪ ’ਤੇ ਪੂਰੀ ਤਰ੍ਹਾਂ ਰੋਕ ਨਹੀਂ ਲੱਗ ਸਕੀ। ਜੇ ਨਿਯਮਾਂ ਤੇ ਨਿਰਦੇਸ਼ਾਂ ਦੀ ਗੱਲ ਕਰੀਏ ਤਾਂ ਅਸੀਂ ਆਪ ਜਾਣਦੇ ਹਾਂ ਕਿ ਲਗਭਗ ਹਰ ਸਿੱਖਿਆ ਸੰਸਥਾ ਵਿੱਚ ਨਿਗਰਾਨੀ, ਸੁਧਾਰ ਤੇ ਸਜ਼ਾ ਦੀ ਵਿਵਸਥਾ ਹੈ। ਹੁਣ ਜਦ ਅਦਾਲਤ ਵਲੋਂ ਵਿਆਪਕ ਰੂਪ ਵਿੱਚ ਸਮੱਸਿਆ ਦੀ ਜੜ੍ਹ ’ਤੇ ਵਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਦ ਇਨ੍ਹਾਂ ਤਰੀਕਿਆਂ ਤੇ ਉਪਾਵਾਂ ’ਤੇ ਬਹਿਸ ਵੀ ਛਿੜ ਗਈ ਹੈ। ਇਨ੍ਹਾਂ ’ਚੋਂ ਇਕ ਬਹਿਸ ਇਸ ਗੱਲ ’ਤੇ ਕੇਂਦਰਿਤ ਹੈ ਕਿ ਰੈਗਿੰਗ ਬਾਰੇ ਸਕੂਲਾਂ ਦੇ ਸਿਲੇਬਸ ’ਚ ਵੱਖਰਾ ਇਕ ਆਧਿਆਇ ਜੋੜਨ ਦੀ ਸਿਫਾਰਸ਼ ਸਹੀ ਹੈ ਜਾਂ ਨਹੀਂ? NCERT ਤੇ SCERT ਦੇ ਨਾਲ ਸਮਾਜਕ ਵਿਗਿਆਨ ਤੇ ਰਾਜਸੀ ਵਿਗਿਆਨ ਦੀਆਂ ਪੁਸਤਕਾਂ ਦੇ ਲੇਖਣ ਕਾਰਜ ਨਾਲ ਜੁੜੀ ਰਹੀ ਅਤੇ ਹੁਣ ਸਕੂਲੀ ਕਿਤਾਬਾਂ ’ਤੇ ਵਿਸ਼-ਵਿਸਲੇਸ਼ਣਾਤਮਿਕ ਅਧਿਐਨ ਕਰ ਰਹੀ ਦਿਪਤਾ ਭੋਗ ਦਾ ਕਹਿਣਾ ਹੈ ਕਿ ਇਹ ਸੁਝਾਅ ਹੀ ਗਲਤ ਹੈ। ਹਰ ਸਮਾਜਕ ਸਮੱਸਿਆ ’ਤੇ ਇਕ ਪਾਠ ਬਣਾ ਕੇ ਪਾਠ-ਪੁਸਤਕਾਂ ’ਚ ਜੋੜ ਦਿੱਤਾ ਜਾਣਾ ਸਮੱਸਿਆ ਦਾ ਹੱਲ ਨਹੀਂ? ਕੁਝ ਸਮੇਂ ਬਾਅਦ ਨਾਰੀਵਾਦੀ ਸੰਗਠਨ ਇਹ ਮੰਗ ਕਰਨ ਲੱਗਣਗੇ ਕਿ ਬਲਾਤਕਾਰ ’ਤੇ ਵੀ ਇਕ ਪਾਠ ਸ਼ਾਮਲ ਕੀਤਾ ਜਾਵੇ। ਫਿਰ ਕੁਝ ਸਮੇਂ ਪਿੱਛੋਂ ਵਾਤਾਵਰਣ ਪ੍ਰੇਮੀ ਵੀ ਇਸ ਤਰ੍ਹਾਂ ਦੀ ਮੰਗ ਉਠਾਉਣ ਲੱਗ ਜਾਣਗੇ। ਮਹਿਲਾ ਵਰਕਰ ਦਿਪਤਾ ਅਨੁਸਾਰ ਅਧਿਆਇ ਜੋੜ ਕੇ ਅਸੀਂ ਸਿਰਫ ਖਾਨਾਪੂਰਤੀ ਕਰਾਂਗੇ, ਸਮੱਸਿਆ ਦੀ ਜੜ੍ਹ ਨਾਲ ਨਿਬੜਨ ਦਾ ਇਹ ਕੋਈ ਤਰੀਕਾ ਨਾ ਹੋਇਆ। ਉਨ੍ਹਾਂ ਨੇ ਸਮੱਸਿਆ ’ਤੇ ਇਕ ਵੱਖਰਾ ਦ੍ਰਿਸ਼ਟੀਕੋਣ ਪੇਸ਼ ਕਰਦਿਆਂ ਕਿਹਾ ਕਿ ਦਰਅਸਲ ਰੈਗਿੰਗ ਪਾਵਰ ਤੇ ਹਿੰਸਾ ਦਾ ਹੀ ਇਕ ਰੂਪ ਹੈ। ਜਿਸ ਕੋਲ ਦੋਵੇਂ ਚੀਜ਼ਾਂ ਹਨ, ਉਹ ਇਹ ਮੰਨ ਕੇ ਚੱਲਦਾ ਹੈ ਕਿ ਉਹ ਕੁਝ ਵੀ ਕਰ ਸਕਦਾ ਹੈ। ਸਿੱਖਿਆ ਪ੍ਰਣਾਲੀ ਉਪਦੇਸ਼ਾਤਮਕ ਬਣੀ ਰਹੇਗੀ ਤੇ ਉਹ ਕਿਸੇ ਦਾ ਵੀ ਭਲਾ ਨਹੀਂ ਕਰ ਸਕੇਗੀ। ਦੂਜੀ ਬਹਿਸ ਦੇ ਕੇਂਦਰ ’ਚ ਰੈਗਿੰਗ ਨੂੰ ਅਪਰਾਧ ਮੰਨਣ ’ਤੇ ਕਠੋਰ ਸਜ਼ਾ ਆਦਿ ਦੇ ਅਦਾਲਤੀ ਫੈਸਲੇ ’ਤੇ ਸਵਾਲੀਆ ਨਿਸ਼ਾਨ ਲਾਏ ਜਾ ਰਹੇ ਹਨ। ਇਨ੍ਹਾਂ ਦੀ ਇਕ ਵਜ੍ਹਾ ਇਹ ਹੈ ਕਿ ਰੈਗਿੰਗ ਦੀ ਭਾਸ਼ਾ ਸਬੰਧੀ ਉਲਝਣ ਹੈ। ਇਹ ਕਿਹੜੀ ਲਛਮਣ ਰੇਖਾ ਹੋਵੇਗੀ ਜਿਸ ਬਾਅਦ ਸੀਨੀਅਰ ਤੇ ਫਰੈਸ਼ਰ ਦੀ ਮੁਲਾਕਾਤ ਸਿਰਫ ਵਾਕਫੀਅਤ ਤੇ ਮੌਜ-ਮਸਤੀ ਨਾ ਰਹਿ ਕੇ ਸਰੀਰਕ ਜਾਂ ਮਾਨਸਿਕ ਤਸੀਹੇ ’ਚ ਬਦਲੀ ਮੰਨੀ ਜਾਵੇਗੀ? ਕਿਉਂਕਿ ਇਸ ਬਾਬਤ ਕੋਈ ਸੀਮਾ ਰੇਖਾ ਖਿੱਚਣਾ ਵਿਵਹਾਰਿਕ ਤੌਰ ’ਤੇ ਸੰਭਵ ਨਹੀਂ ਹੈ ਤਦ ਅਜਿਹੇ ’ਚ ਇਸ ਗੱਲ ਦੀ ਖਾਸੀ ਸੰਭਾਵਨਾ ਹੈ ਕਿ ਮਾਮੂਲੀ ਛੇੜਛਾੜ ’ਤੇ ਵੀ ਕੋਈ ਵਿਦਿਆਰਥੀ ਅਚਾਨਕ ਦੋਸ਼ੀ ਜਾਂ ਅਪਰਾਧੀ ਸ਼੍ਰੇਣੀ ’ਚ ਆ ਜਾਵੇ। ਇਕ ਖਤਰਾ ਇਹ ਵੀ ਹੈ ਕਿ ਹੋਰ ਨਿਯਮਾਂ ਵਾਂਗੂ ਇਨ੍ਹਾਂ ਕਾਨੂੰਨਾਂ ਦੀ ਵੀ ਬਿਨਾਂ ਵਜ੍ਹਾ ਵਰਤੋਂ ਹੋ ਸਕਦੀ ਹੈ।

ਯੂਨੀਵਰਸਿਟੀ ਦੇ ਲੈਕਚਰਾਰ ਤੇ ਪ੍ਰੋਫੈਸਰਾਂ ਦਾ ਇਕ ਵਰਗ ਇਹ ਕਹਿੰਦਾ ਹੈ ਕਿ ਪੁਲੀਸ ਤੇ ਅਦਾਲਤ ਦਾ ਦਖਲ ਉਦੋਂ ਹੀ ਹੋਣਾ ਚਾਹੀਦਾ ਹੈ ਜਦੋਂ ਅੰਦਰੂਨੀ ਸੁਧਾਰ ਦੀ ਗੁੰਜਾਇਸ਼ ਖਤਮ ਹੋ ਜਾਵੇ। ਪਰ ਇਸ ਦਾ ਇਹ ਅਰਥ ਨਹੀਂ ਕਿ ਅੰਦਰੂਨੀ ਸੁਧਾਰ ਦੇ ਨਾਂ ’ਤੇ ਸਿਰਫ ਖਾਨਾਪੂਰਤੀ ਕੀਤੀ ਜਾਵੇ। ਹਾਲਾਂਕਿ ਸੁਪਰੀਮ ਕੋਰਟ ਦੇ ਆਦੇਸ਼ ਪਿੱਛੋਂ ਇਸ ਗੱਲ ਦੀ ਵੱਧ ਉਮੀਦ ਜਤਾਈ ਜਾ ਸਕਦੀ ਹੈ ਕਿ ਹੁਣ

ਯੂਨੀਵਰਸਿਟੀ ਪ੍ਰਸ਼ਾਸਨ ਹੋਰ ਵੱਧ ਹੁਸ਼ਿਆਰ ਹੋ ਜਾਵੇਗਾ। ਮਾਪੇ ਵੀ ਅਦਾਲਤ ਦੇ ਫੈਸਲੇ ਨੂੰ ਸਹੀ ਕਹਿ ਰਹੇ ਹਨ ਹਾਲਾਂਕਿ ਦਿੱਲੀ ਯੂਨੀਵਰਸਿਟੀ ਸਮੇਤ ਹੋਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਇਕ ਵਰਗ ਨੇ ਮੰਨਿਆ ਕਿ ਰੈਗਿੰਗ ਦੇ ਕਾਨੂੰਨਾਂ ਦੀ ਉਲੰਘਣਾ ਹੋਵੇਗੀ ਹੀ। ਸਨਾਤਕੋਰ ਕਰ ਰਹੀ ਇਕ ਵਿਦਿਆਰਥਣ ਦਾ ਕਹਿਣਾ ਹੈ ਕਿ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ "ਕਾਨੂੰਨ ਬਣਾ ਦੇਣ ਨਾਲ ਸਮੱਸਿਆਵਾਂ ਸਮਾਪਤ ਹੋਣਾ ਸੰਭਵ ਹੁੰਦਾ ਤਾਂ ਦਹੇਜ ਤੇ ਬਾਲ ਵਿਆਹ ਕਦੋਂ ਦੇ ਖਤਮ ਹੋ ਗਏ ਹੁੰਦੇ।" ਦਰਅਸਲ ਰੈਗਿੰਗ ਅੱਜ ਕੱਲ੍ਹ ਇਕ ਸਮਾਜਕ ਸਮੱਸਿਆ ਬਣ ਚੁੱਕੀ ਹੈ। ਕਿਸੇ ਵੀ ਹੋਰ ਸਮਾਜਕ ਸਮੱਸਿਆ ਵਾਂਗ ਇਸ ਨਾਲ ਜੁਝਣ ਲਈ ਵੀ ਵਿਅਕਤੀਗਤ ਤੇ ਸਮੂਹਕ ਬਦਲਾਅ ਦੀ ਕੋਸ਼ਿਸ਼ ਕਰਨੀ ਜ਼ਰੂਰੀ ਹੋਵੇਗੀ। ਰੈਗਿੰਗ ਦੇ 60 ਪ੍ਰਤੀਸ਼ਤ ਕੇਸਾਂ 'ਚ ਸਰੀਰਕ ਤਸੀਹੇ ਦਿੱਤੇ ਜਾਂਦੇ ਹਨ ਜਦਕਿ 20 ਪ੍ਰਤੀਸ਼ਤ ਕੇਸ ਯੌਨ ਸ਼ੋਸ਼ਣ ਨਾਲ ਸਬੰਧਤ ਹੁੰਦੇ ਹਨ। ਪਿਛਲੇ ਦੋ ਸਾਲਾਂ 'ਚ 61 ਕਾਲਜਾਂ 'ਚ 64 ਕੇਸ ਸਾਹਮਣੇ ਆਏ ਹਨ। ਪਿਛਲੇ ਦੋ ਸਾਲਾਂ 'ਚ 11 ਮੌਤਾਂ 10 ਖੁਦਕੁਸ਼ੀਆਂ ਹੋਈਆਂ, 23 ਵਿਦਿਆਰਥੀ ਰੈਗਿੰਗ ਕਾਰਨ ਬੁਰੀ ਤਰ੍ਹਾਂ ਜ਼ਖਮੀ ਹੋਏ ਹਨ।

# ਮਰਦਾਵੇਂ ਰਾਜ ਤੇ ਪੂੰਜੀਵਾਦ ਦੀ ਮਿਲੀ ਜੁਲੀ ਸਾਜ਼ਿਸ਼ ਹੈ - ਕੰਨਿਆ ਭਰੂਣ ਹੱਤਿਆ

ਔਰਤਾਂ ਦੀ ਹੋਂਦ ਨੂੰ ਸ਼ਰੇਆਮ ਚੁਣੌਤੀ ਦਿੰਦਾ ਕੰਨਿਆ ਭਰੂਣ ਹੱਤਿਆ ਦਾ ਬੇਰਹਿਮ ਅਮਲ/ਰਿਵਾਜ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ ਕੀ ਅਸਲ 'ਚ ਨਾਰੀ ਨੂੰ ਜਨਮ ਦੇਣ ਦਾ ਹੱਕ ਨਹੀਂ ਹੈ, ਕਿ ਉਹ ਦੋਮ ਦਰਜੇ ਦੀ ਨਾਗਰਿਕ ਸਮਾਜ ਨੂੰ ਸਿਰਫ਼ ਫਾਇਦਾ ਪਹੁੰਚਾਉਣ ਲਈ ਹੀ ਹੈ ਜਾਂ ਇਸ ਦੀ ਕੋਈ ਆਜ਼ਾਦ ਹੋਂਦ ਵੀ ਹੈ? ਹਰਿਆਣਾ ਦੇ ਕੁਰਕਸ਼ੇਤਰ 'ਚ 1000 ਲੜਕਿਆਂ ਪਿੱਛੇ ਸਿਰਫ਼ 820 ਲੜਕੀਆਂ ਹੀ ਰਹਿ ਗਈਆਂ ਹਨ। ਦੇਸ਼ 'ਚ ਸਭ ਤੋਂ ਘੱਟ ਲਿੰਗ ਅਨੁਪਾਤ ਵਾਲਾ ਇਹ ਦਾ ਦੂਜਾ ਵੱਡਾ ਜ਼ਿਲ੍ਹਾ ਹੈ। ਔਰਤਾਂ ਦੇ ਨਾਲ ਹੋਣ ਵਾਲੀ ਇਹ ਹਿੰਸਾ ਜਨਤਾ ਦੇ ਪਿਛੜੇਪਣ, ਗਰੀਬੀ ਤੇ ਅਨਪੜ੍ਹਤਾ ਕਾਰਨ ਹੀ ਨਹੀਂ ਹੈ ਵਰਨਾ ਇਹ ਹਿੰਸਾ ਉੱਤਰ ਪ੍ਰਦੇਸ਼ 'ਚ ਵੱਧ ਹੈ। ਪੰਜਾਬ, ਹਰਿਆਣਾ, ਦਿੱਲੀ, ਮਹਾਂਰਾਸ਼ਟਰ ਤੇ ਪੱਛਮੀ ਉੱਤਰ ਪ੍ਰਦੇਸ਼ ਕੁਝ ਅਜਿਹੇ ਹੀ ਸੂਬੇ ਹਨ। ਉੱਤਰਾਖੰਡ ਸੂਬੇ 'ਚ ਸਭ ਤੋਂ ਪਹਿਲਾਂ ਲਿੰਗ ਜਾਂਚ ਦੀ ਇਹ ਤਕਨੀਕ ਸੰਨ 2000 'ਚ ਦੇਹਰਾਦੂਨ 'ਚ ਆਈ ਤੇ ਹੁਣ ਬਹੁਤ ਸਾਰੇ ਛੋਟੇ ਸ਼ਹਿਰਾਂ 'ਚ ਪੁੱਜ ਚੁੱਕੀ ਹੈ। ਇੱਥੇ ਵੀ ਊਧਮ ਸਿੰਘ ਨਗਰ 'ਚ ਕੰਨਿਆ ਭਰੂਣ ਹੱਤਿਆ ਦਾ ਗ੍ਰਾਫ਼ ਸਭ ਤੋਂ ਵੱਧ ਹੈ। ਇਹ ਹੱਤਿਆਵਾਂ ਸਭ ਤੋਂ ਵੱਧ ਸਵਰਨ (ਉੱਚ ਜਾਤੀ) ਪਰਿਵਾਰਾਂ 'ਚ ਹਨ। ਸਪੱਸ਼ਟ ਹੈ ਕਿ ਇਹ ਹਿੰਸਾ ਦਾ ਕਾਰਨ ਗਰੀਬੀ ਜਾਂ ਪਿਛੜਿਆਪਣ ਨਹੀਂ ਹੈ ਬਲਕਿ ਪਿਤਾ ਸੱਤਾ ਤੇ ਨਿੱਜੀ ਜਾਇਦਾਦ ਦੀ ਮਿਲੀ ਜੁਲੀ ਸੋਚ ਹੈ। ਜਿਸ ਤਹਿਤ ਬੇਟਾ ਕਮਾਈ ਵਧਾਉਣ ਦਾ ਜਰੀਆ ਹੈ ਤੇ ਬੇਟੀ ਦਾ ਪਾਲਣ-ਪੋਸ਼ਣ ਤੇ ਉਸ ਦੇ ਦਹੇਜ ਲਈ ਪੈਸਾ ਘਾਟੇ ਦਾ ਸੌਦਾ ਹੈ। ਭਾਰਤੀ ਇਤਿਹਾਸ 'ਚ ਕਦੀ ਵੰਸ਼ ਚਲਾਉਣ, ਤੇ ਕਦੀ ਖਾਨਦਾਨ ਦੀ ਇੱਜ਼ਤ ਬਚਾਉਣ ਲਈ ਕੰਨਿਆ ਹੱਤਿਆ ਬੜੇ ਹੀ ਬੇਰਹਿਮ ਤਰੀਕਿਆਂ ਨਾਲ ਹੁੰਦੀ ਆਈ ਹੈ ਤੇ ਅੱਜ 21ਵੀਂ ਸਦੀ 'ਚ ਇਹੋ ਗਿਣੀ ਮਿਥੀ ਹੱਤਿਆ ਨੂੰ ਮੈਡੀਕਲ ਸਾਇੰਸ ਦੀ ਆਧੁਨਿਕ ਤਕਨਾਲੌਜੀ ਨੇ ਬਹੁਤ ਸੌਖਾ ਕਰ ਦਿੱਤਾ ਹੈ। 1990 ਤੋਂ ਪਹਿਲਾਂ ਇਹ ਜਾਂਚ ਦੇਸ਼ ਦੇ ਕੁੱਝ ਗਿਣੇ ਚੁਣੇ ਸ਼ਹਿਰਾਂ 'ਚ ਜਿਵੇਂ ਅੰਮ੍ਰਿਤਸਰ, ਮੁੰਬਈ, ਦਿੱਲੀ, ਵਰਗੀਆਂ, ਥਾਵਾਂ 'ਤੇ ਹੁੰਦੀ ਸੀ। ਇਹ ਜਾਂਚ ਮਹਿੰਗੀ ਹੋਣ ਕਰਕੇ ਉੱਚ ਵਰਗ ਤੱਕ ਹੀ ਸੀਮਿਤ ਸੀ। ਪਰ ਪਿਛਲੇ 10 ਸਾਲਾਂ 'ਚ ਦੇਸ਼ ਦੇ ਗਲੀ-ਮੁਹੱਲਿਆਂ 'ਚ ਅਜਿਹੇ ਲਿੰਗ ਪ੍ਰੀਖਣ ਕਰਨ ਵਾਲੇ ਅਲਟਰਾਸਾਊਂਡ ਕਲੀਨਿਕਾਂ ਦੀ ਗਿਣਤੀ ਭਾਰੀ ਮਾਤਰਾ 'ਚ ਵਧੀ ਹੈ 'ਤੇ ਅੱਜ ਪਿੰਡਾਂ, ਕਸਬਿਆਂ 'ਚ ਆ ਪਹੁੰਚੀ ਹੈ। ਇਥੇ ਇਹ ਤਕਨੀਕ 1500 ਤੋਂ 2000 ਰੁ. ਤੱਕ ਮੁਹੱਈਆ ਹੈ। ਨਵਜਾਤ ਬੱਚੀਆਂ ਦੀ ਹੱਤਿਆ ਦੀ ਇਹ ਕੁਕਰਮ ਸਾਲ ਦਰ ਸਾਲ ਸਸਤਾ ਹੁੰਦਾ ਜਾ ਰਿਹਾ ਹੈ। ਅੰਕੜਿਆਂ ਅਨੁਸਾਰ ਦੇਸ਼ 'ਚ ਫੈਲੇ ਕਰੀਬ 40 ਹਜ਼ਾਰ ਅਲਟਰਾਸਾਊਂਡ ਕਲੀਨਕਾਂ 'ਚ ਕਰੀਬ 60 ਲੱਖ ਮਾਦਾ ਭਰੂਣ ਹੱਤਿਆਵਾਂ ਹਰ ਸਾਲ ਹੋ ਰਹੀਆਂ ਹਨ। ਇਹ ਤਕਨੀਕ ਇੰਨੀ ਆਮ ਹੈ ਕਿ ਚੰਬਲ ਦੀਆਂ ਘਾਟੀਆਂ 'ਚ ਜੋ ਵਿਕਾਸ ਤੋਂ ਕਾਫ਼ੀ ਦੂਰ ਹਨ। ਡਾ. ਖੁਦ ਇਸ ਤਕਨੀਕ ਨਾਲ ਪਹੁੰਚ ਰਹੇ ਹਨ। ਇਸ ਪੂਰੇ ਅਮਲ 'ਚ

ਮੈਡੀਕਲ ਮਾਫ਼ੀਆ ਦਾ ਪੂਰਾ ਰੋਲ ਹੈ। ਦੋਵਾਂ ਸਨਅਤ ਤੇ ਤਕਨੀਸ਼ੀਅਨਾਂ ਦੀ ਆਪਸੀ ਮਿਲੀ ਭੁਗਤ ਵੱਧ ਤੋਂ ਵੱਧ ਮਨਾਫ਼ੇ ਲਈ ਹਰ ਤਰ੍ਹਾਂ ਨਾਲ ਤਿਆਰ ਹੈ। ਹਮੇਸ਼ਾਂ ਤੋਂ ਹੀ ਪਿਤਾ ਪੁਰਖੀ ਸੱਤਾ ਖਾਨਦਾਨ ਦੀ ਇੱਜ਼ਤ ਬਚਾਉਣ ਦੇ ਬਹਾਨੇ ਅਤੇ ਪੂੰਜੀਵਾਦ ਅਲਟਰਾਸਾਊਂਡ 'ਤੇ ਗਰਭਪਾਤ ਦੇ ਜਰੀਏ ਮੋਟੀ ਕਮਾਈ ਕਰਨ ਲਈ ਔਰਤ ਦੇ ਸਰੀਰ ਦੀ ਹਰ ਤਰ੍ਹਾਂ ਨਾਲ ਵਰਤੋਂ ਕਰਦੇ ਆਏ ਹਨ, ਕਿਉਂਕਿ ਪੂੰਜੀਵਾਦ ਤੇ ਪਿਤਾਪੁਰਖੀ ਸੱਤਾ ਦੋਹਾਂ ਦਾ ਮਕਸਦ ਮੁਨਾਫ਼ਾ ਕਮਾਉਣਾ ਹੀ ਹੈ। ਇਨ੍ਹਾਂ ਅਲਟਰਾਸਾਊਂਡ ਕਲੀਨਿਕਾਂ, ਮੈਟਰਨਿਟੀ ਹੋਮਾ ਦਾ ਆਰਥਿਕ ਸਰੋਤ ਭਰੂਣ ਹੱਤਿਆ 'ਤੇ ਗੈਰ-ਕਾਨੂੰਨੀ ਅਪਰੇਸ਼ਨ ਹੀ ਹੈ। ਮੈਡੀਕਲ ਮਾਫ਼ੀਆ ਕਲੀਨਿਕ ਦੇ ਏਜੰਟ ਪੀ. ਆਰ ਓ. ਦੇ ਨਾਂ 'ਤੇ ਸ਼ਹਿਰਾਂ, ਕਸਬਿਆਂ, ਇੱਥੋਂ ਤੱਕ ਕਿ ਪਿੰਡਾਂ 'ਚ ਜਾ ਕੇ ਲੋਕਾਂ ਨੂੰ ਲਿੰਗ ਜਾਂਚ ਲਈ ਪ੍ਰੇਰਿਤ ਕਰਦੇ ਹਨ, ਤੇ ਇਸ ਤਰ੍ਹਾਂ ਪੂਰਾ ਮੈਡੀਕਲ ਮਾਫ਼ੀਆ ਆਪਣਾ ਮੁਨਾਫ਼ਾ ਕਮਾਉਂਦਾ ਹੈ। ਇਸ ਪੂਰੇ ਘਟਨਾਕ੍ਰਮ ਮੈਡੀਕਲ ਟਰਮੀਨੇਸ਼ਨ ਐਕਟ ਐਮ. ਟੀ. ਏ. (1972) 'ਤੇ ਮੈਡੀਕਲ ਟਰਮੀਨੇਸ਼ਨ ਐਕਟ ਐਂਡ ਪ੍ਰੀਨੇਟਲ ਡਾਇਗਨੋਸਟਿਕ 'ਚ ਗਰਭਪਾਤ ਸਿਰਫ਼ ਮਾਂ ਜਾਂ ਬੱਚੇ ਦੀ ਜਾਨ ਦਾ ਖ਼ਤਰਾ ਜਾਂ ਕੋਈ ਜਾਨਲੇਵਾ ਬਿਮਾਰੀ ਹੋਣ 'ਤੇ ਅਤੇ (ਪੀ. ਐਨ. ਡੀ. ਟੀ) ਜਿਸ ਦੇ ਤਹਿਤ ਗਰਭ ਦਾ ਲਿੰਗ ਪ੍ਰੀਖਣ ਗੈਰ-ਕਾਨੂੰਨੀ ਹੈ। ਇਹ ਦੋਨੋਂ ਹੀ ਅਜਿਹੇ ਕਾਨੂੰਨ ਬਣ ਕੇ ਰਹਿ ਗਏ ਹਨ ਕਿ ਜਿਨ੍ਹਾਂ ਦਾ ਕਿਸੇ ਦੇ ਮਨ 'ਚ ਕੋਈ ਡਰ ਨਹੀਂ ਬੈਠ ਸਕਿਆ ਹੈ। ਕੰਨਿਆਂ ਭਰੂਣ ਹੱਤਿਆ ਦਾ ਮਾਮਲਾ ਜੇ ਔਰਤਾਂ ਹੀ ਨਹੀਂ ਰਹਿਣਗੀਆਂ ਤਾਂ ਬਹੂਆਂ ਕਿੱਥੋਂ ਆਉਣਗੀਆਂ 'ਤੇ ਬੇਟੇ ਵੀ ਕਿੱਥੋਂ ਪੈਦਾ ਹੋਣਗੇ। ਇਸੇ ਪਿੱਛੇ ਮਰਦਾਵੀਂ ਸੋਚ ਹੈ ਜੋ ਔਰਤ ਦੀ ਅਜ਼ਾਦ ਹੋਂਦ ਨੂੰ ਨਕਾਰਦੀ ਹੈ। ਉਸ ਨੂੰ ਸਿਰਫ਼ ਮਰਦ ਦੇ ਕੰਮ ਆਉਣ ਵਾਲੀ ਬੇਟੀ, ਪਤਨੀ ਜਾਂ ਮਾਂ ਦਾ ਦਰਜਾ ਹੀ ਦਿੰਦੀ ਹੈ। ਇਹ ਸੋਚ ਨਾਰੀ ਦੇ ਜਨਮ ਲੈਣ 'ਤੇ ਆਪਣੀ ਜ਼ਿੰਦਗੀ ਖੁਦ ਜਿਉਣ ਦੇ ਨਾਗਰਿਕ ਅਧਿਕਾਰ ਨੂੰ ਹੀ ਨਹੀਂ ਮੰਨਦੀ। ਇਸ ਲਈ ਅੱਜ ਸਾਨੂੰ ਜ਼ਰੂਰਤ ਹੈ ਇਸ ਪੂੰਜੀਵਾਦ 'ਤੇ ਮੁਨਾਫ਼ੇ 'ਤੇ ਅਧਾਰਿਤ ਸਮਾਜ 'ਚ ਮਿੱਤਰ ਸੱਤਾ ਨੂੰ ਪੁੱਟ ਸੁੱਟਣ ਦੀ 'ਤੇ ਔਰਤ ਦੀ ਅਜ਼ਾਦ ਹਸਤੀ ਕਾਇਮ ਕਰਨ ਲਈ ਉੱਠ ਖੜ੍ਹੇ ਹੋਣ ਵਾਲੇ ਦੇਸ਼ ਵਿਆਪੀ ਅੰਦੋਲਨ ਦੀ ਅਗਵਾਈ ਸਹੀ ਹੱਥਾਂ 'ਚ ਸੌਂਪਣ ਦੀ। ਜੋ ਨਾਰੀ ਨੂੰ ਦੂਜੇ ਦਰਜ਼ੇ ਦੀ ਨਹੀਂ ਬਲਕਿ ਇਕ ਆਤਮ ਨਿਰਭਰ ਨਾਗਰਿਕ ਦੀ ਅਜ਼ਾਦ ਹੋਂਦ ਦੇ ਸਕੇ।

# ਭਾਰਤੀ ਫ਼ੌਜ 'ਚ ਔਰਤਾਂ ਨਾਲ ਭੇਦਭਾਵ

ਜੰਮੂ-ਕਸ਼ਮੀਰ ਦੇ ਊਧਮਪੁਰ ਵਿਚ ਥਲ ਸੈਨਾ ਦੇ ਉੱਤਰੀ ਕਮਾਨ ਦੇ ਮੁੱਖ ਦਫ਼ਤਰ ਵਿਚ ਤੈਨਾਤ ਮਸ਼ੀਨ ਟਰਾਂਸਪੋਰਟ ਇਕਾਈ ਦੀ ਪਲਟੂਨ ਕਮਾਂਡਰ ਲੈਫਟੀਨੈਂਟ ਸੁਸ਼ਮਿਤਾ ਚੱਕਰਵਰਤੀ 15 ਜੂਨ ਦੀ ਦੁਪਹਿਰ ਨੂੰ ਇਕਲੌਤੇ ਅਧਿਕਾਰੀ ਰਿਹਾਇਸ਼ ਦੇ ਨੇੜੇ ਨਵੇਂ ਬਣੇ ਗੈਸਟ ਹਾਊਸ ਦੇ ਪਾਸ ਰੁਕੀ, ਯੁੱਧ ਦੀ ਵਰਦੀ ਪਹਿਨੀ ਇਸ ਅਧਿਕਾਰੀ ਨੇ ਉਥੋਂ ਦੇ ਸੰਤਰੀ ਤੋਂ ਉਸ ਦੀ ਰਾਈਫਲ ਇਸ ਬਹਾਨੇ ਮੰਗ ਲਈ ਕਿ ਉਸ ਨੇ ਕੁਝ ਤਸਵੀਰਾਂ ਖਿੱਚਣੀਆਂ ਹਨ, ਉਹ ਗੈਸਟ ਹਾਊਸ ਦੇ ਇਕ ਕਮਰੇ ਵਿਚ ਘੁਸੀ, ਰਾਈਫਲ ਨੂੰ ਠੋਡੀ ਨਾਲ ਲਾਇਆ ਤੇ ਉਸ ਦਾ ਘੋੜਾ ਦਬਾ ਕੇ ਆਪਣੀ ਜੀਵਨ ਲੀਲ੍ਹਾ ਖ਼ਤਮ ਕਰ ਲਈ। ਭਾਰਤ ਵਿਚ ਹਥਿਆਰਬੰਦ ਦਸਤਿਆਂ ਵਿਚ ਔਰਤਾਂ ਦੇ ਦਾਖ਼ਲੇ ਦੇ 14 ਸਾਲਾਂ ਵਿੱਚ ਕਿਸੇ ਔਰਤ ਅਧਿਕਾਰੀ ਦੀ ਆਤਮ-ਹੱਤਿਆ ਦੀ ਇਹ ਪਹਿਲੀ ਘਟਨਾ ਸੀ ਜਿਸ ਨਾਲ ਜਾਣੇ-ਪਛਾਣੇ ਸੁਆਲ ਫਿਰ ਉਭਰ ਆਏ ਕਿ ਔਰਤਾਂ ਯੁੱਧ ਦੇ ਮੋਰਚੇ 'ਤੇ ਤਾਇਨਾਤੀ ਦੀ ਗੱਲ ਤਾਂ ਦੂਰ, ਜਿਨ੍ਹਾਂ ਦੀ ਅਜੇ ਮਨਜ਼ੂਰੀ ਹੀ ਨਹੀਂ ਹੈ, ਫੌਜੀ ਜੀਵਨ ਦੀਆਂ ਕਠਿਨਾਈਆਂ ਸਹਿਣ ਲਈ ਯੋਗ ਵੀ ਹਨ ਜਾਂ ਨਹੀਂ। ਅਕਸਰ ਇਸ 'ਤੇ ਹਥਿਆਰਬੰਦ ਦਸਤਿਆਂ ਵਿਚ ਪ੍ਰਤੀਕ੍ਰਿਆ ਇਸਤਰੀਆਂ ਦੀ ਸੀਮਾ ਛੂਹਣ ਲੱਗਦੀ ਹੈ। ਸੈਨਾ ਦੇ ਇਕ ਕਰਨਲ ਦਾ ਸੁਆਲ ਹੈ "ਮੈਂ ਆਪਣੀ ਟੁਕੜੀ ਦੇ ਨਾਲ ਜਦ ਗਸ਼ਤ 'ਤੇ ਹੁੰਦਾ ਹਾਂ ਤਾਂ ਮੈਨੂੰ ਕਈ ਤਰ੍ਹਾਂ ਦੀਆਂ ਕਠਿਨਾਈਆਂ ਝੱਲਣੀਆਂ ਪੈਂਦੀਆਂ ਹਨ ਤੇ ਅਕਸਰ ਜਵਾਨਾਂ ਦੇ ਨਾਲ ਹੀ ਸੌਣਾ ਪੈਂਦਾ ਹੈ। ਕੀ ਕੋਈ ਔਰਤ ਅਧਿਕਾਰੀ ਅਜਿਹਾ ਕਰ ਸਕੇਗੀ?"

ਸ਼ਾਇਦ ਇਸੇ ਧਾਰਨਾ ਦੀ ਵਜ੍ਹਾ ਨਾਲ ਥਲ ਸੈਨਾ ਦੇ ਦੂਜੇ ਉੱਚ ਅਧਿਕਾਰੀ ਥਲ ਸੈਨਾ ਉਪ-ਮੁਖੀ ਲੈਫਟੀਨੈਂਟ ਜਨਰਲ ਪਦਾਭਿਅਨ ਖੁਦਕੁਸ਼ੀ ਦੇ ਇਸ ਘਟਨਾ ਤੋਂ ਅਗਲੇ ਹੀ ਦਿਨ ਇਕ ਸਥਾਨਕ ਅਖ਼ਬਾਰ ਵਿਚ ਕਹਿ ਗਏ ਕਿ ਫ਼ੌਜ ਔਰਤਾਂ ਬਿਨਾਂ ਵੀ ਕੰਮ ਚਲਾ ਸਕਦੀ ਹੈ। ਹੁਣ ਉਨ੍ਹਾਂ ਮੁਆਫ਼ੀ ਮੰਗ ਲਈ ਹੈ ਪਰ ਮਹਿਲਾ ਜਥੇਬੰਦੀਆਂ ਤੇ ਸਿਆਸੀ ਨੇਤਾਵਾਂ ਨੇ ਬਕਾਇਦਾ ਯੁੱਧ ਹੀ ਛੇੜ ਦਿੱਤਾ ਹੈ। ਉਨ੍ਹਾਂ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ ਤੇ ਉਨ੍ਹਾਂ 'ਤੇ ਦੋਸ਼ ਲਾਇਆ ਹੈ ਕਿ ਉਹ ਮਹਿਲਾ ਅਧਿਕਾਰੀਆਂ ਦਾ ਮਨੋਬਲ ਡੇਗਣਾ ਚਾਹੁੰਦੇ ਹਨ। ਉਨ੍ਹਾਂ ਨੇ ਫੌਜ ਵਿਚ ਔਰਤਾਂ ਪ੍ਰਤੀ ਸੰਵੇਨਸ਼ੀਲਤਾ ਵਿਖਾਉਣ ਦੀ ਮੰਗ ਵੀ ਰੱਖੀ ਹੈ।

ਲੈਫਟੀਨੈਂਟ ਜਨਰਲ ਪਦਾਭਿਅਨ ਦੇ ਬਿਆਨ ਨਾਲ ਇਹ ਬਹਿਸ ਛਿੜ ਗਈ ਹੈ ਕਿ ਕੀ ਹਥਿਆਰਬੰਦ ਫੌਜਾਂ ਮੋਰਚੇ 'ਤੇ ਮਹਿਲਾ ਅਧਿਕਾਰੀ, ਅਧਿਕਾਰੀਆਂ ਦੀ ਅਗਵਾਈ ਜਾਂ ਸਮੁੰਦਰੀ ਜੰਗੀ ਬੇੜਿਆਂ ਤੇ ਜੰਗੀ ਜਹਾਜ਼ਾਂ ਵਿਚ ਉਨ੍ਹਾਂ ਦੀ ਮੌਜੂਦਗੀ ਲਈ ਤਿਆਰ ਹਨ। ਵਿਗਿਆਨਕ ਨਜ਼ਰੀਏ ਤੋਂ ਔਰਤਾਂ ਕਿਸੇ ਵੀ ਮਾਮਲੇ 'ਚ ਮਰਦਾਂ ਤੋਂ ਘੱਟ ਨਹੀਂ, ਇਸ ਦੀ ਕੋਈ ਵਜ੍ਹਾ ਨਹੀਂ ਕਿ ਕੋਈ ਔਰਤ ਕਿਉਂ ਨਹੀਂ ਜੰਗੀ ਜਹਾਜ਼ ਉਡਾ ਸਕਦੀ, ਟੈਂਕ ਜਾਂ ਜੰਗੀ ਬੇੜਾ ਨਹੀਂ ਚਲਾ ਸਕਦੀ। ਉਨ੍ਹਾਂ ਨੂੰ ਇਸ ਤਰ੍ਹਾਂ ਬਾਹਰ ਰੱਖਣਾ ਧਾਰਾ ਵਿਰੁੱਧ ਤੈਰਨ ਵਾਂਗੂੰ ਹੈ। ਦੂਜੀ ਸੰਸਾਰ ਜੰਗ ਦੌਰਾਨ ਆਜ਼ਾਦ ਹਿੰਦ ਫ਼ੌਜ ਦੀ ਮਨੀ ਲਕਸ਼ਮੀ ਸਹਿਗਲ ਦੀ ਅਗਵਾਈ ਵਿਚ ਆਧੁਨਿਕ ਯੁੱਗ ਵਿਚ

ਦੁਨੀਆਂ ਦੀ ਪਹਿਲੀ ਸਿਰਫ਼ ਔਰਤਾਂ ਦੀ ਟੁਕੜੀ ਸੀ।

ਇਸਰਾਇਲੀ ਥਲ ਸੈਨਾ ਦੀਆਂ ਟੁਕੜੀਆਂ ਵਿਚ ਔਰਤਾਂ ਮੋਰਚੇ ’ਤੇ ਲੜਦੀਆਂ ਹਨ ਤੇ ਉਹ ਦੁਨੀਆਂ ਦੀਆਂ ਮੁੱਠੀ ਭਰ ਮਹਿਲਾ ਟੁਕੜੀਆਂ ਵਿੱਚੋਂ ਇਕ ਹਨ। ਭਾਰਤੀ ਹਵਾਈ ਫ਼ੌਜ ਵਿਚ ਜੰਗੀ ਜਹਾਜ਼ਾਂ ਵਿਚ ਔਰਤ-ਪਾਇਲਟਾਂ ਦਾ ਇਸ ਲਈ ਵਿਰੋਧ ਕੀਤਾ ਗਿਆ ਕਿ ਸਾਰੀਆਂ ਦੂਜੀਆਂ ਵਜਾਹਾਂ ਤੋਂ ਇਲਾਵਾ ਜੇ ਜਹਾਜ਼ ਦੁਸ਼ਮਣ ਵੱਲੋਂ ਡੇਗ ਲਿਆ ਜਾਂਦਾ ਹੈ ਤਾਂ ਉਹ ਫੜ ਲਈਆਂ ਜਾਂਦੀਆਂ ਹਨ ਤੇ ਫੇਰ ਅਤਿਆਚਾਰ ਸਹਿਣ ਨਹੀਂ ਕਰ ਸਕਣਗੀਆਂ ਤੇ ਟੁੱਟ ਜਾਣਗੀਆਂ ਯਾਨੀ ਅਸਲ ਮੁੱਦਾ ਇਹ ਹੈ ਕਿ ਕੀ ਹਥਿਆਬੰਦ ਫੌਜਾਂ ਜੋ ਮੋਟੇ ਤੌਰ ’ਤੇ ਪੁਰਸ਼ ਪ੍ਰਧਾਨ ਹਨ-ਮਹਿਲਾ ਅਧਿਕਾਰੀਆਂ ਲਈ ਤਿਆਰ ਹਨ। ਥਲ ਸੈਨਾ ਵਿਚ 34000 ਮਰਦ ਅਧਿਕਾਰੀਆਂ ਦੇ ਮੁਕਾਬਲੇ ਔਰਤ ਅਧਿਕਾਰੀਆਂ ਦੀ ਗਿਣਤੀ ਸਿਰਫ 918 ਹੈ। ਹਥਿਆਰਬੰਦ ਫੌਜਾਂ ਨੂੰ ਝੰਜੋੜਨ ਵਾਲਾ ਸੁਸ਼ਮਿਤਾ ਕਾਂਡ ਇਕੱਲਾ ਨਹੀਂ ਹੈ। ਪਿੱਛੇ ਜਿਹੇ ਹੀ ਤਿੰਨ ਮਾਮਲਿਆਂ ਵਿਚ ਸੈਨਾ ਵਿਚ ਔਰਤਾਂ ਦੀ ਭਰਤੀ ’ਤੇ ਸੁਆਲ ਖੜ੍ਹਾ ਕਰ ਦਿੱਤਾ ਹੈ ਤੇ ਥਲ ਸੈਨਾ ਮੁਖੀ ਨੇ ਇਕ ਇੰਟਰਵਿਊ ਵਿਚ ਇਹੀ ਕਿਹਾ ਹੈ ਕਿ ‘ਮਹਿਲਾ ਅਧਿਕਾਰੀ ਸਹਿਜ ਨਹੀਂ ਹੋ ਪਾਂਦੀਆਂ।”

ਇਸ ਸਾਲ ਦੇ ਸ਼ੁਰੂ ਵਿਚ ਥਲ ਸੈਨਾ ਦੇ ਦੋ ਪੁਰਸ਼ ਅਧਿਕਾਰੀ ਜਿਨ੍ਹਾਂ ਵਿਚ ਇਕ ਕਰਨਲ  ਤੇ ਮੇਜਰ ਹਨ। ਜਲੰਧਰ ਵਿਚ 26 ਵਾਯੂ ਰੱਖਿਆ ਰੈਜ਼ੀਮੈਂਟ ਦੀ ਇਕ ਮਹਿਲਾ ਅਧਿਕਾਰੀ ਨਾਲ ਬਲਾਤਕਾਰ ਤੇ ਯੋਨ ਸ਼ੋਸ਼ਣ ਦੇ ਦੋਸ਼ੀ ਪਾਏ ਗਏ, ਇਸੇ ਸਾਲ ਮਾਰਚ ਵਿਚ ਕੈਪਟਨ ਰਜਨੀ ਸ਼ਰਮਾ ਨੇ ਆਪਣੇ ਉੱਚ ਅਧਿਕਾਰੀ ਅਸਿਸਟੈਂਟ ਜੱਜ ਐਡਵੋਕੇਟ ਜਨਰਲ ਲੈਫਟੀਨੈਂਟ ਕਰਨਲ ਵਰਿੰਦਰ ਮੋਹਨ ’ਤੇ ਯੌਨ ਦੁਰਵਿਹਾਰ ਦਾ ਦੋਸ਼ ਲਾਇਆ । ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ। ਪਿਛਲੇ ਸਾਲ ਲੇਹ ਸਥਿਤ ਬ੍ਰਿਗੇਡ ਦੇ ਸੈਨਾ ਸਿੱਖਿਆ ਕੋਰ ਦੀ ਲੈਫਟੀਨੈਂਟ ਕੋਸ਼ਿਕ ਨੇ ਦੋਸ਼ ਲਾਇਆ ਕਿ ਉਨ੍ਹਾਂ ਦੀ ਯੂਨਿਟ ਦੇ ਨਿਰੀਖਣ ਦੌਰਾਨ ਉਨ੍ਹਾਂ ਦੇ ਉੱਚ ਅਧਿਕਾਰੀ ਲੈਫਟੀਨੈਂਟ ਕਰਨਲ ਜੇ. ਐਸ. ਰਾਵਤ ਨੂੰ ਸਾਫ਼ ਬਰੀ ਕਰ ਦਿੱਤਾ ਗਿਆ ਪਰ ਉਨ੍ਹਾਂ ’ਤੇ ਜ਼ੁਰਮਾਨਾ ਠੋਕ ਦਿੱਤਾ ਗਿਆ। ਇਸ ਤੋਂ ਇਲਾਵਾ ਪਿਛਲੇ ਸਾਲ ਮਹਿਲਾ ਅਧਿਕਾਰੀਆਂ ਨਾਲ ਕਈ ਵਾਰਦਾਤਾਂ ਹੋਈਆਂ। ਦਿਖ ਕੋਰਟ ਮਾਰਸ਼ਲ ਵਿਚ ਫਲਾਇੰਗ ਅਧਿਕਾਰੀ ਅੰਜਲੀ ਗੁਪਤਾ ਨੂੰ ਬਰਖਾਸਤ ਕਰ ਦਿੱਤਾ ਗਿਆ। ਉਨ੍ਹਾਂ ਨੇ ਆਪਣੇ ਉੱਚ ਸਹਿਕਾਰੀਆਂ ’ਤੇ ਯੋਨ ਸੋਸ਼ਣ ਦਾ ਦੋਸ਼ ਲਾਇਆ ਸੀ।

ਪਿਛਲੇ ਸਾਲ ਹੀ ਵਾਯੂ ਸੈਨਾ ਦੀ ਕੈਡਿਟ ਪ੍ਰੀਤੀ ਬਹਿਲ, ਸਰਬਜੀਤ ਜਸ ਤੇ ਅੰਸ਼ੂ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਤੇ ਡਿੰਡੀਗੁੜ ਵਿਚ ਵਾਧੂ ਸੈਨਾ ਸਿਖਲਾਈ ਅਕਾਦਮੀ ਵਿੱਚੋਂ ਨਿਕਲ ਜਾਣ ਲਈ ਕਿਹਾ ਗਿਆ। ਇਨ੍ਹਾਂ ਲੋਕਾਂ ਨੇ ਦੋਸ਼ ਲਾਇਆ ਸੀ ਕਿ ਹੈਦਰਾਬਾਦ ਵਿਚ ਉਨ੍ਹਾਂ ਦੇ ਸਿਖਲਾਈ ਅਧਿਆਪਕ ਨੇ ਫਿਟਨੈੱਸ ਸਰਟੀਫਿਕੇਟ ਦੇਣ ਲਈ ਯੌਨ ਸੰਪਰਕ ਦੀ ਪੇਸ਼ਕਸ਼ ਕੀਤੀ ਸੀ। ਪਿਛਲੇ ਸਾਲ ਚੰਡੀਗੜ੍ਹ ਦੇ ਵਾਯੂ ਸੈਨਾ ਦੇ ਟਿਕਾਣੇ ’ਤੇ ਇਕ ਜਵਾਨ ਨੇ ਖੁਦਕੁਸ਼ੀ ਕਰ ਲਈ। ਉਸ ਨੇ ਖੁਦਕੁਸ਼ੀ ਤੋਂ ਪਹਿਲਾਂ ਲਿਖਿਆ ਕਿ ਡਾਕਟਰ ਸੁਕਵਾਡਰਨ ਲੀਡਰ ਉਸ ਦਾ ਮਾਨਸਿਕ ਜਬਰ ਕਰ ਰਹੀ ਸੀ। ਜਾਂਚ ਅਦਾਲਤ ਨੇ ਉਨ੍ਹਾਂ ਨੂੰ ਖੁਦਕੁਸ਼ੀ ਲਈ ਮਜ਼ਬੂਰ ਕਰਨ ਦਾ ਦੋਸ਼ੀ ਪਾਇਆ। ਸਬੂਤਾਂ ਦੀ ਜਾਂਚ ਚੱਲ ਰਹੀ ਹੈ ਤੇ ਉਨ੍ਹਾਂ ਨੂੰ ਸੂਰਤਗੜ੍ਹ ਵਿਚ

ਤਾਇਨਾਤ ਕਰ ਦਿੱਤਾ ਗਿਆ ਹੈ।

ਇਧਰ ਪਿੱਛੇ ਜਿਹੇ ਹੀ ਇਕ ਜਾਂਚ ਅਦਾਲਤ ਨੇ ਪੱਛਮੀ ਕਮਾਨ ਮੁੱਖ ਦਫਤਰ ਵਿਚ ਅਸਿਸਟੈਂਟ ਜੇ. ਏ. ਜੀ ਮੇਜਰ ਡਿੰਪਲ ਸਿੰਗਲਾ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕਰਨ ਦੀ ਸਿਫਾਰਸ਼ ਕੀਤੀ, ਉਨ੍ਹਾਂ 'ਤੇ ਕੋਰਟ ਮਾਰਸ਼ਲ ਦੀ ਸੁਣਵਾਈ ਝੱਲ ਰਹੇ ਇਕ ਜਵਾਨ ਤੋਂ ਰਿਸ਼ਵਤ ਮੰਗਣ ਦਾ ਦੋਸ਼ ਸੀ, ਜੰਮੂ ਵਿਚ ਈ. ਐਮ. ਈ. ਬਟਾਲੀਅਨ ਵਿਚ ਤਾਇਨਾਤ ਇਕ ਮਹਿਲਾ ਅਧਿਕਾਰੀ ਲੈਫਟੀਨੈਂਟ ਜਿੱਜੀ ਯੂ. ਕੇ. 'ਤੇ ਬਿਨਾਂ ਛੁੱਟੀ ਦੇ ਗੈਰ-ਹਾਜ਼ਰ ਰਹਿਣ ਲਈ ਕੋਰਟ ਮਾਰਸ਼ਲ ਕਾਰਵਾਈ ਚੱਲ ਰਹੀ ਹੈ। ਹਥਿਆਰਬੰਦ ਫੌਜਾਂ ਵਿਚ ਦੂਜੇ ਉੱਚੇ ਅਹੁਦੇ 'ਤੇ ਪਹੁੰਚਣ ਵਾਲੀ ਮਹਿਲਾ ਅਧਿਕਾਰੀ ਸਰਜਨ ਵਾਇਸ ਅਡਮਿਰਲ (ਰਿਟਾਇਰਡ) ਪੁਨੀਤਾ ਅਰੋੜਾ ਦਾ ਕਹਿਣਾ ਹੈ। ਇਹ ਸਾਰਾ ਕੁਝ ਤਾਂ ਝੱਲਣਾ ਹੀ ਪਵੇਗਾ, ਹਥਿਆਰਬੰਦ ਫੌਜ ਮਰਦ ਪ੍ਰਧਾਨ ਹੈ ਅਤੇ ਔਰਤ ਦੀ ਗਿਣਤੀ ਬੇਹੱਦ ਘੱਟ ਤੇ ਵੰਡੀ ਹੋਈ ਹੈ। ਇਹ ਉਨ੍ਹਾਂ ਚਿਰ ਹੁੰਦਾ ਰਹੇਗਾ ਜਦ ਤੱਕ ਸਹਿਜਤਾ ਤੇ ਆਪਸੀ ਵਿਸ਼ਵਾਸ ਕਾਇਮ ਨਹੀਂ ਹੁੰਦਾ ਜਾਂ ਪੁਰਸ਼, ਮਹਿਲਾਵਾਂ ਨੂੰ ਆਪਣੇ ਅਧਿਕਾਰੀ ਜਾਂ ਅੱਛੇ ਉੱਚ ਸਹਿਯੋਗੀ ਦੇ ਰੂਪ ਵਿਚ ਮੰਨਣ ਦੇ ਆਦੀ ਨਹੀਂ ਹੁੰਦੇ।"

ਇਕ ਮਹਿਲਾ ਅਧਿਕਾਰੀ ਮੁਤਾਬਕ ਸੈਨਾ ਵਿਚ ਮਹਿਲਾ ਅਧਿਕਾਰੀਆਂ ਨਾਲ ਔਰਤਾਂ ਵਰਗਾ ਵਰਤਾਓ ਕੀਤਾ ਜਾਂਦਾ ਹੈ ਨਾ ਕਿ ਕਿਸੇ ਅਧਿਕਾਰੀ ਵਰਗਾ। ਔਰਤਾਂ ਨੂੰ ਸਿਰਫ਼ ਮੈਡੀਕਲ ਕੋਰ ਵਿਚ ਹੀ ਭੇਜਿਆ ਜਾਂਦਾ ਹੈ। 1942 ਵਿਚ ਇੱਥੇ ਉਨ੍ਹਾਂ ਦੀ ਭਰਤੀ ਸ਼ੁਰੂ ਹੋਈ ਉਥੇ 20 ਸਾਲ ਜਾਂ ਉਸ ਤੋਂ ਵੱਧ ਦੀ ਸੇਵਾ ਅਰਸਾ ਹੈ, ਹਥਿਆਬੰਦ ਫੌਜਾਂ ਦੀ ਕੋਈ ਹੋਰ ਸ਼ਾਖਾ ਔਰਤਾਂ ਨੂੰ ਸਥਾਈ ਸੇਵਾ ਪ੍ਰਦਾਨ ਨਹੀਂ ਕਰਦੀ। ਇਨ੍ਹਾਂ ਕਾਰਨਾਂ ਕਰਕੇ ਹੀ ਮਹਿਲਾ ਅਧਿਕਾਰੀ ਭੇਦਭਾਵ ਦਾ ਦੋਸ਼ ਲਾਉਂਦੀਆਂ ਹਨ। ਇਕ ਮਹਿਲਾ ਅਧਿਕਾਰੀ ਕਹਿੰਦੀ ਹੈ "ਜੇ ਅਸੀਂ ਅੱਛੀਆਂ ਹਾਂ ਤਾਂ ਸੈਨਾ ਵਿਚ ਸਾਨੂੰ ਸਥਾਈ ਸੇਵਾ ਦਿੱਤੀ ਜਾਣੀ ਚਾਹੀਦੀ ਹੈ।"

ਫੌਜ ਦੇ ਉੱਚ ਅਧਿਕਾਰੀਆਂ ਮੁਤਾਬਕ ਇਸ ਲਈ ਸਰਕਾਰ ਨੂੰ ਸੇਵਾ ਨਿਯਮਾਂ ਵਿਚ ਸੋਧ ਕਰਨੀ ਪੈਣੀ ਹੈ ਤੇ ਮਾਮਲੇ ਉਪਰ ਰੱਖਿਆ ਮੰਤਰਾਲੇ ਨੂੰ ਵਿਚਾਰ ਕਰਨਾ ਪਵੇਗਾ। ਰੱਖਿਆ ਮੰਤਰੀ ਪ੍ਰਣਬ ਮੁਖਰਜੀ ਤਾਂ ਕਹਿੰਦੇ ਹਨ 'ਅਸੀਂ ਔਰਤਾਂ ਦੀ ਗਿਣਤੀ ਵਧਾਉਣਾ ਚਾਹੁੰਦੇ ਹਾਂ, ਉਹ ਅੱਛਾ ਕੰਮ ਕਰ ਰਹੀਆਂ ਹਨ" ਪਰ ਉਹ ਵੀ ਔਰਤਾਂ ਨੂੰ ਸਥਾਈ ਸੇਵਾ ਦੇਣ ਦੇ ਮਾਮਲੇ ਸਬੰਧੀ ਚੁੱਪ ਧਾਰ ਗਏ।

ਜਦ ਹਥਿਆਰਬੰਦ ਫੌਜਾਂ ਵਿਚ ਅਧਿਕਾਰੀਆਂ ਦੀ ਕਮੀ ਰੜਕਣ ਲੱਗੀ ਅਤੇ ਸਾਜ਼ੋ ਸਾਮਾਨ ਦੇ ਸੂਚਨਾਵਾਂ ਸ਼ਖਾਵਾਂ ਵਿਚ ਭਰਤੀ 'ਤੇ ਅਸਰ ਪੈਣ ਲੱਗਿਆ ਤਾਂ ਫੌਜ ਨੇ ਇਸ ਘਾਟ ਦੀ ਪੂਰਤੀ ਲਈ ਔਰਤਾਂ ਵਾਸਤੇ ਦਰਵਾਜ਼ੇ ਖੋਲ੍ਹ ਦਿੱਤੇ। ਪਰ ਇਹ ਗਿਣਤੀ ਬੇਹੱਦ ਘੱਟ ਹੈ। ਮਹਿਲਾ ਅਧਿਕਾਰੀਆਂ ਨੂੰ ਸਾਜ਼ੋ ਸਾਮਾਨ ਵਿਭਾਗ ਲੜਾਈ ਦੇ ਮੋਰਚੇ ਤੋਂ ਬਿਨਾਂ ਵਿਭਾਗ ਤੇ ਜੱਜ ਐਡਵੋਕੇਟ ਜਨਰਲ ਸ਼ਾਖਾਵਾਂ ਵਿਚ ਘੱਟ ਸਮੇਂ ਦੇ ਸੇਵਾ ਅਧਿਕਾਰੀ ਦੇ ਰੂਪ ਵਿਚ ਵੱਧ ਤੋਂ ਵੱਧ ਪੰਜ ਸਾਲਾਂ ਲਈ ਤੇ ਫਿਰ ਚਾਰ ਸਾਲਾਂ ਦੀ ਐਕਸਟੈਨਸ਼ਨ ਮਿਲ ਸਕਦੀ ਹੈ ਯਾਨੀ 14 ਸਾਲਾਂ ਦੀ ਸੇਵਾ ਹੋਈ ਜੋ ਅਜੇ ਵੀ ਸਥਾਈ ਸੇਵਾ ਲਈ ਜ਼ਰੂਰੀ ਵੀਹ ਸਾਲ ਜਾਂ ਵੱਧ ਦੇ ਅਰਸੇ ਤੋਂ ਘੱਟ ਹੈ। ਉਨ੍ਹਾਂ ਨੂੰ ਸਥਾਈ ਸੇਵਾ ਦੀ ਸਹੂਲਤ ਨਾ ਦੇਣ ਦਾ ਅਰਥ ਹੈ ਕਿ ਫੌਜ ਉਨ੍ਹਾਂ ਨੂੰ

ਪੈਨਸ਼ਨ ਦੇਣ ਦੀ ਜ਼ਿੰਮੇਵਾਰੀ ਨਹੀਂ ਉਠਾਉਣਾ ਚਾਹੁੰਦੀ। ਔਰਤਾਂ ਲਈ ਆਰਟਿਲਰੀ, ਇੰਜੀਨੀਅਰਜ਼, ਖੁਫੀਆ ਤੇ ਸਿੰਗਨਲ ਸੇਵਾਵਾਂ ਵੀ ਖੋਲ੍ਹੀਆਂ ਗਈਆਂ ਹਨ ਪਰ ਉਨ੍ਹਾਂ ਨੂੰ ਮੋਰਚੇ ’ਤੇ ਯੁੱਧ ਦੀਆਂ ਟੁੱਕੜੀਆਂ ਤੋਂ ਦੂਰ ਰੱਖਿਆ ਗਿਆ ਹੈ। ਇਸ ਤਰ੍ਹਾਂ ਉਹ ਏਅਰ ਫੋਰਸ ਵਿਚ ਟਰਾਂਸਪੋਰਟ ਵਿਭਾਗ ਤੇ ਹੈਲੀਕਾਪਟਰ ਤਾਂ ਉਡਾ ਸਕਦੀਆਂ ਹਨ ਪਰ ਲੜਾਕੂ ਜਹਾਜ਼ ਨਹੀਂ। ਥਲ ਸੈਨਾ ਵਿਚ ਉਹ ਖੁਫੀਆ, ਆਰਡੀਨੈਂਸ ਅਤੇ ਸਾਜ਼ੋ ਸਾਮਾਨ ਅਧਿਕਾਰੀ ਤਾਂ ਬਣ ਸਕਦੀਆਂ ਹਨ। ਪਰ ਟੈਂਕ ਜਾਂ ਮੋਰਚੇ ’ਤੇ ਜਵਾਨਾਂ ਦੀ ਅਗਾਵਾਈ ਨਹੀਂ ਕਰ ਸਕਦੀਆਂ। ਇਸ ਤਰ੍ਹਾਂ ਨੇਵੀ ਵਿਚ ਉਹ ਸਾਜ਼ੋ ਸਾਮਾਨ ਵਿਭਾਗ ਵਿਚ ਤਾਂ ਕੰਮ ਕਰ ਸਕਦੀਆਂ ਹਨ ਪਰ ਜੰਗੀ ਬੇੜਿਆਂ ਵਿਚ ਨਹੀਂ ਜਾ ਸਕਦੀਆਂ।

ਅਗਲੇ ਮਹੀਨੇ ਭਾਰਤੀ ਸਮੁੰਦਰੀ ਫੌਜ ਵਿਚ 1992 ਵਿਚ ਭਾਰਤੀ ਛੇ ਮਹਿਲਾ ਅਧਿਕਾਰੀਆਂ, ਜੋ ਹਥਿਆਰਬੰਦ ਫੌਜਾਂ ਵਿਚ ਕਿਸੇ ਗੈਰ-ਡਾਕਟਰੀ ਸ਼ਾਖਾ ਵਿਚ ਔਰਤਾਂ ਦੀ ਭਰਤੀ ਦਾ ਪਹਿਲਾ ਮਾਮਲਾ ਸੀ ਦਾ ਬੈਚ 14 ਸਾਲ ਦੀ ਸੇਵਾ ਪੂਰੀ ਕਰਨ ਪਿੱਛੋਂ ਰਿਟਾਇਰ ਹੋ ਰਿਹਾ ਹੈ। ਇਨ੍ਹਾਂ ਵਿਚੋਂ ਬਹੁਤੀ ਔਰਤਾਂ ਕਮਾਂਡਰ ਦੇ ਅਹੁਦੇ ਤੱਕ ਹੀ ਪੁੱਜੀਆਂ ਜਦਕਿ ਥਲ ਸੈਨਾ ਵਿਚ ਉਨ੍ਹਾਂ ਦੇ ਬਰਾਬਰ ਦੀ ਮਹਿਲਾ ਅਧਿਕਾਰੀ ਲੈਫਟੀਨੈਂਟ ਦੇ ਅਹੁਦੇ ਤੱਕ ਪਹੁੰਚਦੀ ਹੈ ਜੋ ਮੈਡੀਕਲ ਕੋਰ ਦੇ ਬਾਹਰ ਔਰਤਾਂ ਨੂੰ ਹਾਸਲ ਸਭ ਤੋਂ ਉੱਚਾ ਅਹੁਦਾ ਹੈ। ਪਰ ਉੱਚ ਮਹਿਲਾ ਸੈਨਾ ਅਧਿਕਾਰੀਆਂ ਨੂੰ ਵੀ ਭੇਦਭਾਵ ਸਹਿਣਾ ਪੈਂਦਾ ਹੈ। ਉਨ੍ਹਾਂ ਨੂੰ ਅਜੇ ਤੱਕ ਲੈਫਟੀਨੈਂਟ ਕਰਨਲ ਦੇ ਅਹੁਦੇ ਦੀ ਤਨਖਾਹ ਨਹੀਂ ਮਿਲਦੀ ਕਿਉਂਕਿ ਉਹ ਸਥਾਈ ਸੇਵਾ ਦੀਆਂ ਹੱਕਦਾਰ ਨਹੀਂ ਹੁੰਦੀਆਂ। ਘੱਟੋ-ਘੱਟ ਇਕ ਅਧਿਕਾਰੀ ਨੇ 20 ਸਾਲ ਦੇ ਸੇਵਾ ਕਾਲ ਜਾਂ ਸਥਾਈ ਸੇਵਾ ਲਈ ਪਟੀਸ਼ਨ ਦਾਇਰ ਕੀਤੀ ਹੈ ਜਿਸ ਨਾਲ ਉਹ ਪੈਨਸ਼ਨ ਦੀਆਂ ਹੱਕਦਾਰ ਬਣ ਸਕਣ। ਇਕ ਮਹਿਲਾ ਅਧਿਕਾਰੀ ਕਹਿੰਦੀ ਹੈ “ਸਾਡੇ ਲਈ ਅੱਗੇ ਵਧਣ ਦੇ ਰਾਹ ਬੰਦ ਹਨ, ਕੋਈ ਉੱਚ ਕਮਾਨ ਕੋਰਸ ਨਹੀਂ ਹੁੰਦਾ ਜਾਂ ਸਟਾਫ ਕਾਲਜ ਜਾਂ ਉਚ ਵੀਰਤਾ ਕੁਝ ਵੀ ਨਹੀਂ”, ਜਦ ਮੈਂ ਸਮੁੰਦਰੀ ਫੌਜ ਦੀ 14 ਸਾਲ ਦੀ ਸੇਵਾ ਖਤਮ ਕਰੂੰਗੀ ਤਾਂ 36 ਸਾਲ ਦੀ ਹੋ ਜਾਵਾਂਗੀ ਤੇ ਉਦੋਂ ਤੱਕ ਕਿਸੇ ਸਰਕਾਰੀ ਨੌਕਰੀ ਦੇ ਕਾਬਲ ਨਹੀਂ ਰਹਿ ਜਾਵਾਂਗੀ ਤੇ ਪੈਨਸ਼ਨ ਤੋਂ ਵਾਂਝੀ ਰਹਾਂਗੀ।”

ਇਨ੍ਹਾਂ ਕਾਰਨਾਂ ਦੇ ਬਾਵਜੂਦ ਹਥਿਆਰਬੰਦ ਫੌਜਾਂ ਵਿਚ ਮਹਿਲਾ ਅਧਿਕਾਰੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। 1992 ਵਿਚ ਜਦ ਸੈਨਾ ਵਿਚ ਔਰਤਾਂ ਦੀ ਭਰਤੀ ਸ਼ੁਰੂ ਕੀਤੀ ਗਈ ਤਾਂ ਸਿਰਫ 50 ਖਾਲੀ ਥਾਵਾਂ ਸਨ ਅੱਜ ਸੈਨਾ ਵਿਚ 918 ਮਹਿਲਾ ਅਧਿਕਾਰੀ ਹਨ, ਘੱਟ ਗਿਣਤੀ ਹੋਣ ਦੇ ਬਾਵਜੂਦ 6 ਫੀਸਦੀ ਔਰਤਾਂ ਏਅਰ ਫੋਰਸ ਵਿਚ ਹਨ। ਔਸਤ ਰੂਪ ਵਿਚ 150 ਅਹੁਦਿਆਂ ਲਈ 3000 ਔਰਤਾਂ ਅਰਜ਼ੀਆਂ ਦਿੰਦਿਆਂ ਹਨ। ਸਭ ਨੂੰ ਪਤਾ ਨਹੀਂ ਹੁੰਦਾ ਕਿ ਹਥਿਆਰਬੰਦ ਫੌਜਾਂ ਵਿਚ ਉਨ੍ਹਾਂ ਦਾ ਕੀ ਬਣੇਗਾ ਇਸ ਅਟਕਲ ਨੂੰ ਦੂਰ ਕੀਤਾ ਜਾਣਾ ਚਾਹੀਦਾ ਹੈ। ਔਰਤਾਂ ਨੂੰ ਸਭ ਪਾਸੇ ਮਰਦਾਂ ਦੇ ਬਰਾਬਰ ਦੇ ਹੱਕ, ਤਨਖਾਹ ਤੇ ਪੈਨਸ਼ਨ ਮਿਲਣੀ ਚਾਹੀਦੀ ਹੈ।

# ਵੋਟ ਬੈਂਕ ਦੀ ਰਾਜਨੀਤੀ

ਸ਼ਹਿਰਾਂ 'ਚ ਜੇ ਨਦੀਆਂ ਪ੍ਰਦੂਸ਼ਣ ਕਾਰਨ ਆਪਣੀ ਸ਼ਕਲ ਗੁਆ ਰਹੀਆਂ ਹਨ ਤਾਂ ਕੀ ਇਨ੍ਹਾਂ ਬਾਰੇ ਨਿਰਦੇਸ਼ ਕੋਰਟ ਦੇਵੇਗੀ? ਬੱਚਿਆਂ ਨਾਲ ਸਕੂਲ ਵਿਚ ਧੱਕਾ ਕੀਤਾ ਜਾਏ ਤਾਂ ਨਿਰਦੇਸ਼ ਅਦਾਲਤ ਦੇਵੇਗੀ? ਲੋਕਾਂ ਨੂੰ ਭੀੜ-ਭਾੜ ਤੇ ਅਰਾਜਕਤਾ ਭਰੇ ਟਰੈਫ਼ਿਕ ਤੋਂ ਰਾਹਤ ਦੇਣੀ ਹੈ ਤਾਂ ਵੀ ਕੀ ਨਿਰਦੇਸ਼ ਅਦਾਲਤ ਹੀ ਦੇਵੇਗੀ? ਦਿੱਲੀ ਨੂੰ ਸਾਫ਼ ਸੁਥਰਾ ਰੱਖਣ ਤੇ ਨਾਜਾਇਜ਼ ਕਬਜ਼ੇ ਹਟਾਉਣ ਲਈ ਵੀ ਕੀ ਅਦਾਲਤ ਹੀ ਦਖ਼ਲ ਅੰਦਾਜ਼ੀ ਕਰੇਗੀ? ਇਥੋਂ ਤਕ ਕਿ ਪਿਛਲੇ ਕੁੱਝ ਸਾਲਾਂ ਦੌਰਾ2 ਲੋਕਾਂ ਦੇ ਜੀਵਨ ਨਾਲ ਸਿਧੇ ਰੂਪ ਵਿਚ ਜੁੜੇ ਸੁਆਲਾਂ ਤੇ ਕਾਨੂੰਨ ਦੀ ਵਿਆਖਿਆ ਕਰਨ 'ਚ ਸਭ ਤੋਂ ਵੱਧ ਸਰਗਰਮੀ ਕੋਰਟਾਂ ਨੇ ਹੀ ਵਿਖਾਈ ਹੈ। ਕੋਰਟਾਂ ਦੀ ਇਸ ਵਧਦੀ ਭੂਮਿਕਾ ਨੂੰ ਲੈ ਕੇ ਮਿਲੇ ਜੁਲੇ ਪ੍ਰਤੀਕਰਮ ਹੋਏ ਹਨ। ਸਰਕਾਰਾਂ ਤੇ ਰਾਜਸੀ ਨੇਤਾਵਾਂ ਨੂੰ ਆਪਣਾ ਵੋਟ ਬੈਂਕ ਖਿਸਕਦਾ ਦਿਸਦਾ ਹੈ ਤਾਂ ਉਹ ਉਸ ਨੂੰ ਦਬੀ ਜ਼ਬਾਨ ਨਾਲ ਜਾਂ ਜਨਤਕ ਤੌਰ 'ਤੇ ਦਖ਼ਲਅਦਾਜ਼ੀ ਕਹਿ ਦਿੰਦੇ ਹਨ ਜਦਕਿ ਆਮ ਆਦਮੀ ਇਹ ਕਹਿ ਕੇ ਰਾਹਤ ਮਹਿਸੂਸ ਕਰਦਾ ਹੈ ਕਿ ਉਸ ਦੀ ਮਦਦ ਲਈ ਘੱਟੋ-ਘੱਟ ਕੋਰਟ ਤਾਂ ਮੌਜੂਦ ਹੈ। ਦੁਨੀਆਂ ਦੇ ਕਿਸੇ ਵੀ ਦੇਸ਼ 'ਚ ਨਿਆਂ ਪਾਲਿਕਾ ਦਾ ਏਨਾ ਦਖ਼ਲ ਨਹੀਂ ਹੈ ਜਿੰਨਾ ਭਾਰਤ ਵਿਚ ਹੈ। ਇਸ ਲਈ ਸੱਭ ਤੋਂ ਜ਼ਿਆਦਾ ਜ਼ਰੂਰੀ ਇਹ ਦੇਖਣਾ ਹੈ ਕਿ ਜੱਜ ਆਪਣੇ ਫ਼ੈਸਲਿਆਂ ਦੀ ਪਾਲਣਾ ਕਿੰਨੀ ਸਖ਼ਤੀ ਨਾਲ ਕਰਵਾਉਂਦੇ ਹਨ। ਕਈ ਜੱਜ ਆਪਣੇ ਸਖ਼ਤ ਫ਼ੈਸਲਿਆਂ ਕਾਰਨ ਹੀ ਜਾਣੇ ਜਾਂਦੇ ਹਨ। ਇਨ੍ਹਾਂ ਵਿਚੋਂ ਇਕ ਹਨ, ਹਾਲ ਹੀ ਵਿਚ ਪੰਜਾਬ-ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਨਿਯੁਕਤ ਹੋਏ ਨਿਆਂ ਮੂਰਤੀ ਵਿਰੇਂਦਰ ਜੈਨ, ਜਿਨ੍ਹਾਂ ਨੇ ਦਿੱਲੀ ਦੇ ਐਕਟਿੰਗ ਚੀਫ਼ ਜਸਟਿਸ ਦੇ ਅਹੁਦੇ 'ਤੇ ਰਹਿੰਦੀਆਂ ਆਪਣੇ ਅਨੇਕਾਂ ਫ਼ੈਸਲਿਆਂ ਦੀ ਲੜੀ ਵਿਚ ਲੋਕਾਂ ਨਾਲ ਜੁੜੇ ਕਈ ਅਜਿਹੇ ਫ਼ੈਸਲੇ ਸੁਣਾਏ ਜੋ ਸਰਕਾਰ ਨੂੰ ਕਰਨੇ ਚਾਹੀਦੇ ਸਨ। ਯਮੁਨਾ ਨੂੰ ਪ੍ਰਦੂਸ਼ਨ-ਮੁਕਤ ਕਰਾਉਣ ਤੇ ਬੌਧਿਕ ਸੰਪਦਾ ਨਾਲ ਜੁੜੇ ਵਿਸ਼ਿਆਂ ਵਿਚ ਦਿੱਤੇ ਗਏ ਉਨ੍ਹਾਂ ਦੇ ਫ਼ੈਸਲਿਆਂ ਦੀ ਚਰਚਾ ਤਾਂ ਵਿਦੇਸ਼ਾਂ ਤਕ ਵੀ ਹੋਈ। ਕਦੀ ਦਿੱਲੀ ਦੀ ਸ਼ਾਹਰੱਗ ਕਹੀ ਜਾਣ ਵਾਲੀ ਯਮੁਨਾ ਨਦੀ ਦੀ ਹਾਲਤ ਅੱਜ ਇੰਨੀ ਬਦਤਰ ਹੈ ਕਿ ਉਹ ਗੰਦੇ ਨਾਲੇ ਵਾਂਗੂੰ ਨਜ਼ਰ ਆਉਣ ਲੱਗੀ ਹੈ। ਇਹ ਲਦੀ ਨੂੰ ਵੀ ਪ੍ਰਦੂਸ਼ਨਕਾਰੀਆਂ ਨੇ ਨਹੀਂ ਬਖ਼ਸ਼ਿਆ। ਉਸ ਦੇ ਅੰਦਰ ਤਕ ਲੋਕਾਂ ਨੇ ਝੁੱਗੀਆਂ ਤੇ ਮੰਦਰ ਬਣਾ ਲਏ ਤੇ ਸਥਾਨਕ ਨੇਤਾਵਾਂ ਦੀ ਸ੍ਰਪਰਸਤੀ ਵੀ ਲੈ ਲਈ। ਇਸ ਬਾਰੇ ਅਪ੍ਰੈਲ 2002 ਵਿਚ ਹਾਈ ਕੋਰਟ ਸਾਹਮਣੇ ਇਕ ਪਟੀਸ਼ਨ ਆਈ। ਮਾਮਲੇ ਦੀ ਸੁਣਾਵਾਈ ਇਕ ਸਾਲ ਚੱਲੀ। ਮਾਰਚ 2003 ਵਿਚ ਕਾਰਜਕਾਰੀ ਚੀਫ਼ ਜਸਟਿਸ ਨਿਆਂ ਮੂਰਤੀ ਵਿਰੇਂਦਰ ਜੈਨ ਨੇ ਨਿਰਦੇਸ਼ ਦਿੰਤਾ ਕਿ ਯਮੁਨਾ ਦੇ ਦੋਹਾਂ ਕਿਨਾਰਿਆਂ ਦੇ 300 ਮੀਟਰ ਅੰਦਰ ਤੱਕ ਜੋ ਵੀ ਢਾਂਚਾ ਹੈ, ਉਸ ਨੂੰ ਹਟਾ ਦਿੱਤਾ ਜਾਵੇ। ਆਪਣੇ ਫ਼ੈਸਲੇ 'ਚ ਨਿਆਂ ਮੂਰਤੀ ਜੈਨ ਨੇ ਕਿਹਾ ਕਿ ਰਾਜਧਾਨੀ ਵਿਚ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਦੀਆਂ ਸਰਕਾਰੀ ਕੋਸ਼ਿਸ਼ਾਂ ਨਾਕਾਫ਼ੀ ਹਨ। ਯਮੁਨਾ ਜਿਸ ਨੂੰ ਪਵਿੱਤਰ ਨਦੀ ਮਨਿਆ ਜਾਂਦਾ ਹੈ, ਉਹ ਏਨੀ ਪ੍ਰਦੂਸ਼ਤ ਕਦੀ ਨਹੀਂ ਸੀ ਜਿੰਨੀ ਅੱਜ ਹੋ ਗਈ ਹੈ। ਕਿਸੇ ਵੀ ਸਭਿਆਕ ਦੁਨੀਆਂ

ਦੀ ਜੀਵਨ ਰੇਖਾ ਨਦੀਆਂ ਹੀ ਹੁੰਦੀਆਂ ਹਨ। ਯਮੁਨਾ 'ਚੋਂ ਨਾ ਸਿਰਫ਼ ਝੁੱਗੀਆਂ ਹਟਾਈਆਂ ਜਾਣ ਬਲਕਿ ਪਾਣੀ ਦੇ ਬੇਰੋਕ ਵਹਾਅ ਤੇ ਕਿਨਾਰੇ ਸੁੰਦਰ ਬਣਾਉਣ ਲਈ ਵੀ ਯਤਨ ਕੀਤੇ ਜਾਣ। ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਕਿਵੇਂ ਦਿੱਲੀ ਵਾਸੀ ਅਜਿਹੇ ਮਾਮਲਿਆਂ ਵਿਚ ਚੁਪ ਧਾਰੀ ਰੱਖਦੇ ਹਨ ਅਤੇ ਵਿਰੋਧ ਨਹੀਂ ਕਰਦੇ। ਇਸ ਆਦੇਸ਼ ਦਾ ਪਾਲਣ ਕਰਨ ਤੋਂ ਕੋਈ ਨਾ ਕੋਈ ਬਹਾਨਾ ਬਣਾ ਕੇ ਸਰਕਾਰੀ ਵਿਭਾਗ ਬਚਦੇ ਰਹੇ ਪਰ ਆਖ਼ਰ ਕੋਰਟ ਦੀ ਭਾਰੀ ਝਿੜਕ ਕਾਰਨ ਉਨ੍ਹਾਂ ਨੂੰ ਕੁੱਝ ਨਾ ਕੁੱਝ ਕਰਨਾ ਹੀ ਪਿਆ ਪਰ ਇਸ ਕੰਮ ਨੂੰ ਫਿਰ ਵੀ ਤਿੰਨ ਸਾਲ ਲੱਗ ਗਏ। ਨਿਆਂ ਮੂਰਤੀ ਜੈਨ ਦਾ ਇਕ ਹੋਰ ਫ਼ੈਸਲਾ ਸੀ ਜੋ ਨਾ ਸਿਰਫ਼ ਭਾਰਤ ਬਲਕਿ ਵਿਦੇਸ਼ਾਂ ਵਿਚ ਵੀ ਚਰਚਾ ਦਾ ਵਿਸ਼ਾ ਬਣਿਆ। ਇਹ ਫ਼ੈਸਲਾ ਅਨਿਲ ਗੁਪਤਾ ਬਨਾਮ ਕਰੁਣਾ ਦਾਸ ਗੁਪਤਾ ਮਾਮਲੇ ਵਿਚ ਆਇਆ। ਪਿਛੋਕੜ ਇਹ ਸੀ ਕਿ ਇਕ ਵਿਅਕਤੀ ਤੋਂ ਉਸ ਦੀ ਮੌਲਿਕ ਕਲਪਨਾ ਲੈ ਕੇ ਇਕ ਟੈਲੀਵਿਜ਼ਨ ਕੰਪਨੀ ਨੇ ਪ੍ਰੋਗਰਾਮ ਕਿਸੇ ਦੂਜੇ ਦੇ ਨਾਂ 'ਤੇ ਬਣਾ ਲਿਆ। ਇਸ ਮਾਮਲੇ ਦੀ ਸੁਣਵਾਈ ਦੌਰਾਲ ਜਸਟਿਸ ਜੈਨ ਨੇ ਦੇਖਿਆ ਕਿ ਵਾਦੀ ਦੀ ਮੌਲਿਕ ਕਲਪਨਾ ਦੀ ਵਰਤੋਂ ਕਰ ਕੇ ਟੈਲੀਵਿਜ਼ਨ ਕੰਪਨੀ ਨੇ ਉਸ ਨੂੰ ਉਸ ਦੇ ਵਾਜਬ ਹੱਕ ਤੋਂ ਵਾਂਝਿਆਂ ਕਰ ਦਿੱਤਾ ਹੈ। ਕੋਰਟ ਨੇ ਵਾਦੀ ਦੇ ਪੱਖ ਵਿਚ ਫ਼ੈਸਲਾ ਦਿਤਾ ਤੇ ਦੂਜੀ ਪੱਖ ਦੀ ਕੰਪਨੀ ਨੂੰ ਆਪਣੇ ਪ੍ਰੋਗਰਾਮ ਦੇ ਨਾਂ ਤੇ ਪ੍ਰਸਤੁਤੀਕਰਨ ਵਿਚ ਬਦਲਾਅ ਕਰਨਾ ਪਿਆ। ਬੌਧਿਕ ਸੰਪਤੀ ਐਕਟ ਦਾ ਇਹ ਆਪਣੀ ਕਿਸਮ ਦਾ ਅਨੋਖਾ ਮਾਮਲਾ ਸੀ। ਵਿਦੇਸ਼ੀ ਅਖ਼ਬਾਰਾਂ ਵਿਚ ਵੀ ਇਸ ਫ਼ੈਸਲੇ ਦਾ ਜ਼ਿਕਰ ਹੋਇਆ। ਦਿੱਲੀ ਦੀ ਪਛਾਣ ਇਤਿਹਾਸਕ ਇਮਰਾਤਾਂ ਕਾਰਨ ਹੀ ਹੈ। ਰਾਸ਼ਟਰੀ ਮਹੱਤਵ ਦੀਆਂ ਇਮਾਰਤਾਂ ਦੇ ਰੱਖ ਰਖਾਅ ਲਈ ਤਾਂ ਪੁਰਾਤਤਵ ਵਿਭਾਗ ਕੰਮ ਕਰਦਾ ਹੈ ਪਰ ਜਿੰਨੀਆਂ ਇਮਾਰਤਾਂ ਨੂੰ ਕਬਜ਼ਿਆਂ ਤੋਂ ਮੁਕਤ ਕਰਵਾਇਆ ਗਿਆ, ਉਸ ਵਿਚ ਮੁੱਖ ਭੂਮਿਕਾ ਵੀ ਅਦਾਲਤ ਦੀ ਹੀ ਹੈ। ਇਤਿਹਾਸਕ ਜਾਮਾ ਜਸਜਿਦ ਦੇ ਸਾਹਮਣੇ ਤੋਂ ਕਬਜ਼ੇ ਹਟਾਉਣ ਤੇ ਉਸ ਦੀ ਖ਼ੂਬਸੂਰਤੀ ਵਾਪਸ ਲਿਆਉਣ ਦੇ ਕੰਮ ਨੇ ਵੀ ਰਫ਼ਤਾਰ ਉਦੋਂ ਫੜੀ ਜਦ ਕੋਰਟ ਨੇ ਇਸ ਬਾਰੇ ਨਿਰਦੇਸ਼ ਜਾਰੀ ਕੀਤੇ। ਅਦਾਲਤ 'ਚ ਇਸ ਨਾਲ ਜੁੜੀ ਪਟੀਸ਼ਨ ਮਈ 2004 ਵਿਚ ਦਾਖ਼ਲ ਹੋਈ। ਜਾਮਾ ਮਸਜਿਦ ਦੇ ਗੇਟ ਨੰਬਰ 3 ਦੇ ਸਾਹਮਣੇ ਕਬਜ਼ਿਆਂ ਤੇ ਅੰਦਰ ਹੋ ਰਹੇ ਨਾਜਾਇਜ਼ ਕੰਮਾਂ ਨਾਲ ਇਮਾਰਤ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਇਹ ਪਟੀਸ਼ਨ ਲਾਈ ਗਈ ਸੀ। ਸੁਣਵਾਈ ਸਮੇਂ ਕੋਰਟ ਨੇ ਮਹੱਤਵਪੂਰਨ ਫ਼ੈਸਲੇ ਲਏ। ਇਨ੍ਹਾਂ ਵਿਚੋਂ ਇਕ ਸੀ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਦੇ ਵਕਫ਼ ਬੋਰਡ ਦੇ ਖਾਤਿਆਂ ਦਾ ਹਿਸਾਬ ਦੇਣਾ। ਦੂਜਾ ਮਸਜਿਦ ਕੈਂਪਸ ਵਿਚ ਬੇਕਾਰ ਪਏ ਮੌਲਾਨਾ ਅਬੁਲ ਕਲਾਮ ਆਜ਼ਾਦ ਦੇ ਮਕਬਰੇ ਦੇ ਵਰਦਾਜ਼ੇ ਦਾ। ਆਪਣੇ ਫ਼ੈਸਲੇ ਵਿਚ ਨਿਆਂ ਮੂਰਤੀ ਜੈਨ ਨੇ ਕਿਹਾ ਕਿ ਇਹ ਬਹੁਤ ਅਫ਼ਸੋਸ ਦੀ ਗੱਲ ਹੈ ਕਿ ਆਜ਼ਾਦੀ ਦੀ ਲੜਾਈ ਵਿਚ ਅਹਿਮ ਭੂਮਿਕਾ ਅਦਾ ਕਰਨ ਵਾਲੇ ਮੌਲਾਨਾ ਆਜ਼ਾਦ ਦਾ ਮਕਬਰਾ ਬੰਦ ਪਿਆ ਰਹਿੰਦਾ ਹੈ ਤੇ ਸਾਲ ਵਿਚ ਸਿਰਫ਼ ਦੋ ਵਾਰੀ ਹੀ ਉਸ ਦੀਆਂ ਜਨਮ ਤੇ ਮੌਤ ਵਾਲੀਆਂ ਤਰੀਕਾਂ ਸਮੇਂ ਖੋਲ੍ਹਿਆ ਜਾਂਦਾ ਹੈ। ਕੋਰਟ ਨੇ ਇਸ ਨੂੰ ਵੀ ਸਮਾਧੀ ਵਾਂਗ ਵਿਕਸਤ ਕਰਨ ਦੇ ਨਿਰਦੇਸ਼ ਦਿੱਤੇ। ਕੋਰਟ ਨੇ ਕਿਹਾ ਕਿ ਇਸ ਮਸਜਿਦ ਦੀ ਪੁਰਾਣੀ ਸ਼ਾਨ ਬਰਕਰਾਰ ਰੱਖੀ ਜਾਣੀ ਚਾਹੀਦੀ ਹੈ। ਸਰਕਾਰ ਆਪਣੀ ਖੁੱਲ ਬਚਾਉਣ ਲਈ, ਆਪਣੇ ਹੀ ਬਣਾਏ ਨਿਯਮਾਂ ਦੀ ਵਿਆਖਿਆ

ਕਰਨ ਵਾਲੀ ਕੋਰਟ ਨੂੰ ਵੀ ਲੋਕਾਂ ਸਾਹਮਣੇ ਖਲਨਾਇਕ ਵਜੋਂ ਪੇਸ਼ ਕਰ ਦਿੰਦੀ ਹੈ। ਦਿੱਲੀ ਦੇ ਪ੍ਰਾਇਮਰੀ ਸਕੂਲਾਂ ਦੇ ਗਰੀਬ ਬੱਚਿਆਂ ਲਈ ਬੁਨਿਆਦੀ ਸਹੂਲਤਾਂ ਵੀ ਨਹੀਂ ਸਨ। ਬੱਚੇ ਸਰਦੀ ਗਰਮੀ ਜਾਂ ਬਾਰਸ਼ ਦੀ ਮਾਰ ਝੱਲਣ ਲਈ ਬੇਵਸ ਸਨ। ਨਗਰ ਨਿਗਮ ਨੂੰ ਇਹ ਦਿਸਦਾ ਨਹੀਂ ਸੀ। ਕੋਰਟ ਨੇ ਕਿਹਾ ਕਿ ਜਿਨ੍ਹਾਂ ਸਕੂਲਾਂ ਵਿਚ ਬੁਨਿਆਦੀ ਸਹੂਲਤਾਂ ਵੀ ਨਹੀਂ ਹਨ, ਉਨ੍ਹਾਂ ਦੀ ਮਾਨਤਾ ਰੱਦ ਕੀਤੀ ਜਾਵੇ। ਸਕੂਲਾਂ ਵਿੱਚ ਦਾਖ਼ਲ ਹੋਣ ਸਮੇਂ ਬੱਚਿਆਂ ਤੋਂ ਇਲਾਵਾ ਮਾਪਿਆਂ ਦੀ ਵੀ ਇੰਟਰਵਿਊ ਲੈਣ ਦਾ ਰਿਵਾਜ ਪ੍ਰਚਲਤ ਸੀ। ਇਸ ਨੂੰ ਵੀ ਕੋਰਟ ਨੇ ਤਰਕ ਸੰਗਤ ਨਾ ਮੰਨਦਿਆਂ ਇਸ ਇੰਟਰਵਿਊ ’ਤੇ ਰੋਕ ਲਾ ਦਿੱਤੀ। ਪੰਜ ਮੈਂਬਰੀ ਕਮੇਟੀ ਕੋਰਟ ਦੇ ਹੁਕਮਾਂ ਨਾਲ ਬਣਾਈ ਗਈ।

ਇਸ ਤਰ੍ਹਾਂ ਦੀਆਂ ਵਿਵਸਥਾਵਾਂ ਮੁਹਈਆ ਕਰਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ ਪਰ ਆਪਣੇ ਨਿਜੀ ਸ਼ੁਭ ਲਾਭ ਦੇ ਕਾਰਨ ਉਹ ਅਜਿਹੇ ਮਾਮਲਿਆਂ ਦੀ ਜਾਣ ਬੁਝ ਕੇ ਅਣਦੇਖੀ ਕਰਦੀ ਹੈ। ਇਥੋਂ ਤਕ ਕਿ ਸੜਕਾਂ ’ਤੇ ਆਵਾਜਾਈ ਨੂੰ ਦਰੁਸਤ ਬਣਾਈ ਰੱਖਣ ਲਈ ਵੀ ਨਿਆਂਪਾਲਿਕਾ ਦੀ ਹੀ ਅਹਿਮ ਭੂਮਿਕਾ ਹੈ। ਦਿੱਲੀ ਦੀਆਂ ਸੜਕਾਂ ਚੌੜੀਆਂ ਕਰਨ ਤੋਂ ਲੈ ਕੇ ਫ਼ਲਾਈਓਵਰ ਤਕ ਦੇ ਆਦੇਸ਼ ਕੋਰਟ ਨੇ ਹੀ ਦਿੱਤੇ। ਨਾ ਸਿਰਫ਼ ਨਿਰਦੇਸ਼ ਹੀ ਦਿੱਤੇ ਬਲਕਿ ਉਸ ਦਾ ਰੂਪ ਤੇ ਆਕਾਰ ਕਿਹਾ ਜਿਹਾ ਹੋਵੇ, ਇਹ ਵੀ ਕੋਰਟ ਨੇ ਹੀ ਤਹਿ ਕੀਤਾ। ਆਪਣੇ ਹੀ ਇਕ ਫ਼ੈਸਲੇ ਵਿਚ ਨਿਆਂ ਮੂਰਤੀ ਜੈਨ ਨੇ ਕਿਹਾ ਕਿ ਆਵਾਜਾਈ ਵਿਚ ਅੜਿੱਕਿਆਂ ਕਾਰਨ ਵਾਹਨਾਂ ਦਾ ਬੜਾ ਤੇਲ ਬਰਬਾਦ ਹੋ ਜਾਂਦਾ ਹੈ ਜਿਸ ਦੀ ਵਰਤੋਂ ਵਿਕਾਸ ਦੇ ਹੋਰਨਾਂ ਕੰਮਾਂ ਵਿਚ ਕੀਤੀ ਜਾ ਸਕਦੀ ਹੈ, ਇਸ ਲਈ ਇਹ ਫ਼ਲਾਈਓਵਰ ਬਣਾਏ ਜਾਣ ਜਿਥੋਂ ਨਿਰਵਿਘਨ ਆਵਾਜਾਈ ਹੋ ਸਕੇ। ਦਿੱਲੀ ਦੀ ਮੈਟਰੋ ਦੀ ਸ਼ੁਰੂਆਤ ਦਾ ਵੀ ਲੋਕਾਂ ਨੇ ਵਿਰੋਧ ਕੀਤਾ ਸੀ ਪਰ ਕੋਰਟ ਨੇ ਕਿਹਾ ਕਿ ਉਨ੍ਹਾਂ ਨੂੰ ਉਚਿਤ ਮੁਆਵਜ਼ਾ ਮਿਲੇ, ਲੋਕ ਘਰੋਂ ਬੇਘਰ ਨਾ ਹੋਣ ਪਰ ਇਸ ਦਾ ਮਤਲਬ ਇਹ ਨਹੀਂ ਕਿ ਵਿਕਾਸ ਦੇ ਪਹੀਏ ਨੂੰ ਹੀ ਰੋਕ ਦਿਤਾ ਜਾਵੇ। ਵੋਟਾਂ ਦੀ ਰਾਜਨੀਤੀ ਕਾਰਨ ਸਰਕਾਰਾਂ ਅਨੇਕਾਂ ਮੁੱਦਿਆਂ ਨੂੰ ਅਣਦੇਖਿਆਂ ਕਰ ਦਿੰਦੀਆਂ ਹਨ ਕਿ ਸਰਕਾਰੀ ਦਫ਼ਤਰਾਂ ਦੇ ਚੱਕਰ ਲਾਉਣ ਦੀ ਬਜਾਏ ਸਿੱਧਾ ਕੋਰਟ ਦਾ ਦਰਵਾਜ਼ਾ ਖੜਕਾਉਣਾ ਹੀ ਮਜਬੂਰੀ ਬਣੀ ਪਈ ਹੈ। ਰਾਹਤ ਭਾਵੇਂ ਜਿਹੋ ਜਿਹੀ ਮਰਜ਼ੀ ਮਿਲੇ, ਪਰ ਲੋਕਾਂ ਦਾ ਭਰੋਸਾ ਹੁਣ ਸਰਕਾਰ ’ਤੇ ਤਾਂ ਰਿਹਾ ਨਹੀਂ। ਸ਼ਾਇਦ ਕੋਰਟਾਂ ਵੀ ਕੁੱਝ ਦੇਰ ਹੀ ਧਰਵਾਸ ਦੇ ਸਕਣ। ਆਖ਼ਰ ਹਨ ਤਾਂ ਅਦਾਲਤਾਂ ਵੀ ਹਕੂਮਤੀ ਢਾਂਚੇ ਦਾ ਅੰਗ ਹੀ।

# ਫ਼ਿਲਮੀ ਸਿਤਾਰਿਆਂ ਦੀ ਗਿੱਝ ਦ੍ਰਿਸ਼ਟੀ

ਅਮਿਤਾਬ ਬਚਨ, ਦਲੀਪ ਕੁਮਾਰ, ਆਮਿਰ ਖਾਨ, ਸ਼ਾਇਰਾ ਬਾਨੋ, ਸੰਗੀਤਾ ਬਿਜਲਾਨੀ, ਧਰਮਿੰਦਰ, ਈਸ਼ਾ ਦਿਓਲ, ਹੇਮਾ ਮਾਲਿਨੀ ਅਤੇ ਰਾਜੀਵ ਕਪੂਰ 'ਚ ਸਟਾਰ ਹੋਣ ਤੋਂ ਇਲਾਵਾ ਹੋਰ ਕੀ ਸਾਂਝਾ ਹੈ? ਦਹਾਕਿਆਂ ਤੋਂ ਫਿਲਮੀ ਜਗਤ 'ਚ ਛਾਏ ਹੋਏ ਇਹ ਸਭ ਰਈਸ ਫਿਲਮੀ ਸਿਤਾਰੇ ਖੁਦ ਨੂੰ ਕਿਸਾਨ ਦੱਸ ਰਹੇ ਹਨ। ਵਜ੍ਹਾ? ਇਨ੍ਹਾਂ ਸਾਰਿਆਂ ਨੇ ਕਰੋੜਾਂ ਰੁਪਏ ਦੀ ਕੀਮਤ ਵਾਲੀ ਖੇਤੀਯੋਗ ਭੂਮੀ ਨੂੰ ਚੁਪਚਪੀਤੇ ਖਰੀਦ ਲਿਆ ਹੈ ਅਤੇ 'ਕਾਨੂੰਨੀ ਖਾਨਾਪੂਰਤੀ' ਕਰਨ ਲਈ ਆਪਣੇ ਆਪ ਨੂੰ ਕਿਸਾਨ ਸਾਬਤ ਕਰਨ 'ਤੇ ਤੁਲੇ ਹੋਏ ਹਨ।

ਜੇ ਕਾਨੂੰਨ ਦੀ ਗੱਲ ਕਰੀਏ ਤਾਂ ਇਸ ਬਾਬਤ ਬੰਬੇ ਟੀਨੈਂਸੀ ਤੇ ਐਗਰੀਕਲਚਰ ਲੈਂਡਸ ਐਕਟ 1984, ਭੂਮੀ ਹੀਣ ਕਿਸਾਨ ਦੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਦੇ ਉਦੇਸ਼ ਤੋਂ ਹੀ ਬਣਾਇਆ ਗਿਆ ਸੀ। ਇਸ ਦੇ ਖੰਡ 2 (2) ਅਤੇ 2 (6) ਅਨੁਸਾਰ ਕਿਸਾਨ ਉਹ ਹੈ ਜੋ ਆਪਣੀ ਜ਼ਮੀਨ 'ਤੇ ਖੁਦ ਖੇਤੀ ਕਰਦਾ ਹੈ। ਜੇ ਉਹ ਖੁਦ ਖੇਤੀਬਾੜੀ ਨਹੀਂ ਕਰਦਾ ਤਾਂ ਉਸ ਦੇ ਪਰਿਵਾਰ ਦਾ ਕੋਈ ਮੈਂਬਰ ਖੇਤੀ ਕਰਦਾ ਹੋਵੇ ਜਾਂ ਉਹ ਆਪਣੇ ਰਾਹੀਂ ਕਿਸੇ ਹੋਰ ਤੋਂ ਖੇਤੀ ਕਰਵਾ ਰਿਹਾ ਹੋਵੇ। ਜਿਸ ਤੋਂ ਖੇਤੀ ਕਰਵਾਈ ਜਾ ਰਹੀ ਹੋਵੇ ਉਸ ਨੂੰ ਨਕਦ ਆਦਿ ਦੇ ਰੂਪ 'ਚ ਮਿਹਨਤਾਨਾ ਤਾਂ ਦਿੱਤਾ ਜਾਂਦਾ ਹੋਵੇ। ਪਰ ਉਹ ਫਸਲ 'ਚੋਂ ਕਿਸ ਵੀ ਹਿੱਸੇ ਦਾ ਹੱਕਦਾਰ ਨਾ ਹੋਵੇ। ਜੇ ਕੋਈ ਵੀ ਵਿਅਕਤੀ ਇਸ ਕਾਨੂੰਨ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਖੰਡ 84-ਸੀ ਅਨੁਸਾਰ ਜ਼ਮੀਨ ਤਾਂ ਜ਼ਬਤ ਕੀਤੀ ਜਾ ਸਕਦੀ ਹੈ ਨਾਲ ਹੀ ਮਾਲੀ ਦੰਡ ਵੀ ਭੋਗਣਾ ਪੈ ਸਕਦਾ ਹੈ।

ਜ਼ਿਆਤਾਦਰ ਬਾਲੀਵੁੱਡ ਹਸਤੀਆਂ ਖਿਲਾਫ਼ ਮਾਮਲੇ ਦਰਜ ਹੋ ਚੁੱਕੇ ਹਨ। ਉਹ ਦੋਸ਼ੀ 'ਕਿਸਾਨ' ਜਿਨ੍ਹਾਂ ਦੀ ਭੂਮੀ ਪੁਣੇ ਜਾਂ ਰਾਜ ਦੇ ਕਿਸੇ ਹੋਰ ਖੇਤਰ ਦੇ ਤਹਿਤ ਆਉਂਦੀ ਹੈ ਬਾਰੇ ਜਾਂਚ ਹਿੱਤ ਮੁੱਖ ਮੰਤਰੀ ਵਿਲਾਸਰਾਓ ਦੇਸ਼ਮੁੱਖ ਨੇ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਸਰਕਾਰ ਨੇ ਅਮੀਰ ਖਾਨ ਵੱਲੋਂ ਖੇਤੀਯੋਗ ਜ਼ਮੀਨ ਦੀ ਖਰੀਦ 'ਤੇ ਜਾਂਚ ਹਿੱਤ ਆਦੇਸ਼ ਜਾਰੀ ਕੀਤੇ। ਪਰ ਆਮਿਰ ਖਾਨ ਨੇ ਜਨਤਕ ਬਿਆਨ ਜਾਰੀ ਕਰ ਦਿੱਤਾ ਕਿ ਉਹ ਤਾਂ ਜਨਮ ਤੋਂ ਹੀ ਕਿਸਾਨ ਹਨ। ਆਮਿਰ ਨੇ ਪੁਣੇ 'ਚ ਮਾਵਲ ਤਾਲੁਕਾ 'ਚ ਜ਼ਮੀਨ ਖਰੀਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ, ਭਾਈ ਤੇ ਭੈਣ ਦੇ ਉੱਤਰ ਪ੍ਰਦੇਸ਼ ਦੇ ਸ਼ਾਹਬਾਦ ਖੇਤਰ 'ਚ ਅੰਬਾਂ ਦੇ ਬਾਗ ਹਨ।' ਇਸ ਲਈ ਉਹ ਜਨਮ ਤੋਂ ਹੀ ਕਿਸਾਨ ਮੰਨੇ ਜਾਣੇ ਚਾਹੀਦੇ ਹਨ।

ਸਮਾਜਵਾਦੀ ਪਾਰਟੀ ਦੇ ਸਕੱਤਰ ਅਮਰ ਸਿੰਘ ਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਦੇ ਕਰੀਬੀ ਦੋਸਤ ਅਮਿਤਾਬ ਬਚਨ ਤਾਂ ਇਸ ਕੇਸ 'ਚ ਪਹਿਲਾਂ ਹੀ ਕਾਫੀ ਚਰਚਿਤ ਹੋ ਚੁੱਕੇ ਹਨ। ਗਰਮ ਧਰਮ ਯਾਨੀ ਧਰਮਿੰਦਰ ਵੀ ਪਿੱਛੇ ਨਹੀਂ। ਆਪਣੀਆਂ ਦੋਨੋਂ ਬੇਟੀਆਂ ਤੇ ਪਤਨੀ ਰਾਜ ਸਭਾ ਮੈਂਬਰ ਹੇਮਾ ਮਾਲਿਨੀ, ਬੇਟੇ ਅਜੈ ਸਿੰਘ ਦਿਓਲ ਯਾਨੀ ਬਾਬੀ ਦਿਓਲ ਸਮੇਤ ਆਪਣੇ ਰਿਸ਼ਤੇਦਾਰਾਂ ਊਸ਼ਾ ਦੇਵੀ ਦਿਓਲ ਅਤੇ ਅਜੀਤ ਸਿੰਘ ਦੇ ਸਾਂਝੇ ਨਾਂ 'ਤੇ 101 ਏਕੜ ਜ਼ਮੀਨ ਖਰੀਦ

ਲਈ। ਉਹ ਹੁਣ ਤੱਕ ਦੇਸੀ 'ਕਿਸਾਨ' ਦੀ ਸੂਚੀ 'ਚ ਸਭ ਤੋਂ ਉੱਪਰ ਹੈ। ਜਦ ਇਹ ਜ਼ਮੀਨ ਖਰੀਦੀ ਗਈ ਤਦ ਇਸ ਦੀ ਕੀਮਤ 40,000 ਪ੍ਰਤੀ ਏਕੜ ਸੀ। ਸੰਨ 2000 ਤੋਂ ਹੁਣ ਤੱਕ ਇਸ ਜ਼ਮੀਨ ਦੀ ਦਰ ਅਸਮਾਨ ਛੂਹ ਰਹੀ ਹੈ। ਇਕ ਅੰਦਾਜ਼ੇ ਮੁਤਾਬਕ 20 ਲੱਖ ਤੋਂ 40 ਲੱਖ ਰੁਪਏ ਪ੍ਰਤੀ ਏਕੜ। ਸਾਬਕਾ ਅਭਿਨੇਤਾ ਰਾਜੀਵ ਕਪੂਰ ਸਮੇਤ ਕ੍ਰਿਕਟਰ ਮੁਹੰਮਦ ਅਜ਼ਹਰੂਦੀਨ ਦੀ ਪਤਨੀ ਅਤੇ ਸਾਬਕਾ ਹੀਰੋਇਨ ਸੰਗੀਤਾ ਬਿਜਲਾਨੀ ਨੇ ਵੀ ਖੇਤੀਯੋਗ ਤੇ ਕਿਸਾਨਾਂ ਲਈ ਤਹਿਸ਼ੁਦਾ ਇਹ ਜ਼ਮੀਨ ਖਰੀਦ ਰੱਖੀ ਹੈ।

ਇਕ ਤੱਥ ਇਹ ਵੀ ਹੈ ਕਿ ਇਹ ਸਿਲਸਲਾ ਅਜੇ ਜਾਰੀ ਹੈ। ਮਾਵਲ ਤਾਲੁਕਾ ਦੇ ਕਿਸਾਨ 'ਤੇ ਆਪਣੀ ਜ਼ਮੀਨ ਵੇਚਣ ਲਈ ਦਬਾਅ ਪਾਇਆ ਜਾ ਰਿਹਾ ਹੈ। ਔਧੇ ਖੁਰਦ ਦੇ ਇਕ ਕਿਸਾਨ ਦਾ ਪਿਛਲੇ ਦਿਨੀਂ ਆਇਆ ਇਕ ਬਿਆਨ ਵਰਨਣਯੋਗ ਹੈ। ਉਸ ਨੇ ਕਿਹਾ ਕਿ ਮੁੰਬਈ ਦੀ ਪਾਰਟੀ ਉਸ 'ਤੇ ਦਬਾਅ ਬਣਾ ਰਹੀ ਹੈ ਕਿ ਉਹ ਆਪਣੀ ਜ਼ਮੀਨ ਵੇਚ ਦੇਵੇ। 13 ਏਕੜ ਜ਼ਮੀਨ ਦੇ ਮਾਲਕ ਇਸ ਕਿਸਾਨ ਦਾ ਕਹਿਣਾ ਸੀ ਕਿ ਉਹ 'ਤੇ ਦਬਾਅ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਸੂਤਰਾਂ ਮੁਤਾਬਕ ਮਾਵਲ ਤਾਲੁਕਾ 'ਚ ਅਜਿਹੇ ਕਈ ਦਲਾਲ ਹਨ ਜੋ ਕਿਸਾਨ ਲਈ ਤਹਿਸ਼ੁਦਾ ਜ਼ਮੀਨ ਨੂੰ ਕੌਡੀਆਂ ਦੇ ਭਾਅ ਜਾਂ ਬਾਜ਼ਾਰੀ ਕੀਮਤ 'ਤੇ ਗੈਰ ਕਿਸਾਨਾਂ ਨੂੰ ਵੇਚਣ ਲਈ ਤਿਕੜਮ ਲਈ ਰਹੇ ਹਨ।

# ਆਮ ਜਨਤਾ ਦੀ ਪਹੁੰਚ ਤੋਂ ਦੂਰ ਹੁੰਦਾ ਪਾਣੀ

ਕਿਹਾ ਜਾਂਦਾ ਹੈ ਕਿ ਪਾਣੀ ਦੀ ਸਮੱਸਿਆ ਇਸ ਸਦੀ ਦੀ ਸਭ ਤੋਂ ਵੱਡੀ ਸਮੱਸਿਆ ਬਣੇਗੀ। ਭਾਰਤ ਵਰਗੇ ਵਿਸ਼ਾਲ ਦੇਸ਼ ਵਿਚ ਵੀ ਜਿਥੇ ਭਰਪੂਰ ਬਾਰਸ਼ ਹੁੰਦੀ ਹੈ, ਪਾਣੀ ਦੀ ਕਾਫੀ ਕਮੀ ਹੋ ਗਈ ਹੈ। ਕਈ ਥਾਵਾਂ 'ਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਹੋ ਜਾਣ ਦੀਆਂ ਗੱਲਾਂ ਹੋ ਰਹੀਆਂ ਹਨ। ਜਿਸ ਧਰਤੀ ਦੀ ਤਹਿ ਦੇ ਦੋ ਤਿਹਾਈ ਹਿੱਸੇ 'ਚ ਪਾਣੀ ਹੋਵੇ, ਉਸੇ ਧਰਤੀ 'ਤੇ ਜੀਅ ਰਿਹਾ ਮਨੁੱਖ ਪਾਣੀ ਦੀ ਕਮੀ ਦਾ ਸ਼ਿਕਾਰ ਹੈ। ਇਹ ਤਾਂ ਹੀ ਸੰਭਵ ਹੈ ਜਦ ਸਪਲਾਈ ਕਰਨ ਵਾਲੀਆਂ ਸੰਸਥਾਵਾਂ ਦੀ ਕਾਰਜ ਦਿਸ਼ਾ ਤੇ ਸਮਾਜ ਦੀ ਲੋੜ ਇਕ ਦੂਜੇ ਦੇ ਉਲਟ ਦਿਸ਼ਾ ਵਿਚ ਹਨ। ਆਂਧਰਾ ਪ੍ਰਦੇਸ਼ 'ਚ ਤਲਾਬਾਂ ਦੇ ਸੁਕਣ ਨਾਲ ਲੋਕ ਪਿੰਡ ਤੋਂ ਪ੍ਰਵਾਸ ਕਰ ਰਹੇ ਹਨ। ਪੰਜਾਂ ਪਾਣੀਆਂ ਦੀ ਧਰਤੀ ਪੰਜਾਬ 'ਚ ਟਿਊਬਵੈਲ ਹੀ ਸੁੱਕੇ ਲੱਗਦੇ ਹਨ। ਕਿਸਾਨ ਪਾਣੀ ਲਈ ਤਰਸ ਰਹੇ ਹਨ। ਸ਼ਹਿਰਾਂ ਦੀ ਆਬਾਦੀ ਪਾਣੀ ਦੀ ਬੂੰਦ-ਬੂੰਦ ਲਈ ਤਰਸ ਰਹੀ ਹੈ ਤੇ ਸੂਬਿਆਂ ਦਰਮਿਆਨ ਵੀ ਪਾਣੀ ਨੂੰ ਲੈ ਕੇ ਤਣਾਅ ਹੈ। ਉਥੇ ਪਾਣੀ ਵੇਚਣ ਵਾਲੀਆਂ ਦੀ ਦਿਊ ਕੱਦ ਕੰਪਨੀਆਂ ਦਾ ਧੰਦਾ ਵਧਦਾ ਜਾ ਰਿਹਾ ਹੈ। ਅਜਿਹੀ ਸਥਿਤੀ ਕਿਉਂ ਆਈ? ਭਾਰਤ ਦੇ ਹਾਕਮ ਆਪਣੀ ਲੁੱਟ ਨੂੰ ਵਧਾਉਣ ਤੇ ਆਪਣੀਆਂ ਕੰਪਨੀਆਂ 'ਚ ਜਾਨ ਭਰਨ ਲਈ ਪਾਣੀ ਦੇ ਵਪਾਰ ਨੂੰ ਉਤਸ਼ਾਹਿਤ ਕਰ ਰਹੇ ਹਨ। ਇਨਸਾਨਾਂ ਲਈ ਪਾਣੀ ਦੀ ਜੀਵਨ ਰਖਿਅਕ ਭੂਮਿਕਾ ਤੇ ਇਹਨਾਂ ਹਾਕਮਾਂ ਦਾ ਧਿਆਨ ਘੱਟ ਰਿਹਾ ਹੈ। ਕੁਦਰਤੀ ਜਲ ਸ੍ਰੋਤਾਂ 'ਤੇ ਕੰਪਨੀਆਂ ਦੀ ਮਨੋਪਲੀ/ਅਜ਼ਾਰੇਕਾਰੀ ਵਧਦੀ ਜਾ ਰਹੀ ਹੈ। ਖੇਤ ਸੁੱਕ ਰਹੇ ਹਨ, ਲੋਕ ਪਿਆਸੇ ਹਨ ਅਤੇ ਲੁਟੇਰਿਆਂ ਦੀ 'ਆਧੁਨਿਕਤਾ ਅਤੇ ਵਿਕਾਸ' ਦੇ ਨਸ਼ੇ 'ਚ ਮਗਨ ਮੱਧ ਵਰਗ ਦਾ ਧਿਆਨ ਵਾਟਰ ਪਾਰਕਾਂ 'ਚ ਮਨੋਰੰਜਨ ਵੰਨੀ ਖਿੱਚਿਆ ਜਾ ਰਿਹਾ ਹੈ। ਨਿਜੀਕਰਨ ਦੇ ਰਵਾਇਤੀ, ਸੰਸਾਰ ਬੈਂਕ, ਤਕਨੀਕੀ ਤੇ ਸਰਕਾਰੀ 'ਮਾਹਰ' ਵੱਲੋਂ ਪਾਣੀ ਦੀ ਬੇਤਰਤੀਬੀ (ਬੇਲੋੜੀ) ਵਰਤੋਂ ਦੀ ਦਲੀਲ ਦਿੰਦੇ ਹਨ। ਅਸਲ 'ਚ ਇਹ ਦਲੀਲ ਇਸ ਗੱਲ ਤੋਂ ਧਿਆਨ ਹਟਾਉਣ ਲਈ ਦਿੱਤੀ ਜਾ ਰਹੀ ਹੈ ਕਿ ਘੱਟੋ-ਘੱਟ ਇਕ ਵਿਕਾਸ ਸ਼ੀਲ ਦੇਸ਼ 'ਚ ਪਾਣੀ ਵਰਗੀ ਬੁਨਿਆਦੀ ਲੋੜ ਦਾ ਪ੍ਰਬੰਧ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਇਹ ਦਲੀਲ ਇਸ ਗੱਲ ਨੂੰ ਵੀ ਸਥਾਪਤ ਕਰਨ ਲਈ ਦਿੱਤੀ ਜਾ ਰਹੀ ਹੈ ਕਿ ਪਾਣੀ ਦੀ ਸਪਲਾਈ ਦੀ ਪੂਰੀ ਕੀਮਤ ਵਸੂਲੀ ਜਾਣੀ ਚਾਹੀਦੀ ਹੈ ਤੇ ਸਪਲਾਈ ਕਰਨ ਵਾਲੀਆਂ ਕੰਪਨੀਆਂ ਨੂੰ ਇਸ ਤੋਂ ਪੈਸਾ ਕਮਾਉਣ ਦਾ ਅਧਿਕਾਰ ਹੈ। ਅਜੇ ਦੇਸ਼ ਦੀ ਕੁੱਲ ਖੇਤੀਯੋਗ ਭੂਮੀ ਦਾ ਸਿਰਫ 15 ਫੀਸਦੀ ਹੀ ਨਹਿਰੀ ਪਾਣੀ ਖਿੱਚਿਆ ਜਾਂਦਾ ਹੈ ਸਿਰਫ 50 ਫੀਸਦੀ ਸਿੰਚਾਈ ਹੁੰਦੀ ਹੈ। ਉੱਤਰ ਪ੍ਰਦੇਸ਼ ਜਦ ਕਿ ਮਹਾਰਾਸ਼ਟਰ, ਮੱਧ ਪ੍ਰਦੇਸ਼, ਝਾਰਖੰਡ, ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ 'ਚ ਸਿੰਚਾਈ ਦੀ ਮੁੱਖ ਤੌਰ 'ਤੇ ਖੂਹਾਂ ਜਾਂ ਤਲਾਬਾਂ ਨਾਲ ਹੁੰਦੀ ਹੈ। ਨਹਿਰਾਂ ਦੀ ਵਰਤੋਂ ਦਾ ਜ਼ਿਆਦਾ ਰਿਵਾਜ਼ ਉੜੀਸਾ ਤੇ ਜੰਮੂ ਕਸ਼ਮੀਰ 'ਚ ਹੈ। ਨਵੀਆਂ ਆਰਥਿਕ ਨੀਤੀਆਂ ਦੇ ਦੌਰ ਤੇ ਪਿਛਲੇ 15 ਸਾਲਾਂ 'ਚ ਆਂਧਰਾ ਪ੍ਰਦੇਸ਼, ਬਿਹਾਰ, ਉੱਤਰ ਪ੍ਰਦੇਸ਼, ਉੜੀਸਾ, ਤਾਮਿਲਨਾਡੂ 'ਚ ਨਹਿਰਾਂ ਦੇ ਰੱਖ-ਰਖਾਅ 'ਚ ਕਮੀ ਕਾਰਨ ਨਹਿਰਾਂ ਰਾਹੀਂ ਸੰਚਿਤ ਖੇਤਰ ਲਵਭਗ 11 ਫੀਸਦੀ ਘਟਿਆ ਹੈ। ਤਲਾਬਾਂ ਤੇ ਨਹਿਰਾਂ ਨਾਲ ਸਿੰਚਾਈ 'ਚ

ਕਮੀ, ਰਾਜ ਸਰਕਾਰਾਂ ਦੁਆਰਾ ਸਿੰਚਾਈ ਲਈ ਦਿੱਤੇ ਖਰਚੇ 'ਚ ਕੀਤੀ ਜਾ ਰਹੀ ਕਟੌਤੀ ਕਾਰਨ ਆਈ ਹੈ।

ਸਿੱਟੇ ਵਜੋਂ ਕਿਸਾਨਾਂ ਪੰਪਿੰਗ ਸੈਟ ਤੇ ਟਿਊਬਵੈਲ ਦੀ ਵਰਤੋਂ ਕਰਨ ਲਈ ਮਜਬੂਤ ਹੋਏ ਹਨ। ਜਿਸ ਨਾਲ ਇਕ ਪਾਸੇ ਧਰਤੀ ਹੇਠਲੇ ਪਾਣੀ ਦਾ ਪੱਧਰ ਘਟਿਆ ਹੈ ਤੇ ਦੂਜੇ ਪਾਸੇ ਸਿੰਚਾਈ 'ਤੇ ਕਿਸਾਨਾਂ ਦਾ ਖਰਚ ਤੇਜੀ ਨਾਲ ਵਧਿਆ ਹੈ। ਡੀਜ਼ਲ ਦੇ ਭਾਵਾਂ 'ਚ ਹੋਏ ਤੇਜ਼ ਰਫਤਾਰ ਵਾਧੇ ਕਾਰਨ ਇਹ ਸਾਧਨ ਸਿੰਚਾਈ ਦਾ ਸਭ ਤੋਂ ਮਹਿੰਗਾ ਤਰੀਕਾ ਬਣ ਗਿਆ ਹੈ। ਨਹਿਰਾਂ ਤੇ ਤਲਾਬਾਂ ਦੇ ਸੁੱਕਣ ਨਾਲ ਧਰਤੀ ਹੇਠਲੇ ਪਾਣੀ ਦੀ ਕਮੀ ਪੂਰੀ ਨਹੀਂ ਹੋ ਰਹੀ ਅਤੇ ਇਹੀ ਸਮੱਸਿਆ ਦਾ ਮੁੱਖ ਕਾਰਨ ਹੈ। ਇਸ ਦਾ ਅਸਰ ਪੇਂਡ ਹਲਕਿਆਂ 'ਚ ਤਾਂ ਹੈ ਹੀ, ਸ਼ਹਿਰੀ ਖੇਤਰਾਂ 'ਚ ਵੀ ਹੈ। ਸਰਕਾਰ ਦਾ ਵਾਟਰ ਹਾਰਵੈਸਟਿੰਗ ਦਾ ਸੁਝਾਅ, ਇਸ ਕਮੀ ਨੂੰ ਪੂਰਾ ਨਹੀਂ ਕਰ ਸਕਦਾ। ਅੰਕੜੇ ਦਸਦੇ ਹਨ ਕਿ '90 ਦੇ ਦਹਾਕੇ 'ਚ' ਜ਼ਿਆਦਾਤਰ ਰਾਜਾਂ 'ਚ ਸਿੰਚਾਈ ਤੇ ਹੜ੍ਹ ਕੰਟਰੋਲ 'ਤੇ ਰਾਜ ਸਰਕਾਰਾਂ ਵਲੋਂ ਗਰਾਂਟ ਵਜੋਂ ਮਿਲਦੀ ਰਾਸ਼ੀ ਵਧਣ ਦੀ ਬਜਾਏ, ਉਸ ਦੇ ਕੁਲ ਖਰਚੇ ਦੀ ਤੁਲਨਾ 'ਚ ਘਟੀ ਹੈ। ਸਭ ਤੋਂ ਤੇਜ਼ ਗਿਰਾਵਟ ਪੰਜਾਬ, ਮਹਾਰਾਸ਼ਟਰ ਤੇ ਉੱਤਰ ਪ੍ਰਦੇਸ਼ 'ਚ ਆਈ ਹੈ। ਇੱਥੇ ਸਾਲ 1995-96 ਦੀ ਤੁਲਨਾ 'ਚ ਸਾਲ 1990-2002 'ਚ ਪੰਜਾਬ 'ਚ 9.44 ਫੀਸਦੀ ਤੋਂ ਘਟ ਕੇ 5.16 ਅਤੇ ਉੱਤਰ ਪ੍ਰਦੇਸ਼ 'ਚ 7.75 ਤੋਂ ਘੱਟ ਕੇ 5.26 ਫੀਸਦੀ। ਨਿੱਜੀਕਰਨ ਤੇ ਪੈਰੋਕਾਰ ਤੇ ਸਰਕਾਰਾਂ ਇਸ ਖਰਚੇ ਨੂੰ ਲੋਕ ਵਿਕਾਸ ਦੇ ਨਜ਼ਰੀਏ ਨਾਲ ਨਾ ਵੇਖ ਕੇ ਆਪਣੇ ਘਾਟੇ ਤੇ ਖਾਤੇ 'ਚ ਗਿਣਦੀ ਹੈ। ਉਹਨਾਂ ਦਾ ਤਰਕ ਹੈ ਕਿ ਸਿੰਚਾਈ ਤੇ ਖਰਚ ਉਹਨਾਂ ਦੇ ਰੇਵਨਿਊ ਘਾਟੇ ਦਾ ਇਕ ਤਿਹਾਈ ਹਿੱਸਾ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਵਧਾਉਣ ਤੇ ਹੜ੍ਹਾਂ ਦੇ ਕੰਟਰੋਲ ਲਈ ਵੱਖ-ਵੱਖ ਜ਼ਰੂਰੀ ਕਦਮਾਂ 'ਚੋਂ ਇਕ ਰਵਾਇਤੀ ਕਦਮ ਖੇਤਾਂ ਦੀ ਮਿੱਟੀ ਨੂੰ ਖੁਰਣ ਤੋਂ ਬਚਾਅ ਕੇ ਰੱਖਣਾ ਹੈ ਜਿਸ 'ਚ ਖੇਤਾਂ 'ਚ ਵੱਟਾਂ ਬਣਾ ਕੇ ਉਹਨਾਂ ਉੱਪਰ ਦਲਹਨ ਦੀ ਖੇਤੀ ਕਰਵਾਈ ਜਾਂਦੀ ਹੈ। ਇਸ ਕੰਮ ਲਈ ਸਰਕਾਰੀ ਘੱਟ ਹੈ। ਪਾਣੀ ਦੇ ਸੰਕਟ ਦਾ ਦੂਜਾ ਪੱਖ ਪੀਣ ਵਾਲੇ ਪਾਣੀ ਦੀ ਸਪਲਾਈ ਤੇ ਸਫਾਈ ਪ੍ਰਬੰਧ ਦਾ ਹੈ। ਜੋ ਸ਼ਹਿਰੀ ਆਬਾਦੀਆਂ ਤੇ ਪਿਛਲੇ ਪੇਂਡੂ ਇਲਾਕਿਆਂ ਦੋਨਾਂ 'ਚ ਹੀ ਇਕ ਵੱਡੀ ਸਮੱਸਿਆ ਹੈ। ਨਾ ਤਾਂ ਸਰਕਾਰ ਨੇ ਇਸ ਹਿੱਤ ਪਾਣੀ ਦੀ ਸਪਲਾਈ ਵਧਾਉਣ ਲਈ ਆਪਣੀ ਗਰਾਂਟ ਵਧਾਈ ਹੈ ਅਤੇ ਨਾ ਹੀ ਪੁਰਾਣੀਆਂ ਸਹੂਲਤਾਂ ਨੂੰ ਹੀ ਬਰਕਰਾਰ ਰੱਖਿਆ ਗਿਆ ਹੈ। ਨਿੱਜੀ ਕੰਪਨੀਆਂ ਦੀ ਵਿਕਰੀ ਵਧਾਉਣ ਲਈ ਸਰਕਾਰੀ ਪਾਣੀ ਦੀ ਸਹੂਲਤ ਨੂੰ ਚੌਪਟ ਕੀਤਾ ਹੋਇਆ ਹੈ। ਪਿੰਡਾਂ 'ਚ ਹੈਂਡਪੰਪ ਲਾਉਣ ਦੀਆਂ ਯੋਜਨਾਵਾਂ 'ਚ ਕਟੌਤੀ ਹੋ ਰਹੀ ਹੈ ਤੇ ਉਹਨਾਂ ਦੀ ਸਰਕਾਰੀ ਮੁਰੰਮਤ ਤਾਂ ਕਰਵਾਈ ਹੀ ਨਹੀਂ ਜਾਂਦੀ। ਇਸ ਦਿਸ਼ਾ 'ਚ ਸਰਕਾਰ ਦਾ ਚਿੰਤਨ ਸੰਸਾਰ ਬੈਂਕ, ਸੰਸਾਰ ਵਪਾਰ ਸੰਗਠਨ ਤੇ ਵਿਦੇਸ਼ੀ ਪ੍ਰਭੂਆਂ ਦੇ ਵਿਚਾਰਾਂ ਨਾਲ ਪ੍ਰਭਾਵਿਤ ਹੈ ਤੇ ਇਸ ਦਾ ਰਵਈਆ ਜਨਤਾ ਪ੍ਰਤੀ ਅਪਰਾਧ ਦੇ ਦਾਇਰੇ 'ਚ ਆਉਂਦਾ ਹੈ। 90 ਦੇ ਦਹਾਕੇ 'ਚ ਸੰਸਾਰ ਬੈਂਕ ਨੇ ਪਾਣੀ ਦੇ ਨਿੱਜੀਕਰਨ ਦੀ ਯੋਜਨਾ ਤਿਆਰ ਕੀਤੀ। ਸੰਸਾਰ ਬੈਂਕ ਨੇ 1994 'ਚ ਹੀ ਭਾਰਤ 'ਚ ਜਲ ਸਪਲਾਈ ਦੇ ਸੰਕਟ ਦਾ ਜ਼ਿਕਰ ਕਰਦੇ ਹੋਇਆ ਲਿਖਿਆ ਸੀ ਕਿ ਨਿਜੀਕਰਨ ਕਰਨ ਨਾਲ ਘੱਟੋਂ ਘੱਟ ਉਨ੍ਹਾਂ ਲੋਕਾਂ ਨੂੰ ਸਹੂਲਤ ਦਿੱਤੀ ਜਾ ਸਕਦੀ ਹੈ ਜੋ ਲੋਕ ਇਸ ਦਾ ਮੁੱਲ ਤਾਰ ਸਕਦੇ ਹਨ।

ਇਸ ਅਨੁਸਾਰ 1998 'ਚ ਭਾਰਤ ਸਰਕਾਰ ਵਲੋਂ ਤਿਆਰ ਕੀਤੀ ਗਈ "ਸਿੰਚਾਈ ਖੇਤਰ" ਦੀ ਯੋਜਨਾ 'ਚ ਕਿਹਾ ਗਿਆ ਕਿ ਪਾਣੀ ਦੀਆਂ ਮੌਜੂਦ ਦਰਾਂ ਨੂੰ ਤਰਕਸੰਗਤ ਕਰਦੇ ਹੌਏ ਤੇਜ਼ੀ ਨਾਲ ਵਧਾ ਦਿਤਾ ਜਾਵੇ। ਭਾਰਤ 'ਚ ਅਮਰੀਕੀ ਰਾਜਦੂਤ ਡੇਵਿਡ ਮਲਫੋਰਡ ਨੇ ਹਾਲ ਹੀ 'ਚ ਇਸ ਦੀ ਵਕਾਲਤ ਕਰਦੇ ਹੋਇਆ ਕਿਹਾ ਕਿ ਕੀਮਤਾਂ ਦਾ ਵਧਣਾ ਸਮੱਸਿਆ ਦੇ ਰੂਪ 'ਚ ਤਾਂ ਹੀ ਦਿਸੇਗਾ ਜਦ ਪਹਿਲਾ ਤੋਂ ਹੀ ਕੀਮਤਾਂ ਘੱਟ ਹੋਣਗੀਆਂ। ਉਹਨਾਂ ਦਾ ਮੱਤ ਹੈ ਕਿ ਨਿਜੀ ਖੇਤਰ ਰਾਹੀਂ ਨਿਵੇਸ਼ ਨਾਲ ਤਕਨੀਕ ਦੇ ਪ੍ਰਬੰਧ 'ਚ ਸੁਧਾਰ ਹੋਵੇਗਾ ਹੀ ਨਾਲ ਹੀ ਰੈਵਨਿਊ ਵਸੂਲੀ ਵੀ ਤੇਜੀ ਨਾਲ ਵਧੇਗੀ। ਭਾਰਤ 'ਚ ਅੱਧੀ ਤੋਂ ਵੱਧ ਆਬਾਦੀ ਨੂੰ ਸਾਫ ਪਾਣੀ ਮੁਹੱਈਆ ਨਹੀ ਹੈ। ਉਪਰੋਕਤ ਸੁਝਾਅ ਇਨ੍ਹਾਂ ਲੋਕਾਂ ਨੂੰ ਤਾਂ ਸਾਫ ਪਾਣੀ ਹਾਸਲ ਕਰਨ ਦੇ ਦਾਇਰੇ ਤੋਂ ਬਾਹਰ ਰੱਖਦੇ ਹੀ ਹਨ, ਇਹ ਉਹਨਾ ਨੂੰ ਵੀ ਇਸ ਦਾਇਰੇ ਤੋਂ ਬਾਹਰ ਕਰਨਾ ਚਾਹੁੰਦੇ ਹਨ। ਜਿਨ੍ਹਾਂ ਨੂੰ ਅੱਜ ਸਸਤੀਆਂ ਦਰਾਂ ਤੇ ਸਾਫ ਪਾਣੀ ਮਿਲ ਗਿਆ ਹੈ। ਸਿੰਚਾਈ ਦਾ ਨਿਜੀਕਰਨ ਵਿਸ਼ਵ ਬੈਂਕ ਦੇ ਸੁਝਾਅ ਤੇ ਜਲ ਉਪਯੋਗਤਾ ਸੰਮਤੀਆਂ (ਵਾਟਰ ਯੂਜ਼ਰ ਸੋਸਾਇਟੀਆਂ) ਬਣਾ ਕੇ ਪੇਂਡੂ ਨਹਿਰੀ ਸਿੰਚਾਈ ਵਿਵਸਥਾ ਨੂੰ ਉਹਨਾਂ ਨੂੰ ਸੋਪਣ ਦਾ ਪ੍ਰਸਤਾਵ ਲਿਆਂਦਾ ਗਿਆ ਅਤੇ ਪਿਛਲੇ ਸਾਲਾਂ ਦੇ ਬਜਟ ਵਿਚ ਇਸ ਪ੍ਰਸਤਾਵ ਨੂੰ ਕੇਂਦਰੀ ਯੋਜਨਾ ਦਾ ਹਿੱਸਾ ਬਣਾ ਲਿਆ ਗਿਆ। ਉੜੀਸਾ 'ਚ ਇਸਦੇ ਬੇਹੱਦ ਖਰਾਰ ਨਤੀਜੇ ਸਾਹਮਣੇ ਆਏ। ਇਨ੍ਹਾਂ ਨਿੱਜੀ ਸੰਮਤੀਆਂ ਤੇ ਕੁਝ ਗੈਰ ਸਰਕਾਰੀ ਸੰਗਠਨਾਂ ਨੂੰ ਨਹਿਰ ਦਾ ਰੱਖ ਰਖਾਅ ਕਰਨ, ਸਿੰਚਾਈ ਦੇ ਪਾਣੀ ਦੀ ਸਪਲਾਈ ਕਰਨ ਤੇ ਕਿਸਾਨਾਂ ਤੋਂ ਸਿੰਚਾਈ ਦੀ ਕੀਮਤ ਵਸੂਲਣ ਦੀ ਜ਼ਿੰਮੇਵਾਰੀ ਦਿੱਤੀ ਗਈ। ਰੱਖ ਰਖਾਅ ਲਈ ਸਰਕਾਰ ਨੇ ਆਪਦੇ ਸਿੰਚਾਈ ਖਰਚ ਵਿਚੋਂ ਇਨ੍ਹਾਂ ਨੂੰ ਪੈਸਾ ਵੀ ਦੇ ਦਿੱਤਾ ਤੇ ਕਰਜ਼ਾ ਵੀ ਪਰ ਉਹ ਸਾਰੀਆਂ ਹੀ ਯੋਜਨਾਵਾਂ ਬੇਕਾਰ/ਅਸਫਲ ਹੋ ਗਈਆਂ। ਨਹਿਰਾਂ 'ਚ ਪਾਣੀ ਨਹੀਂ ਚਲਿਆ, ਸਰਕਾਰੀ ਧਨ ਤੇ ਬੈਂਕ ਕਰਜ਼ੇ ਦਾ ਗਬਨ ਹੋਇਆ। ਪੇਂਡੂ ਖੇਤਰਾਂ 'ਚ ਇਹ ਸੰਮਤੀਆਂ ਜਾਗੀਰੂ ਗੁੰਡਿਆਂ ਦੀ ਬਦਮਾਸ਼ੀ ਦਾ ਇਕ ਵਾਧੂ ਸੰਦ ਬਣ ਗਈਆਂ। ਇਸ ਤਰਜ਼ ਤੇ ਆਂਧਰਾ ਪ੍ਰਦੇਸ਼ ਦੇ ਸੋਕਾ ਗ੍ਰਸ਼ਿਤ ਮਹਿਬੂਬਨਗਰ ਜ਼ਿਲੇ ਵਿਚ ਇਕ ਅਜਿਹੀ ਸੰਮਤੀ ਬਣਾਈ ਗਈ ਜਿਸ ਦਾ ਉਦਘਾਟਨਕਰਨ ਸੰਸਾਰ ਬੈਂਕ ਚੇਅਰਮੈਨ ਵੁਲਫੈਨਸਨ ਖੁਦ ਆਏ, ਪਰ ਲੋਕਾਂ ਦੇ ਵਿਰੋਧ ਦੇ ਕਾਰਨ ਉਥੇ ਨਹੀਂ ਪਹੁੰਚ ਸਕੇ। ਸਰਕਾਰੀ ਉਦਾਸੀਨਤਾ ਤੇ ਨਿਜੀਕਰਨ ਦੇ ਕਾਰਨ ਆਂਧਰਾ ਪ੍ਰਦੇਸ਼ 'ਚ ਪਾਣੀ ਦਾ ਸੰਕਟ ਇਨਾਂ ਗੰਭੀਰ ਹੈ ਤੇ ਲੋਕਾਂ ਦਾ ਵਿਰੋਧ ਏਨਾ ਵਿਆਪਕ ਹੈ ਕਿ ਪਿਛਲੇ ਸਾਲ ਸੰਸਾਰ ਬੈਂਕ ਦੀ ਲਾਡਲੀ ਨਾਇਡੂ ਸਰਕਾਰ ਦੀ ਚੋਣ 'ਚ ਬੁਰੀ ਹਾਰ ਦੀ ਇਹ ਵੀ ਇਕ ਵਜ੍ਹਾ ਸੀ। 80 ਤੇ 90 ਦੇ ਦਹਾਕੇ 'ਚ ਸੰਸਾਰ ਬੈਂਕ ਨੇ ਅਜਿਹੇ ਹੀ ਅਨੁਭਵ ਪੂਰੇ ਦੱਖਣੀ ਅਮਰੀਕਾ 'ਚ ਵੀ ਪ੍ਰਾਪਤ ਕੀਤੇ। ਉਥੇ ਇਸ ਤਰ੍ਹਾਂ ਦੇ ਨਿਜੀਕਰਨ ਨੂੰ ਲਾਗੂ ਕਰਨ ਵਾਲੀਆਂ ਕਈ ਸਰਕਾਰਾਂ ਦੀ ਲੋਕਾਂ ਨੇ ਵਾਰ ਵਾਰ ਪਰਦਾਫਾਸ਼ ਕੀਤਾ। ਬੋਲੀਵਿਆਂ 'ਚ ਤਾਂ ਪਾਣੀ ਨੂੰ ਲੈ ਕੇ ਜਨਤਾ ਦਾ ਵੱਡਾ ਵਿਦਰੋਹ ਖੜ੍ਹਾ ਹੋ ਗਿਆ ਸੀ। ਲਗਦਾ ਹੈ ਕਿ 'ਪਾਣੀ ਉਪਭੋਗਤਾ/ਖਪਤਕਾਰ ਸੰਮਤੀਆਂ' ਇਹ ਮੰਨ ਕੇ ਬਣਾਈਆਂ ਗਈਆਂ ਹਨ ਕਿ ਬਾਕੀ ਦੇ ਲੋਕਾਂ ਨੂੰ ਪਾਣੀ ਦੀ ਖਪਤ ਦੀ ਜਿਵੇਂ ਲੋੜ ਹੀ ਨਾ ਹੋਵੇ। ਅਜਿਹੇ ਨਾਮਕਰਨ ਨਾਲ ਇਨ੍ਹਾਂ ਯੋਜਨਾਵਾਂ ਦੀ ਸਫ਼ਲਤਾ ਦਰਸਾਉਣੀ ਵੀ ਸੌਖੀ ਹੋ ਜਾਂਦੀ ਹੈ ਕਿਉਂਕਿ ਇਨ੍ਹਾਂ ਦੇ ਕੰਮ ਦਾ ਮੁਲਅੰਕਣ ਕਰਦੇ ਸਮੇਂ ਇਹ ਸਿੱਟਾ ਕੱਢਿਆ ਜਾਵੇਗਾ

ਕਿ ਸਾਰੇ ਖਪਤਕਾਰ ਸੰਤੁਸ਼ਟ ਪਾਏ ਗਏ। ਇਹ ਗੱਲ ਵੱਲ ਤਾਂ ਕੁਝ ਹੀ 'ਬੁੱਧੀਜੀਵੀਆਂ ਦਾ ਧਿਆਨ ਜਾਵੇਗਾ ਕਿ ਜੋ ਸੰਤੁਸ਼ਟ ਨਹੀਂ ਸਨ, ਜੋ ਕਿ ਆਬਾਦੀ ਦਾ ਜ਼ਿਆਦਾ ਵੱਡਾ ਹਿੱਸਾ ਸਨ, ਉਹ ਖਪਤਕਾਰ ਵੀ ਨਹੀਂ ਸਨ। ਨਵੇਂ ਕਾਨੂੰਨ ਇਸ ਪਾਸੇ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਨ 'ਚ ਵੱਖ ਵੱਖ ਸੂਬਾਈ ਸਰਕਾਰਾਂ ਨੇ ਪਾਣੀ ਦੀ ਵਰਤੋਂ ਸਬੰਧੀ ਨਵੇਂ ਕਾਨੂੰਨ ਵੀ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਮਹਾਂਰਾਸ਼ਟਰ ਸਰਕਾਰ ਵੱਲੋਂ ਬਣਾਏ ਗਏ ਕਾਨੂੰਨ, ਮਹਾਂਰਾਸ਼ਟਰ ਜਲ ਸਰੋਤ ਨਿਯਮ (ਵਾਟਰ ਰਿਸੋਰਸਿਜ਼ ਰੈਗੂਲੇਸ਼ਨ ਅਥਾਰਟੀ ਬਿੱਲ) 'ਚ ਨਦੀਆਂ ਦੀ ਵਰਤੋਂ ਦਾ ਅਧਿਕਾਰ, ਲੋਕਾਂ ਦੀ ਬਜਾਏ, ਇਸ ਕਾਨੂੰਨ ਦੇ ਤਹਿਤ ਬਣਾਏ ਗਏ ਆਰਡੀਨੈਂਸ ਨੂੰ ਸੌਂਪ ਦਿੱਤਾ ਹੈ। ਇਸ ਕਾਨੂੰਨ ਦੇ ਦਾਇਰੇ 'ਚ ਵਿਅਕਤੀ, ਸੰਮਤੀ, ਕੰਪਨੀ ਸਭ ਨੂੰ ਬਰਾਬਰ ਦਾ ਅਧਿਕਾਰ ਦਿੱਤਾ ਗਿਆ ਹੈ। ਜ਼ਾਹਿਰ ਹੈ ਝਗੜਿਆਂ ਦੇ ਹੱਲ 'ਚ ਕੰਪਨੀਆਂ ਤੇ ਸੰਮਤੀਆਂ ਦੇ ਸਾਹਮਣੇ ਇਕੱਲੇ ਕਹਿਰੇ ਵਿਅਕਤੀ ਕਿਵੇਂ ਟਿਕ ਸਕਣਗੇ। ਪਾਣੀ ਦੀ ਸੰਤੁਲਿਤ ਵਰਤੋਂ ਨੂੰ ਨਿਰਧਾਰਿਤ ਕਰਨ ਲਈ ਉਸ 'ਚ ਇਹ ਵਿਵਸਥਾ ਹੈ ਕਿ ਕੁਝ ਚੁਣੇ ਹੋਏ ਇਲਾਕਿਆਂ 'ਚ ਕਿਸਾਨ ਫੁਆਰਾ (ਸਪਰਿੰਕਲਰ) ਜਾਂ ਡ੍ਰਿਪ ਸਿੰਚਾਈ ਦਾ ਪ੍ਰਬੰਧ ਕਰਨਗੇ। ਨਹੀਂ ਤਾਂ ਉਹਨਾਂ ਨੂੰ ਪਾਣੀ ਹੀ ਨਹੀਂ ਦਿੱਤਾ ਜਾਵੇਗਾ। ਅਜਿਹੀ ਸਿੰਚਾਈ ਦਾ ਪ੍ਰਬੰਧ ਕਰਨ ਦੀ ਔਸਤ ਕੀਮਤ ਪ੍ਰਤੀ ਏਕੜ 15,000 ਤੋਂ 20,000 ਰੁਪਏ ਆਉਂਦੀ ਹੈ। ਸੰਭਵ ਹੈ ਕਿ ਕਿਸਾਨਾਂ ਦੀ ਮਦਦ ਦੇ ਨਾਂ 'ਤੇ ਕਿਸਾਨਾਂ ਦੀ ਸਬਸਿਡੀ ਕੱਟ ਕੇ ਇਹ ਰਕਮ ਕੁਝ ਇਲਾਕਿਆਂ 'ਚ ਸਰਕਾਰ ਖੁਦ ਖਰਚ ਕਰ ਦੇਵੇ। ਪਰ ਜ਼ਿਆਦਾਤਰ ਖੇਤਰਾਂ 'ਚ ਇਸ ਦਾ ਬੋਝ ਕਿਸਾਨੀ ਨੂੰ ਖੁਦ ਸਹਿਣ ਕਰਨਾ ਪਵੇਗਾ। ਜੇ ਉਹ ਅਜਿਹੇ ਜੀਵ ਹਨ ਜਿਨ੍ਹਾਂ ਨੂੰ ਪਾਣੀ ਦੀ 'ਖਪਤ' ਦੀ ਲੋੜ ਹੈ। ਤੇ ਇਸ ਨਾਲ ਅਜਿਹੀ ਸਮੱਗਰੀ ਵੇਚਣ ਵਾਲੀਆਂ ਕੰਪਨੀਆਂ ਦੀ ਆਮਦਨ ਤਾਂ ਵਧੇਗੀ ਹੀ। ਇਸ ਕਾਨੂੰਨ 'ਚ ਇਹ ਵੀ ਵਿਵਸਥਾ ਹੈ ਕਿ ਇਸ ਪੂਰੇ ਕੰਮ ਦੀ ਦੇਖਭਾਲ ਲਈ ਇਕ ਤਿੰਨ ਮੈਂਬਰੀ ਜਲ ਸਕੱਤਰ ਹੋਵੇਗਾ ਤੇ ਬਾਕੀ ਦੇ ਮੈਂਬਰ ਕੋਈ ਮਾਹਰ ਹੋਣਗੇ। ਯਾਨੀ ਪੂਰੇ ਮਾਮਲੇ 'ਚ ਜਨ ਸੁਵਿਧਾ ਪ੍ਰਯੋਜਨ ਦਾ ਦਾਇਰਾ ਹਾਵੀ ਹੋਵੇਗਾ। ਸਮਾਜ ਦੇ ਵਿਕਾਸ ਲਈ ਜ਼ਰੂਰੀ ਹੈ ਕਿ ਜਲ ਸਰੋਤਾਂ ਦਾ ਵਿਕਾਸ ਇਲਾਕੇ ਦੇ ਲੋਕਾਂ ਦੀ ਜ਼ਰੂਰਤ ਅਨੁਸਾਰ ਹੋਵੇ, ਇਹ ਲੋਕਾਂ ਦੀ ਪਹੁੰਚ 'ਚ ਹੋਵੇ। ਇਥੇ ਤਕਨੀਕੀ ਮਾਪਦੰਡਾਂ ਤੇ ਆਰਥਕ ਜੀਵੰਤਤਾ ਦੇ ਨਾਮ 'ਤੇ ਜਲ ਸਰੋਤਾਂ ਦਾ ਕੰਟਰੋਲ ਨੌਕਰਸ਼ਾਹੀ ਤੇ ਮੁਨਾਫ਼ਾਖੋਰਾਂ ਨੂੰ ਦੇਣ 'ਤੇ ਜ਼ੋਰ ਹੈ। ਕੰਪਨੀਆਂ ਦੀ ਨੀਤੀ ਜਨਤਾ ਦੇ ਜੀਵਨ 'ਤੇ ਹਾਵੀ ਹੈ। ਕਾਨੂੰਨ ਦੇ ਉਦੇਸ਼ਾਂ 'ਚ ਇਹ ਸਪੱਸ਼ਟ ਲਿਖਿਆ ਹੈ ਕਿ ਪਾਣੀ ਸਪਲਾਈ ਦੀਆਂ ਦਰਾਂ ਨਾਲ ਨਾ ਸਿਰਫ਼ ਖਰਚੇ ਨੂੰ ਪੂਰੀ ਤਰ੍ਹਾਂ ਵਸੂਲਿਆ ਜਾਵੇਗਾ ਸਗੋਂ ਨਿਵੇਸ਼ ਕੀਤੀ ਗਈ ਪੂੰਜੀ ਦਾ ਵੀ ਇਕ ਹਿੱਸਾ ਖਪਤਕਾਰਾਂ ਤੋਂ ਵਸੂਲਿਆ ਜਾਵੇਗਾ। ਸਿੰਚਾਈ, ਪ੍ਰਬੰਧ, ਪ੍ਰਸ਼ਾਸ਼ਨ, ਰਖ ਰਖਾਅ ਆਦਿ ਸਭ ਦਾ ਖਰਚਾ ਵੀ ਲਿਆ ਜਾਵੇਗਾ। ਨਿਜੀਕਰਨ ਦੇ ਸਮਾਰਥਕ ਅਮਰੀਕੀ ਰਾਜਦੂਤ ਤੇ ਹੋਰ 'ਮਾਹਰ' ਇਸ ਗੱਲ ਨੂੰ ਲਿਖਦੇ ਹੀ ਹਨ ਕਿ ਪਾਣੀ ਦਾ ਨਿਜੀਕਰਨ ਨਿਵੇਸ਼ਕਾਂ ਦੇ ਲਈ ਲਾਭਕਾਰੀ ਹੋਣਾ ਚਾਹੀਦਾ ਹੈ। ਗਰੀਬਾਂ ਲਈ ਉਹ ਕਹਿੰਦੇ ਹਨ ਕਿ ਸਬਸਿਡੀ ਅਤੇ ਗਰੀਬਾਂ ਲਈ ਹੀ ਹੋਣੀ ਚਾਹੀਦੀ ਹੈ। ਵੈਸੇ ਵੀ ਉਹਨਾਂ ਮੁਫ਼ਤ 'ਤੇ ਸਾਫ਼ ਪਾਣੀ ਮਿਲ ਵੀ ਕਿੱਥੇ ਰਿਹਾ ਹੈ ਕਿ ਇਸ ਗੱਲ ਦੀ ਚਿੰਤਾ ਕੀਤੀ ਜਾਵੇ। ਇਸ ਕਾਨੂੰਨ 'ਚ ਇਕ ਹੋਰ ਵਿਵਸਥਾ ਹੈ ਕਿ ਜਿਨ੍ਹਾਂ ਕਿਸਾਨਾਂ ਦੇ ਦੋ ਤੋਂ ਵੱਧ ਬੱਚੇ ਹੋਣਗੇ, ਉਹਨਾਂ

ਨੂੰ ਪਾਣੀ ਦੀ ਡੇਢ ਗੁਣਾ ਕੀਮਤ ਦੇਣੀ ਪੈਣੀ ਹੈ। ਗਰੀਬਾਂ 'ਚ ਵੀ ਅੱਡ-ਅੱਡ ਸ਼੍ਰੇਣੀਆਂ ਬਣਾ ਦੇਣ ਨਾਲ ਲੋਕਾਂ ਦੀ ਬਗਾਵਤ ਨੂੰ ਕੰਟਰੋਲ ਕਰਨਾ। ਹਾਕਮਾਂ ਲਈ ਸੌਖਾ ਹੋ ਜਾਵੇਗਾ। ਇਸ ਤਰ੍ਹਾਂ ਦਾ ਲੋਕ ਵਿਰੋਧੀ ਬਜਾਰੂ ਤੇ ਸਾਮਰਾਜੀ ਸ਼ਕਤੀਆਂ ਦਾ ਹਮਾਇਤੀ ਕਾਨੂੰਨ 16 ਅਗਸਤ 2005 ਨੂੰ ਮਹਾਂਰਾਸ਼ਟਰ ਵਿਧਾਨ ਸਭਾ 'ਚ ਬਿਨਾਂ ਬਹਿਸ ਦੇ ਪਾਸ ਕਰ ਦਿੱਤਾ ਗਿਆ। ਵਿਧਾਨ ਸਭਾ 'ਚ ਕਾਨੂੰਨ ਪੜ੍ਹਿਆ ਵੀ ਨਹੀਂ ਗਿਆ। ਸੈਸ਼ਨ ਦਾ ਆਖ਼ਰੀ ਦਿਨ ਹੋਣ ਕਾਰਨ 'ਸਮੇਂ ਦੀ ਘਾਟ' ਕਾਰਨ ਸਿਰਫ਼ ਇਸ ਦਾ ਸਿਰਲੇਖ ਹੀ ਪੜ੍ਹਿਆ ਗਿਆ। ਉਸ ਸਮੇਂ ਸੀ. ਪੀ. ਆਈ ਤੇ ਸੀ. ਪੀ. ਐਮ. ਦੋਹਾਂ ਦੇ ਵਿਧਾਇਕ ਸੈਸ਼ਨ 'ਚ ਹਾਜ਼ਰ ਸਨ।

ਇਸ ਦਿਸ਼ਾ 'ਚ ਉੱਤਰ ਪ੍ਰਦੇਸ਼ ਸਰਕਾਰ ਨੇ ਵੀ ਪਾਣੀ ਦੀ ਆਪਣੀ ਦਿਕਤ ਦਾ ਮੁਲਾਂਕਣ ਕਰਕੇ ਇਕ ਯੋਜਨਾ ਤਿਆਰ ਕੀਤੀ ਹੈ। ਕਿਹਾ ਗਿਆ ਹੈ ਕਿ ਭੂਮੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਹਰ ਸਾਲ 2 ਤੋਂ 5 ਫੁੱਟ ਹੇਠਾਂ ਜਾ ਰਿਹਾ ਹੈ। ਕਾਨਪੁਰ ਲਖਨਊ ਤੇ ਗਾਜ਼ੀਆਬਾਦ ਸਭ ਤੋਂ ਵੱਧ ਪ੍ਰਭਾਵਿਤ ਸ਼ਹਿਰ ਹੈ। ਇਸ ਲਈ ਭੂਮੀ ਦੇ ਪਾਣੀ ਦੀ ਵਰਤੋਂ ਲਈ ਇਕ ਨਵਾਂ ਕਾਨੂੰਨ ਘੜਿਆ ਗਿਆ ਹੈ। ਜਿਸ ਦਾ ਨਾਂ ਹੈ-ਉਤਰ ਪ੍ਰਦੇਸ਼ ਧਰਤੀ ਜਲ ਸੁਰੱਖਿਆ, ਰਾਖਵਾਂਕਰਨ ਤੇ ਵਿਕਾਸ (ਪ੍ਰਬੰਧ, ਕੰਟਰੋਲ ਤੇ ਨਿਯਮਨ) ਕਾਨੂੰਨ। ਇਹ ਮਸੌਦਾ ਕੇਂਦਰ ਸਰਕਾਰ ਦੇ ਮੂਲ ਪ੍ਰਸਤਾਵ ਅਨੁਸਾਰ 2004 'ਚ ਬਣਾਇਆ ਗਿਆ ਸੀ ਤੇ ਹੁਣ ਕੇਂਦਰ ਸਰਕਾਰ ਦਾ ਦਬਾਅ ਦੇ ਬਾਵਜੂਦ, ਰਾਜਸੀ ਅਸਥਿਰਤਾ ਕਾਰਨ ਵਿਤ ਮੰਤਰਾਲੇ 'ਚ ਪਿਆ ਹੈ। ਇਸ ਕਾਨੂੰਨ ਦੇ ਤਹਿਤ ਰਾਜ ਸਰਕਾਰ ਦਾ ਪ੍ਰਸਤਾਵ ਹੈ ਕਿ ਨਿੱਜੀ ਬੋਰਿੰਗ ਵਾਲੇ ਟਿਊਬਵੈਲਾਂ ਨਾਲ ਪਾਣੀ ਖਿੱਚਣ ਦਾ ਟੈਕਸ ਵਸੂਲਿਆ ਜਾਵੇ। ਜਿਸ ਨੂੰ ਮਾਲੀਏ ਦੇ ਰੂਪ 'ਚ ਲਿਆ ਜਾਵੇਗਾ। ਤਰਕ ਇਹ ਹੈ ਕਿ ਜ਼ਮੀਨ ਕਿਸਾਨਾਂ ਦੀ ਹੈ ਪਰ ਇਸ ਹੇਠਲਾ ਪਾਣੀ ਸਰਕਾਰ ਦਾ ਹੈ। ਇਸ ਪਾਣੀ ਦੇ ਪ੍ਰਬੰਧ, ਕੰਟਰੋਲ ਤੇ ਨਿਯਮਨ ਲਈ ਇਹ ਜ਼ਰੂਰੀ ਹੈ ਕਿ ਕਿਸਾਨ ਤੇ ਹੋਰ ਨਿਜੀ ਪੰਪਿੰਗ ਸੈਟ ਵਾਲੇ ਉਸ ਦੀ ਕੀਮਤ ਅਦਾ ਕਰਨ। ਉਤਰਪ੍ਰਦੇਸ਼ ਸੰਸਾਰ ਬੈਂਕ ਦੀ ਦੇਖ ਰੇਖ 'ਚ ਜਲ ਖੇਤਰ ਪੁਨਰਗਠਨ ਯੋਜਨਾ (ਵਾਟਰ ਸੈਕਟਰ ਰੀਕੰਸਟਰਕਸ਼ਨ ਪ੍ਰਾਜੈਕਟ) ਚਲਾ ਰਹੀ ਹੈ। ਇਹਦੇ ਤਹਿਤ ਬਹਰਾਇਚ ਜ਼ਿਲ੍ਹੇ 'ਚ 1.9 ਤੋਂ 4 ਕਿਲੋਮੀਟਰ ਲੰਬੀਆਂ ਚਾਰ ਛੋਟੀਆਂ ਨਹਿਰਾਂ ਦੀ ਦੇਖ ਰੇਖ ਤੇ ਪਾਣੀ ਟੈਕਸ ਵਸੂਲਣ ਦੀ ਜ਼ਿੰਮੇਵਾਰੀ ਵਾਟਰ ਕੰਜ਼ਿਊਮਰ ਗਰੁੱਪਸ (ਪਾਣੀ ਉਪਭੋਗਤਾ ਸਮੂਹਾਂ) ਨੂੰ ਦਿੱਤੀ ਗਈ ਹੈ। ਨਿਯਮ ਹੈ ਕਿ ਨਹਿਰਾਂ ਦੇ ਨੇੜੇ ਦੇ ਖੇਤਾਂ ਨੂੰ ਪਾਣੀ ਟੈਕਸ ਦੇਣਾ ਪਵੇਗਾ। ਵਸੂਲੀ ਮਾਲੀਏ ਦੇ ਰੂਪ 'ਚ ਕੀਤੀ ਜਾਵੇਗੀ। ਸਰਕਾਰ ਵੱਲੋਂ ਕਿਸਾਨਾਂ ਨੂੰ ਪਾਣੀ ਮਿਲਣ ਦੀ ਕੋਈ ਗਾਰੰਟੀ ਨਹੀਂ ਹੈ। ਕਿਉਂਕਿ ਹੁਣ ਸਿੰਚਾਈ ਵਿਭਾਗ ਸਿਰਫ਼ ਤਕਨੀਕੀ ਸਹਿਯੋਗ ਹੀ ਦੇਵੇਗਾ। ਇਸ ਤਰ੍ਹਾਂ ਪਿੰਡ 'ਚ ਕੁਝ ਟਿਊਬਵੈਲ ਸੰਚਾਲਕ ਆਪਣੇ ਦਬ, ਦਬਾਅ ਨਾਲ ਵਸੂਲੀ ਕਰਦੇ ਹਨ। ਆਮ ਤੌਰ 'ਤੇ ਗਰੀਬਾਂ ਨੂੰ ਸਮੇਂ ਸਿਰ ਅਤੇ ਸਹੀ ਤਰ੍ਹਾਂ ਨਾਲ ਪਾਣੀ ਨਹੀਂ ਮਿਲਦਾ ਅਤੇ ਮਜ਼ਬੂਰ ਹੋ ਕੇ ਉਹਨਾਂ ਨੂੰ ਆਪਣਾ ਖੇਤ ਪਿੰਡ ਦੇ ਵੱਡੇ ਪਰਿਵਾਰਾਂ ਨੂੰ ਕਿਰਾਏ ਤੇ ਨਹਿਰ ਆਮ ਕਿਸਾਨਾਂ ਲਈ ਰਾਹਤ ਦਾ ਵਸੀਲਾ ਬਣਨ ਦੀ ਥਾਂ ਜਗੀਰੂ ਗੁੰਡਿਆਂ ਦੇ ਦਬਦਬਾ ਨੂੰ ਵਧਾਉਣ ਦਾ ਆਧਾਰ ਬਣ ਗਏ ਹਨ। ਜ਼ਮੀਨਦਾਰੀ ਹਟਾਓ ਕਾਨੂੰਨ ਦੇ ਬਣਨ ਤੋਂ ਪਹਿਲਾਂ ਮਾਲੀਏ ਦੀ ਵਸੂਲੀ ਪਿੰਡ ਦੇ ਵੱਡੇ ਜ਼ਿਮੀਂਦਾਰ ਕਰਵਾਇਆ ਕਰਦੇ ਸਨ।

# ਦਵਾਈ ਉਦਯੋਗ ਹੈ ਦੋਹਰੇ ਸੰਕਟ ਦਾ ਸ਼ਿਕਾਰ

ਭਾਰਤ ਦਵਾ ਉਦਯੋਗ ਲਈ ਇਹ ਦੋਹਰੇ ਸੰਕਟ ਦਾ ਵਕਤ ਹੈ। ਇਕ ਪਾਸੇ ਜਿੱਥੇ ਦੇਸ਼ ਅੰਦਰ ਨਕਲੀ ਦਵਾਈ ਕਾਰੋਬਾਰੀਆਂ ਨੇ ਸਰਕਾਰ ਦੇ ਨੱਕ 'ਚ ਦਮ ਕਰ ਰੱਖਿਆ ਹੈ, ਉੱਥੇ ਦੂਜੇ ਪਾਸੇ ਚੀਨ ਦੇ ਇਕ ਫੈਸਲੇ ਨੇ ਭਾਰਤੀ ਦਵਾ ਉਦਯੋਗ ਨੂੰ ਬੇਚੈਨ ਕਰ ਦਿੱਤਾ ਹੈ। ਦਰਅਸਲ ਚੀਨ ਦੀ ਸਰਕਾਰ ਨੇ ਆਪਣੇ ਦੇਸ਼ ਤੋਂ ਬਰਾਮਦ ਹੋਣ ਵਾਲੀਆਂ ਕਰੀਬ 300 ਵਸਤਾਂ 'ਤੇ ਦਿੱਤੀ ਜਾ ਰਹੀ ਬਰਾਮਦ ਛੋਟ ਜਾਂ ਤਾਂ ਘੱਟ ਕਰਨ ਜਾਂ ਫਿਰ ਪੂਰੀ ਤਰ੍ਹਾਂ ਘੱਟ ਕਰਨ ਦਾ ਫੈਸਲਾ ਕੀਤਾ ਹੈ ਅਤੇ ਉਹਨਾਂ 300 ਵਸਤੂਆਂ 'ਚ ਕੁਝ ਅਜਿਹੀਆਂ ਵੀ ਹਨ ਜਿਨ੍ਹਾਂ ਦੀ ਵਰਤੋਂ ਭਾਰਤੀ ਦਵਾ ਉਦਯੋਗ ਕੱਚੇ ਮਾਲ ਵਜੋਂ ਕਰਦਾ ਹੈ। ਦਵਾ ਉਦਯੋਗ ਦੇ ਜਾਣਕਾਰ ਕਹਿੰਦੇ ਹਨ ਕਿ ਚੀਨ ਦੇ ਇਕ ਫ਼ੈਸਲੇ ਕਾਰਨ ਭਾਰਤ ਵਿਚ ਵਿਟਾਮਿਨ ਸਮੇਤ ਕੁਝ ਦਵਾਈਆਂ ਦੀਆਂ ਕੀਮਤਾਂ ਵਧ ਸਕਦੀਆਂ ਹਨ, ਹਾਲਾਂਕਿ ਕੇਂਦਰੀ ਰਸਾਇਣ ਤੇ ਊਰਜਾ ਮੰਤਰਾਲਾ ਅਜਿਹੀਆਂ ਸੰਭਾਵਨਾਵਾਂ ਤੋਂ ਇਨਕਾਰ ਕਰ ਰਿਹਾ ਹੈ। ਮਲਟੀ ਵਿਟਾਮਿਨ ਦਵਾਈਆਂ 'ਚ ਮੁੱਖ ਤੌਰ 'ਤੇ ਵਰਤੋਂ 'ਚ ਆਉਣ ਵਾਲੇ ਰਿਬੋਫਲੇਬਿਨ ਨਾਂਅ ਦੇ ਤੱਤ ਦੀ ਕੀਮਤ ਵਿਚ, ਜੋ ਚੀਨ ਵਿਚ ਇਕ ਜੁਲਾਈ ਤੋਂ ਪਹਿਲਾਂ ਕਰੀਬ 1000 ਰੁਪਏ ਪ੍ਰਤੀ ਕਿਲੋ ਸੀ ਪਰ ਹੁਣ ਦੀ ਕੀਮਤ 5000 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਗਈ ਹੈ।

ਇਸ ਤਰ੍ਹਾਂ ਭਾਰਤੀ ਦਵਾ ਉਤਪਾਦਕ ਚੀਨ ਤੋਂ ਐਕਟਿਵ ਫਾਰਮਾਸਿਊਟੀਕਲ ਇੰਗ੍ਰੇਡਿਏਟਸ ਦੀ ਹੀ ਬਹੁਤੀ ਦਰਾਮਦ ਕਰਦੇ ਹਨ ਅਤੇ ਨਵੇਂ ਫੈਸਲੇ ਦਾ ਅਸਰ ਇਸ 'ਤੇ ਵੀ ਪੈ ਸਕਦਾ ਹੈ। ਦੂਜੇ ਪਾਸੇ ਨਕਲੀ ਦਵਾਈਆਂ ਬਾਰੇ ਵਿਸ਼ਵ ਸਿਹਤ ਸੰਗਠਨ ਅਨੁਸਾਰ ਦੁਨੀਆਂ ਵਿਚ ਨਕਲੀ ਦਵਾਈਆਂ ਦੇ ਕੁੱਲ ਕਾਰੋਬਾਰ ਦਾ 35 ਫੀਸਦੀ ਹਿੱਸਾ ਭਾਰਤ ਵਿਚ ਹੈ। ਭਾਰਤ 'ਚ 4000 ਕਰੋੜ ਰੁਪਏ ਦਾ ਸਾਲਾਨਾ ਨਕਲੀ ਦਵਾਈਆਂ ਦਾ ਕਾਰੋਬਾਰ ਵਧ-ਫੁੱਲ ਰਿਹਾ ਹੈ। ਘਰੇਲੂ ਬਾਜ਼ਾਰ ਦੀਆਂ ਨਕਲੀ ਤੇ ਪੈਮਾਨੇ 'ਤੇ ਖਰੀਆਂ ਨਾ ਉਤਰਨ ਵਾਲੀਆਂ ਦਵਾਈਆਂ ਵਿਚ 60 ਫੀਸਦੀ 'ਚ ਕੋਈ ਵੀ ਦਵਾਈ ਦਾ ਤੱਤ ਨਹੀਂ ਪਾਇਆ ਗਿਆ। 19 ਫੀਸਦੀ ਦਵਾਈਆਂ 'ਚ ਗ਼ਲਤ ਤੱਤਾਂ ਦਾ ਮਿਸ਼ਰਣ ਤੇ 16 ਫੀਸਦੀ 'ਚ ਹਾਨੀਕਾਰਕ ਤੱਤ ਪਾਏ ਗਏ ਹਨ। ਇਕੱਲੇ ਉੱਤਰ ਪ੍ਰਦੇਸ਼ ਵਿਚ ਪਾਇਆ ਗਿਆ ਹੈ ਕਿ 45-45 ਫੀ ਬ੍ਰਾਂਡਾਂ ਦੀਆਂ ਨਕਲੀ ਦਵਾਈਆਂ ਬਣਦੀਆਂ ਹਨ। ਰਸਾਇਣ ਮੰਤਰੀ ਰਾਮ ਵਿਲਾਸ ਪਾਸਵਾਨ ਦਾ ਕਹਿਣਾ ਹੈ ਕਿ ਚੀਨ ਦੇ ਫੈਸਲੇ ਦਾ ਭਾਰਤੀ ਦਵਾ ਉਦਯੋਗ 'ਤੇ ਕੋਈ ਮਾੜਾ ਅਸਰ ਨਹੀਂ ਪੈਣ ਵਾਲਾ। ਉਨ੍ਹਾਂ ਨੇ ਕਿਹਾ ਕਿ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਨਕਲੀ ਦਵਾਈ ਦੇ ਕਾਰੋਬਾਰੀਆਂ 'ਤੇ ਰੋਕ ਲਾਉਣ ਲਈ ਜਾਂਚ ਦੇ ਪੁਖਤਾ ਇੰਤਜ਼ਾਮ ਕਰਨ।

ਦਵਾ ਉਦਯੋਗ ਨੂੰ ਸਭ ਤੋਂ ਵੱਡਾ ਝਟਕਾ ਨਕਲੀ ਦਵਾ ਉਦਯੋਗ ਦੇ ਕਾਰੋਬਾਰੀਆਂ ਤੋਂ ਲੱਗਾ ਹੈ। ਦੇਸ਼ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਵਿਚ ਨਕਲੀ ਦਵਾ ਦੇ ਕਾਰੋਬਾਰ ਦਾ ਖੁਲਾਸਾ ਹੋਣ ਨਾਲ ਸਰਕਾਰ ਦੀ ਸ਼ਾਮਤ ਆਈ ਹੈ। ਗਾਜ਼ੀਆਬਾਦ ਦੇ ਸਾਹਿਬਾਬਾਦ ਇਲਾਕੇ 'ਚ ਸਪੈਸ਼ਲ ਆਪ੍ਰੇਸ਼ਨ ਗਰੁੱਪ ਅਤੇ ਲਿੰਕ

ਰੋਡ ਪੁਲਿਸ ਨੇ ਕੜਕੜ ਮਾਡਲ ਪਿੰਡ ਵਿਚ ਨਜਾਇਜ਼ ਤੌਰ ’ਤੇ ਚਲਦੀ ਇਕ ਕੰਪਨੀ ’ਤੇ ਸਾਂਝਾ ਛਾਪਾ ਮਾਰ ਕੇ ਸੱਤ ਕਰੋੜ ਦੀਆਂ ਨਕਲੀ ਦਵਾਈਆਂ ਬਰਾਮਦ ਕੀਤੀਆਂ ਹਨ। ਇਨ੍ਹਾਂ ਦਵਾਈਆਂ ਨੂੰ ਅਮਰੀਕਾ ਭੇਜਣ ਲਈ ਤਿਆਰ ਕੀਤਾ ਗਿਆ ਸੀ। ਪੁਲਿਸ ਨੇ ਇਸ ਕੌਮਾਂਤਰੀ ਘਪਲੇ ਵਿਚ ਸ਼ਾਮਿਲ ਲੋਕਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਹੈ। ਪਿਛਲੇ 3-4 ਸਾਲਾਂ ਵਿਚ ਸੂਬੇ ਦਾ ਸ਼ਾਇਦ ਹੀ ਅਜਿਹਾ ਕੋਈ ਜ਼ਿਲ੍ਹਾ ਹੋਵੇ, ਜਿੱਥੇ ਪੁਲਿਸ ਨੇ ਨਕਲੀ ਦਵਾਈਆਂ ਅਤੇ ਸਬ-ਸਟੈਂਡਰਡ ਦਵਾਈਆਂ ਦੇ ਨਾਲ-ਨਾਲ ਮਿਆਦ ਪੁੱਗੀਆਂ ਦਵਾਈਆਂ ਦੇ ਸੰਗਠਿਤ ਕਾਰੋਬਾਰ ਦਾ ਪਰਦਾਫਾਸ਼ ਨਾ ਕੀਤਾ ਹੋਵੇ। ਅਲੀਗੜ੍ਹ ’ਚ ਸਾਲ 2003 ’ਚ ਪੁਲਿਸ ਤੇ ਦਵਾਈ ਵਿਭਾਗ ਨੇ ਇਕ ਅਜਿਹੇ ਰੇਕਟ ਦਾ ਪਰਦਾਫਾਸ਼ ਕੀਤਾ ਹੈ ਜੋ ਨਕਲੀ ਜੀਵਨ ਰੱਖਿਅਕ ਟੀਕੇ ਸਟ੍ਰੇਪਸੋਮਾਈਸਨ ਤੇ ਵੇਟਨੇਸੋਲ ਦਾ ਨਿਰਮਾਣ ਕਰ ਰਿਹਾ ਸੀ। ਇਸ ਸਾਲ ਲਖਨਊ ਦੇ ਅਮੀਨਾਬਾਦ ਇਲਾਕੇ ਵਿਚ ਬਗ਼ੈਰ ਕਾਗਜ਼ਾਂ ਦੇ ਕਰੀਬ ਪੰਜ ਲੱਖ ਰੁਪਏ ਦੀਆਂ ਨਸ਼ੀਲੀਆਂ ਤੇ ਪਾਬੰਦੀਸ਼ੁਦਾ ਦਵਾਈਆਂ ਪੁਲਿਸ ਨੇ ਫੜੀਆਂ। ਲਖਨਊ ਦੇ ਚਿਨਹਟ ’ਚ ਨਕਲੀ ਦਵਾਈ ਫੈਕਟਰੀ ਚਲਾਉਣ ਵਾਲੇ ਸੁਧੀਰ ਅਗਰਵਾਲ ’ਤੇ ਰਾਸ਼ਟਰੀ ਸੁਰੱਖਿਆ ਕਾਨੂੰਨ (ਰਸਾਕੂ) ਬੀਤੀ ਮਈ ’ਚ ਲਾਇਆ। ਪੁਲਿਸ ਨੇ ਉਥੋਂ ਦੋ ਟਰੱਕ ਨਕਲੀ ਤੇ ਮਿਆਦ ਪੁੱਗੀਆਂ ਦਵਾਈਆਂ ਬਰਾਮਦ ਕੀਤੀਆਂ ਸਨ। ਇਸ ਮਾਮਲੇ ਵਿਚ ਕ੍ਰਾਈਮ ਬ੍ਰਾਂਚ ਨੇ ਫੈਕਟਰੀ ਦੇ ਮਾਲਕ ਸੁਧੀਰ ਅਗਰਵਾਲ ਤੇ ਉਸ ਦੇ ਨੌਕਰ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਨੇ ਸੁਧੀਰ ਅਗਰਵਾਲ ਦੇ ਫੈਕਟਰੀ ਤੋਂ ਦਵਾਈ ਸ਼ੀਸ਼ੀਆਂ ਦੇ ਢੱਕਣ ਤੇ ਰੈਪਰ ਚਪਕਾਉਣ ਵਾਲੀਆਂ ਮਸ਼ੀਨਾਂ, ਮਿਆਦ ਪੁੱਗਾ ਚੁੱਕੇ ਟੀਕੇ, ਸਿਰਪ ਦਾ ਭੰਡਾਰ ਬਰਾਮਦ ਕੀਤਾ। ਸੁਧੀਰ ਅਗਵਾਲ ਨੂੰ 2 ਸਾਲ ਪਹਿਲਾਂ ਵੀ ਨਕਲੀ ਦਵਾਈਆਂ ਦਾ ਧੰਦਾ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਉਹ ਆਪਣੀਆਂ ਦਵਾਈਆਂ ਲਖਨਊ, ਗੋਰਖਪੁਰ, ਸੁਲਤਾਨਪੁਰ, ਆਜ਼ਮਗੜ੍ਹ ਸਮੇਤ ਦੋ ਦਰਜਨ ਜ਼ਿਲ੍ਹਿਆਂ ਵਿਚ ਖਪਾਉਂਦਾ ਸੀ।

ਦਵਾਈ ਵਿਭਾਗ ਵੱਲੋਂ ਫੈਜ਼ਾਬਾਦ ਮੰਡਲ ਤੋਂ ਇਕੱਠੇ ਕਰਕੇ ਜਾਂਚ ਲਈ ਭੇਜੀਆਂ ਗਈਆਂ ਦਵਾਈਆਂ ਦੇ ਦਰਜਨ ਨਮੂਨੇ ਭਰੇ ਜੋ ਪੈਮਾਨਿਆਂ ’ਤੇ ਪੂਰੇ ਨਹੀਂ ਉਤਰੇ। ਇਹ ਵੀ ਤਦ ਜਦ ਕਿ ਤਿੰਨ-ਚੌਥਾਈ ਨਮੂਨਿਆਂ ਦੀ ਜਾਂਚ ਰਿਪੋਰਟ ਹੀ ਨਹੀਂ ਆਈ ਹੈ। ਬੀਤੇ 30 ਮਈ ਨੂੰ ਆਗਰਾ ’ਚ 40 ਲੱਖ ਰੁਪਏ ਦੀਆਂ ਦਵਾਈਆਂ ਫੜੀਆਂ ਜਿਨ੍ਹਾਂ ਤੇ ਈ. ਐਸ.ਆਈ. ਤੇ ਮਿਊਂਸਪਲ ਕਾਰਪੋਰੇਸ਼ਨ, ਦਿੱਲੀ ਨੈਸ਼ਨਲ ਕੈਪੀਟਲ ਟੈਰੇਟਰੀ ਦੀ ਮੋਹਰ ਲੱਗੀ ਸੀ। ਦਿੱਲੀ ਤੇ ਆਸ-ਪਾਸ ਦੇ ਗਰੀਬਾਂ ਲਈ ਬਣਾਈਆਂ ਗਈਆਂ ਸਰਕਾਰੀ ਦਵਾਈਆਂ ਦਾ ਗੈਰ-ਕਾਨੂੰਨੀ ਕਾਰੋਬਾਰ ਆਗਰਾ ਵਿਚ ਕੋਤਵਾਲੀ ਦੇ ਸਾਹਮਣੇ ਇੰਦਰਾ ਬਾਜ਼ਾਰ ਵਿਚ ਲੰਮੇ ਸਮੇਂ ਤੋਂ ਹੋ ਰਿਹਾ ਸੀ। ਬੀਤੇ ਸਾਲ 12 ਮਈ ਨੂੰ ਨਕਲੀ ਦਵਾਈਆਂ ਦੀ ਖੇਪ ਬਰਾਮਦ ਕੀਤੀ ਗਈ ਸੀ। ਘਟੀਆ ਤੇ ਨਕਲੀ ਪਾਈਆਂ ਜਾਣ ਵਾਲੀਆਂ 72 ਦਵਾਈਆਂ ’ਚੋਂ ਜ਼ਿਆਦਾਤਰ ਦਵਾਈਆਂ ਮੁੰਬਈ, ਕਾਨਪੁਰ, ਮੁਜ਼ੱਫਰਨਗਰ, ਅੰਬਾਲਾ, ਪਟਨਾ, ਜੰਮੂ, ਪਾਣੀਪਤ, ਸਾਹਿਬਾਬਾਦ, ਫਰੀਦਾਬਾਦ, ਮੇਰਠ ਆਦਿ ਸ਼ਹਿਰਾਂ ਵਿਚ ਹੈ। ਖਰਾਬ ਦਵਾਈਆਂ ਦੇ ਇਸ ਧੰਦੇ ਵਿਚ ਲਖਨਊ ਦੀਆਂ ਵੀ ਛੇ ਕੰਪਨੀਆਂ ਸ਼ਾਮਿਲ ਪਾਈਆਂ ਗਈਆਂ ਹਨ। ਇਨ੍ਹਾਂ ’ਚੋਂ ਦੋ ਕੰਪਨੀਆਂ ਦੀ ਤਾਂ ਕਿਰਤ ਵਿਭਾਗ ਵਿਚ ਰਜਿਸਟ੍ਰੇਸ਼ਨ ਹੀ ਨਹੀਂ ਹੈ।

ਪੂਰਵ ਉੱਤਰ ਪ੍ਰਦੇਸ਼ ਦੀ ਸਭ ਤੋਂ ਵੱਡੀ ਦਵਾਈ ਮੰਡੀ ਵਾਰਾਨਸੀ ਵਿਚ ਹੈ, ਜਿੱਥੋਂ 14-15 ਜ਼ਿਲ੍ਹਿਆਂ ਵਿਚ ਦਵਾਈ ਦੀ ਸਪਲਾਈ ਕੀਤੀ ਜਾਂਦੀ ਹੈ। ਵਾਰਾਨਸੀ ਦੀ ਥੋਕ ਦਵਾਈ ਮੰਡੀ ਵਿਚ ਮਾਰੇ ਗਏ ਛਾਪਿਆਂ ਵਿਚ ਨਕਲੀ ਦਵਾਈਆਂ ਫੜੀਆਂ ਗਈਆਂ ਪਰ ਇਸ ਮੰਡੀ ਵਿਚ ਛਾਪਾ ਪੈਂਦਿਆਂ ਹੀ ਬਹੁਤੀਆਂ ਦੁਕਾਨਾਂ ਬੰਦ ਹੋ ਗਈਆਂ। ਮਿਲਾਵਟ ਦੇ ਇਸ ਗੋਰਖ ਧੰਦੇ ਵਿਚ ਸਰਕਾਰ ਦੀ ਭੂਮਿਕਾ ਵੀ ਸ਼ੱਕੀ ਹੈ। ਨਕਲੀ ਦਵਾਈਆਂ ਤੇ ਮਿਲਾਵਟੀ ਖਾਣ ਦੀਆਂ ਵਸਤਾਂ ਦੇ ਕਾਰੋਬਾਰ ’ਤੇ ਰੋਕ ਲਾਉਣ ਦੇ ਕੇਂਦਰ ਦੇ ਨਿਰਦੇਸ਼ ਪਿਛਲੇ 5 ਸਾਲਾਂ ਤੋਂ ਫਾਈਲਾਂ ਦਾ ਸ਼ਿੰਗਾਰ ਬਣੇ ਪਏ ਹਨ। ਨਿੱਜੀ ਤੇ ਸਰਕਾਰੀ ਤੰਤਰ ’ਤੇ ਨਜ਼ਰ ਰੱਖਣ ਲਈ ਗਠਿਤ ਹੋਣ ਵਾਲੇ ਸਵਾਇਤ ਫੂਡ ਤੇ ਡਰੱਗ ਐਮਨਿਸਟ੍ਰੇਸ਼ਨ (ਐਫ. ਡੀ. ਓ.) ਵਿਭਾਗ ਦੀ ਸਥਾਪਨਾ ਹੀ ਮੁਲਤਵੀ ਹੈ। ਇਸ ਪ੍ਰਸਤਾਵ ਵਿਚ ਦਵਾਈਆਂ ਦੀ ਜਾਂਚ ਲਈ ਇਕ ਕੇਂਦਰੀ ਦਵਾਈ ਪ੍ਰਯੋਗਸ਼ਾਲਾ ਦੀ ਸਥਾਪਨਾ ਵੀ ਹੋਣੀ ਸੀ। ਉਕਤ ਯੋਜਨਾ ਬਾਰੇ ਵੀ ਸਰਕਾਰ ਦਾ ਫੈਸਲਾ ਆਉਣਾ ਬਾਕੀ ਹੈ। ਪ੍ਰਦੇਸ਼ ਵਿਚ ਦਵਾਈਆਂ ਦੀ ਜਾਂਚ ਦੀ ਦਸ਼ਾ ਇਸ ਤੋਂ ਸਮਝੀ ਜਾ ਸਕਦੀ ਹੈ ਕਿ ਦੀ ਜਾਂਚ ਹੋ ਹੀ ਨਹੀਂ ਸਕਦੀ ਯਾਨਿ ਇਹ ਦਵਾਈਆਂ ਜੇ ਨਕਲੀ ਬਣਾ ਕੇ ਬਾਜ਼ਾਰ ਵਿਚ ਭੇਜੀਆਂ ਗਈਆਂ ਹੋਣ ਤਾਂ ਸੂਬੇ ਵਿਚ ਉਨ੍ਹਾਂ ਦੀ ਜਾਂਚ ਹੀ ਸੰਭਵ ਨਹੀਂ ਹੈ। ਇਹੀ ਤੱਥ ਸਾਰੀ ਕਹਾਣੀ ਬਿਆਨ ਕਰ ਦਿੰਦਾ ਹੈ। ਵੈਸੇ ਹੁਣ ਰਾਜ ਸਰਕਾਰ ਦੀ ਚਿੰਤਾ ਲੋਕਾਂ ਨੂੰ ਕੁਝ ਰਾਹਤ ਪਹੁੰਚਾਵੇਗੀ ਵੀ ਜਾਂ ਨਹੀਂ, ਇਹ ਦੇਖਣਾ ਹੋਵੇਗਾ। ਮੁਨਾਫ਼ਾ ਮੁਖੀ ਪ੍ਰਬੰਧ ਵਿਚ ਹੋਵੇਗਾ ਤਾਂ ਸਭ ਨਿੱਜੀ ਹਿੱਤਾਂ ਲਈ ਹੀ ਜਨਤਕ ਹਿੱਤਾਂ ਨੂੰ ਤਾਂ ਛਿੱਕੇ ਹੀ ਟੰਗਿਆ ਜਾਣਾ ਹੁੰਦਾ ਹੈ।

# ਬੀਜ ਬਿੱਲ 2004-ਬਹੁਕੌਮੀ (ਸਾਮਰਾਜੀ) ਕੰਪਨੀਆਂ ਦਾ ਕਿਸਾਨਾਂ ’ਤੇ ਹਮਲਾ

ਅਗਸਤ 2004 ’ਚ ਰਾਜ ਸਭਾ ’ਚ ਪੇਸ਼ ਬੀਜ ਖੇਤੀ ਖੇਤਰ ’ਚ ਬਹੁਕੌਮੀ ਸਾਮਰਾਜੀ ਕੰਪਨੀਆਂ ਦੀ ਪਕੜ ਨੂੰ ਮਜ਼ਬੂਤ ਕਰਨ ਦੇ ਉਪਾਵਾਂ ’ਚ ਇਕ ਅਹਿਮ ਉਪਾਅ ਹੈ। ਲੰਮੇ ਸਮੇਂ ਤੋਂ ਵਿਦੇਸ਼ੀ ਕੰਪਨੀਆਂ ਭਾਰਤ ਦੇ ਵਿਸ਼ਾਲ ਬਜ਼ਾਰ ਨੂੰ ਕੰਟਰੋਲ ਕਰਨ ਤੇ ਬੀਜਾਂ ’ਤੇ ਕੰਟਰੋਲ ਰਾਹੀਂ ਪੂਰੇ ਖੇਤੀ ਅਰਥਚਾਰੇ ’ਤੇ ਕੰਟਰੋਲ ਕਰਨ ਲਈ ਤਰਲੋਮੱਛੀ ਹੋ ਰਹੀਆਂ ਹਨ। ਬੀਜ ਬਿੱਲ 2004 ਬਹੁਕੌਮੀ ਸਾਮਰਾਜੀ ਕੰਪਨੀਆਂ ਦੇ ਮਨਸੂਬਿਆਂ ਨੂੰ ਪੂਰਾ ਕਰਨ ਦੀ ਦਿਸ਼ਾ ’ਚ ਇਕ ਅਹਿਮ ਕਦਮ ਹੈ। ਇਸ ਬਿੱਲ ਦਾ ਇਕ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਹ 1996 ਦੇ ਬੀਜ ਕਾਨੂੰਨ ਦੀ ਥਾਂ ਲਵੇਗਾ। ਭਾਰਤ ਸਰਕਾਰ ਨੇ 1966 ਦੇ ਬੀਜ ਕਾਨੂੰਨ ’ਚ ਸੋਧ ਦੀ ਗੱਲ ਕਿਸਾਨਾਂ ਨੂੰ ਵੱਡੇ ਪੈਮਾਨੇ ’ਤੇ ਆਤਮ ਹੱਤਿਆਵਾਂ ਦੇ ਪ੍ਰਸੰਗ ’ਚ ਜਾਹਲੀ ਬੀਜਾਂ ਦੀ ਵਰਤੋਂ ਪ੍ਰਸੰਗ ’ਚ ਉੱਠੀ। ਅਸਲੀ ਗੱਲ ਇਹ ਹੈ ਕਿ ਸਰਕਾਰ ਵੱਡੇ ਬੀਜ ਉਤਪਾਦਕਾਂ ਵਿਕ੍ਰੇਤਾਵਾਂ ਨੂੰ ਸੱਦਾ ਦੇਣ ’ਚ ਨਾਕਾਮ ਰਹੀ ਹੈ। ਹੁਣ ਮੰਸੈਂਟੋ, ਸਿੰਜੇਂਟਾ ਵਰਗੀਆਂ ਵਿਸ਼ਾਲ ਕੰਪਨੀਆਂ ਨੂੰ ਕਿਵੇਂ ਸੱਦੇਗੀ? ਬੀਜ ਦੇ ਖੇਤਰ ਦੀਆਂ ਇਹ ਵਿਸ਼ਾਲ ਕੰਪਨੀਆਂ 120 ਦੇਸ਼ਾਂ ’ਚ ਫੈਲੀਆਂ ਹਨ ਤੇ ਜਿੱਥੇ ਜਾਂਦੀਆਂ ਹਨ ਉੱਚ ਅਧਿਕਾਰੀਆਂ ਨੂੰ ਪਹਿਲਾਂ ਭ੍ਰਿਸ਼ਟ ਕਰਦੀਆਂ ਹਨ। ਨਵਾਂ ਬੀਜ ਕਾਨੂੰਨ ਮੰਸੈਂਟੋ, ਸਿੰਜੇਂਟਾ ਵਰਗੀਆਂ ਬਹੁਕੌਮੀ ਕੰਪਨੀਆਂ ਤੇ ਮਾਹਕੋ ਇੰਡੋ ਅਮਰੀਕਨ ਹਾਈਬ੍ਰਿਡ ਆਦਿ ਵਰਗੇ ਉਸ ਦੇ ਭਾਰਤੀ ਸਹਿਯੋਗੀਆਂ ਦੇ ਹਿੱਤ ਵਿਚ ਹੈ। ਬੀਜ ਖੇਤਰ ਦੀਆਂ ਇਹ ਬਹੁਕੌਮੀ ਕੰਪਨੀਆਂ ਖੋਜ ਕਾਰਜਾਂ ਖਾਸ ਕਰਕੇ ਅਨੁਵਾਂਸ਼ਿਕ ਸੰਵ੍ਰਿਦਿਤ ਤਕਨੀਕ ’ਚ ਬਹੁਤ ਨਿਵੇਸ਼ ਕਰ ਰਹੀ ਹੈ। ਭਾਰਤ ਦੇ ਵਿਸ਼ਾਲ ਬੀਜ ਬਜ਼ਾਰ ਲਈ ਇਹ ਬਹੁਤ ਨਵਾਂ ਹੈ। ਬੀਜ ਦਾ ਬਜ਼ਾਰ ਬਹੁਕੌਮੀ ਕੰਪਨੀਆਂ ਦੇ ਹੱਥ ’ਚ ਜਾਣ ਨਾਲ ਭਾਰਤ ਦੇ ਰਵਾਇਤੀ ਬੀਜ ਨਸ਼ਟ ਹੋ ਜਾਣਗੇ ਤਾਂ ਕਿਸਾਨਾਂ ਦਾ ਬੀਜ ’ਤੇ ਹੱਕ ਖ਼ਤਮ ਹੋ ਜਾਵੇਗਾ। ਬੀਜਾਂ ’ਤੇ ਕੰਟਰੋਲ ਰਾਹੀਂ ਬਹੁਕੌਮੀ ਕੰਪਨੀਆਂ ਪੂਰੀ ਖੇਤੀ ’ਤੇ ਕੰਟਰੋਲ ਕਰ ਸਕਣਗੀਆਂ। ਦੇਸ਼ ਦੇ ਅਨਾਜ਼ ਪ੍ਰਬੰਧ ’ਤੇ ਕੰਟਰੋਲ ਪੂਰੇ ਦੇਸ਼ ਦੀ ਜਨਤਾ ਦੇ ਸਾਹਮਣੇ ਗੰਭੀਰ ਚੁਣੌਤੀ ਹੈ। ਇਹ ਬੀਜ ਬਿਲ ਭਾਰਤ ਦੀ ਖੇਤੀ ਲਈ ਵਿਨਾਸ਼ਕਾਰੀ ਹੋਵੇਗਾ। ਇਸ ਨਵੇਂ ਕਾਨੂੰਨ ਪਿੱਛੋਂ ਮੈਂਸੰਟੋ ਵਰਗੀਆਂ ਕੰਪਨੀਆਂ ਦੇ ਖਿਲਾਫ਼ ਸੰਘਰਸ਼ ਹੋਰ ਮੁਸ਼ਕਲ ਹੋ ਜਾਵੇਗਾ ਤੇ ਉਨ੍ਹਾਂ ਵੱਲੋਂ ਲਿਆਂਦੀ ਤਬਦੀਲੀ ਨੂੰ ਪਲਟਿਆ ਨਹੀਂ ਜਾ ਸਕੇਗਾ। ਸਾਰੀਆਂ ਇਨਕਲਾਬੀ ਤੇ ਦੇਸ਼ ਭਗਤ ਤਾਕਤਾਂ ਦਾ ਫਰਜ਼ ਹੈ ਕਿ ਉਹ ਨਵੇਂ ਬੀਜ ਬਿੱਲ ਦੇ ਖਿਲਾਫ਼ ਇਕ ਵਿਆਪਕ ਤੇ ਫੈਸਲਾਕੁੰਨ ਸੰਘਰਸ਼ ਕਰਨ। ਇੱਥੇ ਹੁਣ ਇਸ ਬਿੱਲ ਦੀਆਂ ਮੁੱਖ ਧਾਰਾਵਾਂ ’ਤੇ ਲੋਕ ਪੱਖ ਦੀਆਂ ਟਿੱਪਣੀਆਂ ਪੇਸ਼ ਕਰਦੇ ਹਾਂ।

1. ਬਿੱਲ ਦੀ ਧਾਰਾ 1 (3) ਸਪੱਸ਼ਟ ਕਰਦੀ ਹੈ ਕਿ ਉਕਤ ਕਾਨੂੰਨ ਸਿਰਫ਼ ਆਪਣੀ ਵਰਤੋਂ ਲਈ ਪੈਦਾ ਕੀਤੇ ਗਏ ਬੀਜ ਤੋਂ ਇਲਾਵਾ ਸਾਰਿਆਂ ’ਤੇ ਲਾਗੂ ਹੈ।

2. ਬਿੱਲ ਦੀ ਧਾਰਾ 13 (1) ਅਨੁਸਾਰ ਕਿਸੇ ਵੀ ਕਿਸਮ ਦਾ ਕੋਈ ਬੀਜ ਬੀਜੇ ਜਾਣ ਜਾਂ ਲਾਏ ਜਾਣ ਲਈ ਨਹੀਂ ਵੇਚਿਆ ਜਾ ਸਕੇਗਾ ਜੇ ਇਹ ਰਜਿਸਟਰੇਸ਼ਨ ਸੰਮਤੀ ਵੱਲੋਂ ਪਹਿਲਾਂ ਰਜਿਸਟਰਡ ਨਾ ਹੋਵੇ। ਇਸ ਨਾਲ ਕਿਸਾਨਾਂ ਦਰਮਿਆਨ ਬੀਜਾਂ ਦੀ ਰਵਾਇਤੀ ਲੈਣ ਦੇਣ ਤੇ ਵਿੱਕਰੀ 'ਤੇ ਪਾਬੰਦੀ ਲੱਗ ਜਾਏਗੀ ਜੇ ਕਿਸਾਨ ਆਪਣੇ ਬੀਜ ਨੂੰ ਰਜਿਸਟਰ ਨਹੀਂ ਕਰਵਾਉਣਾ ਚਾਹੁੰਦਾ ਜਾਂ ਰਜਿਸਟ੍ਰੇਸ਼ਨ ਤੋਂ ਅਣਭਿੱਜ ਹਨ। ਇਹ ਧਾਰਾ ਕਿਸਾਨਾਂ ਵਿਚ ਸਦੀਆਂ ਤੋਂ ਚਲੀ ਆ ਰਹੀ ਬੀਜ ਵਟਾਂਦਰੇ ਦੀ ਪਰੰਪਰਾ ਨੂੰ ਕੰਟਰੋਲ ਕਰਦੀ ਹੈ।

3. 13 ਧਾਰਾ (2) ਅਨੁਸਾਰ ਬੀਜ ਉਤਪਾਦਕ ਦੁਆਰਾ ਬੀਜ ਦੀ ਉਤਪਾਦਿਕਤਾ ਨੂੰ ਸਾਬਤ ਕਰਨ ਲਈ ਅਨੇਕਾਂ ਥਾਂ 'ਤੇ ਕੀਤੇ ਗਏ ਪ੍ਰਯੋਗਾਂ ਦੇ ਨਤੀਜਿਆਂ ਦੇ ਮੱਦੇਨਜ਼ਰ ਪੰਜੀਕਰਨ (ਰਜਿਸਟ੍ਰੇਸ਼ਨ) ਉਪ ਸੰਮਤੀ ਕਿਸੇ ਬੀਜ ਨੂੰ ਰਜਿਸਟਰ ਕਰ ਸਕਦੀ ਹੈ ਜਾ ਰਜਿਸਟਰੇਸ਼ਨ ਤੋਂ ਇਨਕਾਰ ਵੀ ਕਰ ਸਕਦੀ ਹੈ। ਇਹ ਸਦੀਆਂ ਤੋਂ ਵਰਤੇ ਜਾ ਰਹੇ ਰਵਾਇਤੀ ਬੀਜਾਂ ਨੂੰ ਰਜਿਸਟਰ ਕਰਾਉਣ ਦਾ ਕੋਈ ਮੌਕਾ ਕਿਸਾਨਾਂ ਕੋਲ ਨਹੀਂ ਛੱਡਦਾ। ਸਰਕਾਰ ਨੇ ਕਰੋੜਾਂ ਕਿਸਾਨਾਂ ਦੀ ਮੇਹਨਤ ਤੇ ਕੁਦਰਤ ਵੱਲੋਂ ਵਿਕਸਤ ਬੀਜਾਂ ਨੂੰ ਨਾਕਾਰਨ ਦਾ ਅਧਿਕਾਰ ਕਿੱਥੋਂ ਲੈ ਲਿਆ?

4. ਧਾਰਾ 19 ਅਨੁਸਾਰ ਕਿਸੇ ਵੀ ਕਿਸਮ ਦੇ ਬੀਜ ਦੀ ਉਤਪਾਦਿਕਤਾ ਦਾ ਮੁਲਾਂਕਣ ਕਰਨ ਲਈ ਇਹ ਸੰਮਤੀ ਭਾਰਤੀ ਖੇਤੀ ਗ੍ਰਾਂਟ ਪ੍ਰੀਸ਼ਦ ਦੇ ਕੇਂਦਰਾਂ, ਰਾਜ ਖੇਤੀ ਯੂਨੀਵਰਸਿਟੀਆਂ ਤੇ ਅਜਿਹੀ ਹੋਰ ਸੰਗਠਨਾਂ ਜੋ ਇਸਦੀ ਪਾਤ੍ਰਤਾ ਨੂੰ ਪੂਰੀ ਕਰਦੇ ਹਨ ਨੂੰ ਅਧਿਕਾਰਤ ਕਰ ਸਕਦੀ ਹੈ। ਇਹ ਮੱਦ ਬਹੁਤ ਚਤੁਰਾਈ ਨਾਲ ਨਿੱਜੀ ਕੰਪਨੀਆਂ ਤੇ ਸੰਸਥਾਵਾਂ (ਜਿਵੇਂ ਫੋਰਡ ਫਾਊਂਡੇਸ਼ਨ) ਦੁਆਰਾ ਸਥਾਪਿਤ ਕੇਂਦਰ ਨੂੰ ਹੀ ਇਹ ਅਧਿਕਾਰ ਦਿੰਦਾ ਹੈ। ਇਹ ਕੰਟਰੋਲਿੰਗ ਮਸ਼ੀਨਰੀ ਸਥਾਪਤ ਕਰਨ ਦਾ ਮਜ਼ਾਕ ਹੈ। ਨਾਲ ਹੀ ਭਾਰਤੀ ਖੇਤੀ ਗ੍ਰਾਂਟ ਪ੍ਰੀਸ਼ਦ ਤੇ ਖੇਤੀ ਯੂਨੀਵਰਸਿਟੀਆਂ ਨੂੰ ਮੋਨਸੈਂਟੋ ਤੇ ਸਿੰਜੈਂਟਾ ਕੰਪਨੀਆਂ ਦੁਆਰਾ ਦਿੱਤੀ ਜਾ ਰਹੀ ਧਨ ਰਾਸ਼ੀ ਸਰਕਾਰ ਦੇ ਅਸਲੀ ਮਨਸੂਬਿਆਂ ਨੂੰ ਬੇਨਕਾਬ ਕਰਦੀ ਹੈ।

5. ਧਾਰਾ 21 (1) ਅਨੁਸਾਰ ਕੋਈ ਉਤਪਾਦਕ ਜੋ ਰਾਜ ਸਰਕਾਰ ਵੱਲੋਂ ਰਜਿਸਟਰਡ ਨਾ ਹੋਵੇ ਬੀਜਾਂ ਦੀ ਪੈਦਾਵਾਰ ਨਹੀਂ ਕਰ ਸਕੇਗਾ। ਇਹ ਮੱਦ ਕਿਸਾਨਾਂ ਦੁਆਰਾ ਅੱਛੀਆਂ ਰਵਾਇਤਾਂ ਕਿਸਮਾਂ ਨੂੰ ਬੀਜ ਲਈ ਉਗਾਉਣ 'ਤੇ ਪਾਬੰਦੀ ਲਾਉਂਦਾ ਹੈ।

6. ਧਾਰਾ 23 (1) ਅਨੁਸਾਰ ਰਾਜ ਸਰਕਾਰ ਵੱਲੋਂ ਰਜਿਸਟਰੇਸ਼ਨ ਬਿਨਾਂ ਕੋਈ ਬਾਗਬਾਨੀ ਦੀ ਨਰਸਰੀ ਨਹੀਂ ਚਲਾ ਸਕੇਗਾ। ਇਹ ਮੱਦ ਸਾਡੇ ਦੇਸ਼ ਦੀ ਰਵਾਇਤੀ ਬਾਗਬਾਨੀ ਦੇ ਤਰੀਕਿਆਂ 'ਤੇ ਪਾਬੰਦੀ ਲਾਵੇਗਾ। ਸਾਡੇ ਇਥੇ ਬਹੁਤ ਲੋਕ ਦਰੱਖਤਾਂ ਦੀਆਂ ਅੱਛੀਆਂ ਨਸਲਾਂ ਤਿਆਰ ਕਰਨ ਤੇ ਉਨ੍ਹਾਂ ਨੂੰ ਸਮਾਜਕ ਕੰਮਾਂ ਲਈ ਮੁਫ਼ਤ ਮੁਹੱਈਆ ਕਰਾਉਣ ਦਾ ਕੰਮ ਕਰਦੇ ਰਹੇ ਹਨ ਨਾਲ ਹੀ ਇਹ ਕਿਸਾਨਾਂ ਤੇ ਹੋਰ ਲੋਕਾਂ ਵਿਚਕਾਰ ਦਰੱਖਤਾਂ ਦੀਆਂ ਅੱਛੀਆਂ ਕਿਸਮਾਂ ਦੇ ਵਟਾਂਦਰੇ 'ਤੇ ਪਾਬੰਦੀ ਲਗ ਜਾਵੇਗੀ।

7. ਬਿੱਲ ਦੀ ਧਾਰਾ 25 ਅਨੁਸਾਰ ਕੋਈ ਵੀ ਬੰਦਾ ਬੀਜਾਂ ਨੂੰ ਵੇਚਣ, ਵੇਚਣ ਦੇ ਲਈ ਰੱਖਣ, ਵਟਾਂਦਰਾ ਕਰਨ, ਦਰਾਮਦ ਬਰਾਮਦ ਕਰਨ ਤੇ ਕਿਸੇ ਕਿਸਮ ਦੇ

ਰਜਿਸਟਰਡ ਬੀਜ ਦੀ ਸਪਲਾਈ ਦਾ ਕੰਮ ਨਹੀਂ ਕਰੇਗਾ, ਜੇ ਬੀਜ ਦੀ ਕਿਸਮ ਦੀ ਪਹਿਚਾਣ ਸਪੱਸ਼ਟ ਨਾ ਹੋਵੇ ਤੇ ਜੇ ਉਹ ਬੀਜ ਅਨੁਵਾਂਸ਼ਿਕ, ਭੌਤਿਕ, ਬੀਜ ਦੀ ਸਿਹਤ ਆਦਿ ਦੀ ਘੱਟੋ-ਘੱਟ ਗਣਵੰਣਤਾ ਦੇ ਅਨੁਕੂਲ ਨਾ ਹੋਵੇ। ਬਿੱਲ ਦੀ ਇਹ ਮੱਦ ਭਾਰਤ 'ਚ ਖੇਤੀ ਦੀ ਬੁਨਿਆਦੀ ਦ੍ਰਿਸ਼ਾਂ ਨੂੰ ਤਹਿ ਕਰਨ ਦੀ ਕੋਸ਼ਿਸ਼ ਹੈ। ਅਜੇ ਤੱਕ ਸਾਡੇ ਦੇਸ਼ ਵਿਚ ਖੇਤੀ ਨਾਲ ਸਬੰਧਤ ਕਾਨੂੰਨ ਕਿਸਾਨਾਂ ਦੀਆਂ ਫਸਲਾਂ ਦੇ ਚੱਕਰ ਨੂੰ ਤਹਿ ਨਹੀਂ ਕਰਦੇ। ਇਸ ਬੀਜ ਬਿੱਲ ਖਾਸ ਕਰਕੇ ਇਸ ਦੀ ਧਾਰਾ 25 ਅਨੁਸਾਰ ਸਰਕਾਰ ਨੇ ਕਿਸਾਨਾਂ ਨੂੰ ਹਦਾਇਤ ਦੇਣ ਦਾ ਫੈਸਲਾ ਲਿਆ ਹੈ ਕਿ ਆਪਣੀ ਮਰਜ਼ੀ ਦੇ ਬੀਜਾਂ ਦੀਆਂ ਕਿਸਮਾਂ ਨਾ ਉਗਾਉਣ। ਕਿਸਾਨ ਖਾਸ ਕਿਸਮਾਂ ਦੇ ਬੀਜ ਉਗਾਉਣ ਲਈ ਪਾਬੰਦ ਹੋਣਗੇ। ਭਾਰਤ ਦੀ ਖੇਤੀ ਖੇਤਰ ਵਿਚ ਬਹੁ ਕੌਮੀ ਕੰਪਨੀਆਂ ਦੀ ਆਮਦ ਨਾਲ ਇਸ ਤਰ੍ਹਾਂ ਦੇ ਪ੍ਰਭਾਵ ਦਾ ਪਹਿਲੋਂ ਤੋਂ ਹੀ ਡਰ ਸੀ।

8. ਬਿੱਲ ਦੀ ਧਾਰਾ 27 (1) ਅਨੁਸਾਰ ਰਾਜ ਸਰਕਾਰ ਤੇ ਰਾਜ ਬੀਜ ਸੰਮਤੀ ਦੀ ਸਲਾਹ ਨਾਲ ਰਜਿਸਟਰੇਸ਼ਨ ਸੰਮਤੀ ਪ੍ਰਮਾਣਿਤ ਕਰਨ ਦੇ ਸੰਗਠਨ ਨੂੰ ਅਧਿਕਾਰ ਦੇ ਸਕਦੀ ਹੈ ਜਾਂ ਵਿਅਕਤੀ ਜਾਂ ਬੀਜ ਉਤਪਾਦਕ ਸੰਗਠਨਾਂ ਸਵ ਪ੍ਰਮਾਣਿਤ ਕਰਨ ਦਾ ਅਧਿਕਾਰ ਦੇ ਸਕਦੀ ਹੈ। ਇਹ ਧਾਰਾ ਵੀ ਬਹੁਤ ਚਤੁਰਾਈ ਨਾਲ ਨਿੱਜੀ ਕੰਪਨੀਆਂ ਤੇ ਉਨ੍ਹਾਂ ਦੀਆਂ ਸੰਸਥਾਵਾਂ (ਜਿਵੇਂ ਫੋਰਡ ਫਾਊਂਡੇਸ਼ਨ) ਦੁਆਰਾ ਬੀਜ ਦੀਆਂ ਕਿਸਮਾਂ ਤਿਆਰ ਕਰਨ ਲਈ ਬਣਾਏ ਗਏ ਸੰਗਠਨਾਂ ਜਾਂ ਵਿਅਕਤੀਆਂ ਨੂੰ ਨਿਯੋਜਤ ਕਰਨ ਦਾ ਯਤਨ ਹੈ। ਇਹ ਬੀਜਾਂ ਨੂੰ ਪ੍ਰਮਾਣਿਤ ਕਰਨ ਦੇ ਨਾਲ ਵੀ ਮਜ਼ਾਕ ਹੈ।

9. ਧਾਰਾ 19 ਅਨੁਸਾਰ ਕਿਸੇ ਵੀ ਕਿਸਮ ਦੇ ਬੀਜ ਦੀ ਉਤਪਾਦਿਕਤਾ ਦਾ ਮੁਲੰਕਣ ਕਰਨ ਲਈ ਇਹ ਸੰਮਤੀ ਭਾਰਤੀ ਖੇਤੀ ਗ੍ਰਾਂਟ ਪ੍ਰੀਸ਼ਦ ਦੇ ਕੇਂਦਰਾਂ, ਰਾਜ ਖੇਤੀ ਯੂਨੀਵਰਸਿਟੀਆਂ ਤੇ ਅਜਿਹੇ ਹੋਰ ਸੰਗਠਨਾਂ ਜੋ ਇਸ ਦੀ ਪਾਤ੍ਰਤਾ ਨੂੰ ਪੂਰੀ ਕਰਦੇ ਹਨ, ਨੂੰ ਅਧਿਕਾਰ ਦੇ ਸਕਦੀ ਹੈ। ਇਹ ਮੱਦ ਬਹੁਤ ਚਲਾਕੀ ਦੇ ਨਾਲ ਨਿੱਜੀ ਕੰਪਨੀਆਂ ਤੇ ਅਦਾਰਿਆਂ (ਜਿਵੇਂ ਫੋਰਡ ਫਾਊਂਡੇਸ਼ਨ) ਵੱਲੋਂ ਸਥਾਪਿਤ ਕੇਂਦਰਾਂ ਨੂੰ ਅਧਿਕਾਰ ਦਿੰਦੀ ਹੈ। ਇਹ ਕੰਟਰੋਲਿੰਗ ਮਸ਼ੀਨਰੀ ਸਥਾਪਤ ਕਰਨ ਦਾ ਮਜ਼ਾਕ ਹੈ। ਨਾਲ ਹੀ ਭਾਰਤੀ ਖੇਤ ਗਰਾਂਟਸ ਪ੍ਰੀਸ਼ਦ ਤੇ ਖੇਤੀ ਯੂਨੀਵਰਸਿਟੀਆਂ ਨੂੰ ਮੌਨਸੈਂਟੋ ਤੇ ਸਿੰਜੈਂਟਾ ਕੰਪਨੀਆਂ ਵੱਲੋਂ ਦਿੱਤੇ ਜਾ ਰਹੇ ਪੈਸੇ ਸਰਕਾਰ ਦੇ ਅਸਲੀ ਮਨਸੂਬਿਆਂ ਨੂੰ ਬੇਨਕਾਬ ਕਰਦੇ ਹਨ। ਬਿੱਲ ਦੀ ਧਾਰਾ 30 ਅਨੁਸਾਰ ਸੰਮਤੀ ਦੀ ਸਿਫਾਰਸ਼ 'ਤੇ ਕੇਂਦਰ ਸਰਕਾਰ ਹੋਰ ਦੇਸ਼ 'ਚ ਸਥਾਪਿਤ ਕਿਸੇ ਬੀਜ ਪ੍ਰਮਾਣੀਕਰਨ ਏਜੰਸੀ ਨੂੰ ਇਸ ਕਾਨੂੰਨ ਦੇ ਤਹਿਤ ਮਾਨਤਾ ਦੇ ਸਕਦੀ ਹੈ। ਇਹ ਮੱਦ ਭਾਰਤ ਸਰਕਾਰ ਦੀ ਅਸਲੀ ਮੰਨਸ਼ਾ ਦਾ ਹੋਰ ਖੁਲਾਸਾ ਕਰਦੀ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਨਵੇਂ ਬੀਜ ਕਾਨੂੰਨ ਦੇ ਜ਼ਰੀਏ ਭਾਰਤ ਸਰਕਾਰ ਵੱਡੀਆਂ ਬਹੁਕੌਮੀ ਕੰਪਨੀਆਂ ਵੱਲੋਂ ਭਾਰਤ 'ਚ ਬੀਜ ਬਣਾਉਣ ਨੂੰ ਸੌਖਾ ਬਣਾਉਣਾ ਚਾਹੁੰਦੀ ਹੈ ਅਤੇ ਇਸ ਵੱਲੋਂ ਭਾਰਤ 'ਚ ਪ੍ਰਮਾਣ ਪੱਤਰ ਦੇਣ ਦੇ ਨਿਯਮਾਂ ਨੂੰ ਵੀ ਰੱਦ ਕਰਨ ਨੂੰ ਤਿਆਰ ਹੈ। ਜੇ ਇਹ ਬੀਜ਼ ਕਿਸੇ ਹੋਰ ਦੇਸ਼ ਵਿਚ ਰਜਿਸਟਰਡ ਹਨ। ਇਸ ਤਰ੍ਹਾਂ ਨਾਲ ਇਹ ਕੰਪਨੀਆਂ ਭਾਰਤ ਦੇ ਕਾਨੂੰਨਾਂ ਨੂੰ ਨੀਵਾਂ ਵਿਖਾ ਸਕੇਗੀ ਅਤੇ ਜੋ ਹੋਰਨਾਂ ਦੇਸ਼ਾਂ 'ਚ ਰਜਿਸਟਰੇਸ਼ਨ ਨਹੀਂ ਹੈ ਤਾਂ ਇੱਥੋਂ ਦੇ ਕਾਨੂੰਨ ਦੀ ਵਰਤੋਂ ਵੀ ਕਰ ਸਕੇਗੀ।

10. ਧਾਰਾ 32 (2) ਅਨੁਸਾਰ ਰਾਜ ਸਰਕਾਰ ਜਾਂ ਵੱਧ ਬੀਜ ਜਾਂਚ

ਲਬਾਰਟੀਆਂ ਸਥਾਪਤ ਕਰ ਸਕਦੀ ਹੈ ਤੇ ਸਰਕਾਰੀ ਜਾਂ ਗੈਰ ਸਰਕਾਰੀ ਖੇਤਰਾਂ ਵਿਚ ਕਿਸੇ ਬੀਜ ਜਾਂਚ ਲਬਾਰਟੀ ਨੂੰ ਰਾਜ ਬੀਜ ਲਬਾਰਟੀ ਐਲਾਨ ਕਰ ਸਕਦੀ ਹੈ। ਜਿੱਥੇ ਬੀਜ ਦੀ ਕਿਸੇ ਕਿਸਮ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਹ ਮੱਦ ਵੀ ਨਿੱਜੀ ਕੰਪਨੀਆਂ ਤੇ ਉਨ੍ਹਾਂ ਦੀਆਂ ਸੰਸਥਾਵਾਂ ਦੁਆਰਾ ਸਥਾਪਿਤ ਬੀਜ ਜਾਂਚ ਲਬਾਰਟੀਆਂ ਨੂੰ ਅਧਿਕਾਰ ਦਿੰਦੀ ਹੈ ਅਤੇ ਇਸ ਤਰ੍ਹਾਂ ਨਾਲ ਬੀਜ਼ ਜਾਂਚ/ਪ੍ਰਮਾਣੀਕਰਨ ਦੇ ਨਾਲ ਮਜ਼ਾਕ ਹੈ।

11. ਬਿੱਲ ਦੀ ਧਾਰਾ 35 (1) (2) ਤੇ (3) ਬੀਜ ਨਿਰੀਖਕਾਂ ਨੂੰ ਕਿਸਾਨਾਂ ਨੂੰ ਪ੍ਰੇਸ਼ਾਨ ਕਰਨ ਦੀ ਲੁੱਟ ਦਾ ਵਿਆਪਕ ਅਧਿਕਾਰ ਦਿੰਦੀ ਹੈ। ਧਾਰਾ 35 (1) ਅਨੁਸਾਰ ਬੀਜ ਨਿਰੀਖਕ ਬੀਜ ਵੇਚਣ ਵਾਲੇ ਕਿਸੇ ਵਿਅਕਤੀ ਤੇ ਬੀਜ ਪਹੁੰਚਾਉਣ ਵਾਲੇ ਕਿਸੇ ਵਿਅਕਤੀ ਜਾਂ ਬੀਜ ਖਰੀਦਣ ਵਾਲੇ ਕਿਸੇ ਵਿਅਕਤੀ ਤੋਂ ਕਿਸੇ ਵੀ ਬੀਜ ਦਾ ਨਮੂਨਾ ਲੈ ਸਕਦਾ ਹੈ ਤੇ ਇਸ ਨਮੂਨੇ ਦੇ ਖੇਤਰ ਦੇ ਬੀਜ ਵਿਸ਼ਲੇਸ਼ਕ ਪਾਸ ਭੇਜ ਸਕਦਾ ਹੈ। ਬੀਜ ਨਿਰੀਖਕ ਕਿਸੇ ਵੀ ਥਾਂ ਦੀ ਤਲਾਸ਼ੀ ਲੈ ਸਕਦਾ ਹੈ ਤੇ ਬੀਜ ਦੇ ਸਟਾਕ ਨੂੰ ਤੀਹ ਦਿਨ ਤੱਕ ਬਣਾਈ ਰੱਖਣ ਦਾ ਹੁਕਮ ਦੇ ਸਕਦਾ ਹੈ। ਬੀਜ ਦੇ ਸਟਾਕ ਨੂੰ ਜ਼ਬਤ ਵੀ ਕਰ ਸਕਦਾ ਹੈ। ਇਹ ਕਿਸੇ ਵੀ ਦਸਤਾਵੇਜ਼ ਜਾਂ ਰਜਿਸਟਰ ਦੀ ਜਾਂਚ ਕਰ ਸਕਦਾ ਹੈ ਤੇ ਉਸ ਨੂੰ ਜ਼ਬਤ ਕਰ ਸਕਦਾ ਹੈ।

ਬੀਜ ਨਿਰੀਖਕ ਨੂੰ ਕਿਸੇ ਵੀ ਘਰ ਦਾ ਤਾਲਾ ਤੋੜਨ ਜਾਂ ਸਟੋਰ ਦੀ ਵਰਤੋਂ ਕੀਤੀ ਜਾਣ ਵਾਲੀ ਕਿਸੇ ਵੀ ਚੀਜ਼ ਦਾ ਤਾਲਾ ਤੋੜਨ ਦਾ ਅਧਿਕਾਰ ਹੋਵੇਗਾ। ਇਸ ਮੱਦ ਦਾ ਅਰਥ ਇਹ ਹੈ ਕਿ ਬੀਜ ਨਿਰੀਖਕ ਨੂੰ ਕਿਸਾਨਾਂ ਦੇ ਘਰਾਂ 'ਚ ਜ਼ਬਰੀ ਘੁਸਣ ਤੇ ਤਾਲਾ ਤੋੜਨ ਅਤੇ ਰੱਖੇ ਗਏ ਜਾਂ ਗੁਆਂਢੀ ਕਿਸਾਨ ਤੋਂ ਲਏ ਗਏ ਬੀਜ ਦੇ ਨਮੂਨਿਆਂ ਨੂੰ ਜ਼ਬਰੀ ਲੈਣ ਦਾ ਅਧਿਕਾਰ ਹੋਵੇਗਾ। ਇਸ ਧਾਰਾ ਨਾਲ ਭਾਰਤ ਸਰਕਾਰ ਦੀ ਅਸਲੀ ਮੰਸ਼ਾ ਇਕਦਮ ਸਪੱਸ਼ਟ ਹੋ ਗਈ ਹੈ ਕਿ ਉਹ ਦੇਸ਼ ਦੇ ਕਿਸਾਨਾਂ ਨੂੰ ਪ੍ਰੇਸ਼ਾਨ ਕਰਕੇ ਇਹ ਯਕੀਨੀ ਬਣਾਹੈਗੀ ਕਿ ਆਪਣੇ ਰਵਾਇਤੀ ਬੀਜਾਂ ਨੂੰ ਨਾ ਰੱਖ ਸਕਣ ਤੇ ਦੇਸ਼ ਦੇ ਕਿਸਾਨਾਂ 'ਤੇ ਮੌਨਸੈਂਟੋ, ਸਿੰਜੈਂਟਾ ਵਰਗੀਆਂ ਕੰਪਨੀਆਂ ਤੇ ਉਨ੍ਹਾਂ ਦੀਆਂ ਦਲਾਲ ਕੰਪਨੀਆਂ ਦੇ ਬੀਜਾਂ ਨੂੰ ਠੋਸਿਆ ਜਾਵੇਗਾ।

12 ਧਾਰਾ 36 (2) ਅਨੁਸਾਰ ਸਰਕਾਰ ਖੋਜੀਆਂ ਲਈ ਅਣ-ਰਜਿਸਟਰਡ ਕਿਸਮਾਂ ਦੀ ਦਰਾਮਦ ਦੀ ਇਜਾਜ਼ਤ ਦੇ ਸਕਦੀ ਹੈ। ਇਸ ਮੱਦ ਦਾ ਅਰਥ ਇਹ ਹੈ ਕਿ ਜੇ ਕੋਈ ਬੀਜ ਵਿਦੇਸ਼ 'ਚ ਵੀ ਰਜਿਸਟਰਡ ਨਹੀਂ ਹੈ ਤੇ ਉਸਦਾ ਉਤਪਾਦਨ ਕਰਨ ਵਾਲੀ ਬੀਜ ਕੰਪਨੀ ਭਾਰਤ ਦੇ ਬਜ਼ਾਰਾਂ 'ਚ ਲਿਆਉਣ ਦੀ ਇਛੁੱਕ ਹੈ ਤਾਂ ਭਾਰਤ ਸਰਕਾਰ ਉਸ ਨੂੰ ਖੋਜੀਆਂ *(Research Scholars)* ਲਈ ਦਰਾਮਦ ਦੀ ਇਜਾਜ਼ਤ ਦੇਵੇਗੀ। ਇਹ ਮੌਨਸੈਂਟੋ, ਸਿੰਜੈਂਟਾ ਵਰਗੀਆਂ ਬਹੁਕੌਮੀ ਕੰਪਨੀਆਂ ਦੇ ਭਾਰਤ ਤੇ ਹੋਰ ਦੇਸ਼ਾਂ 'ਚ ਕੇਂਦਰਾਂ ਦੇ ਬੀਜ ਵਟਾਂਦਰੇ ਵਰਗਾ ਹੋਵੇਗਾ।

13. ਧਾਰਾ 37 ਅਨੁਸਾਰ ਸੰਮਤੀ ਦੀ ਸਲਾਹ 'ਤੇ ਕੇਂਦਰ ਸਰਕਾਰ ਕਿਸੇ ਕਿਸਮ ਦੇ ਬੀਜ ਦੀ ਬਰਾਮਦ ਨੂੰ ਸੀਮਤ ਕਰ ਸਕਦੀ ਹੈ। ਜੇ ਅਜਿਹੀ ਬਰਾਮਦ ਦੇਸ਼ ਦੀ ਅੰਨ ਸੁਰੱਖਿਆ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇ ਜਾਂ ਮਹਿਸੂਸ ਕੀਤਾ ਜਾਏ ਕਿ ਜਨਤਾ ਦੀਆਂ ਜਾਇਜ਼ ਜ਼ਰੂਰਤਾਂ ਪੂਰੀਆਂ ਨਹੀਂ ਹੋਣਗੀਆਂ।

ਦਰਅਸਲ ਲੰਬੇ ਨੁਕਤਾ ਨਜ਼ਰ ਤੋਂ ਖਾਦ ਸੁਰੱਖਿਆ ਬੀਜਾਂ ਦੀ ਬਰਾਮਦ ਨਾਲ

ਪ੍ਰਭਾਵਿਤ ਨਹੀਂ ਹੁੰਦੀ। ਉਲਟੇ ਉਨ੍ਹਾਂ ਬੀਜਾਂ ਦੀ ਦਰਾਮਦ ਨਾਲ ਪ੍ਰਭਾਵਿਤ ਹੁੰਦੀ ਹੈ ਜਿਨ੍ਹਾਂ ਵਿਚ ਫਸਲਾਂ ਦੇ ਉਤਪਾਦਨ ਨੂੰ ਪ੍ਰਭਾਵਿਤ ਕਰਨ ਤੇ ਇਸ ਤਰ੍ਹਾਂ ਦੇਸ਼ ਦੀ ਅੰਨ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਦੀ ਯੋਗਤਾ ਹੈ।

14. ਬਿੱਲ ਦੀ ਧਾਰਾ 40 (1) ਅਨੁਸਾਰ ਕਿਸੇ ਕੰਪਨੀ ਦੁਆਰਾ ਇਕ ਕਾਨੂੰਨ ਦੇ ਤਹਿਤ ਅਪਰਾਧ ਲਈ ਕੰਪਨੀ ਦੇ ਨਾਲ-ਨਾਲ ਹਰ ਉਹ ਬੰਦਾ ਜ਼ਿੰਮੇਵਾਰ ਹੋਵੇਗਾ ਜੋ ਉਕਤ ਸਮੇਂ ਕੰਪਨੀ ਦੇ ਵਪਾਰ ਲਈ ਜ਼ਿੰਮੇਵਾਰ ਸੀ। ਪਰ ਨਾਲ ਹੀ ਉਕਤ ਧਾਰਾ ਕਿਸੇ ਐਸੇ ਵਿਅਕਤੀ ਨੂੰ ਕਿਸੇ ਵੀ ਜੁਆਬਦੇਹੀ ਤੋਂ ਮੁਕਤ ਕਰ ਸਕਦੀ ਹੈ। ਜੇ ਉਹ ਸਾਬਤ ਕਰੇ ਕਿ ਇਹ ਅਪਰਾਧ ਉਸਦੀ ਜਾਣਕਾਰੀ ਤੋਂ ਬਿਨਾਂ ਹੋਇਆ ਤੇ ਉਸ ਨੇ ਇਸ ਨੂੰ ਰੋਕਣ ਲਈ ਉੱਚਿਤ ਕਾਰਵਾਈ ਕੀਤੀ। ਇਸ ਤਰ੍ਹਾਂ ਇਹ ਦੰਦਹੀਣ ਧਾਰਾ ਮੌਨਸੈਂਟੋ ਵਰਗੀਆਂ ਕੰਪਨੀਆਂ ਦਾ ਕੁਝ ਨਹੀਂ ਵਿਗਾੜ ਸਕਦੀ। ਜੇ ਉਸ ਦੇ ਅਨੁਵਾਂਸ਼ਿਕ ਬੀਜ ਸਹੀ ਨਤੀਜੇ ਨਾ ਕੱਢਣ ਤੇ ਦੂਜੀਆਂ ਕਿਸਮਾਂ ਨੂੰ ਬਰਬਾਦ ਕਰੇ ਕਿਉਂਕਿ ਮੌਂਸੈਂਟੋ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰੇਗੀ ਕਿ ਉਸ ਨੇ ਇਸ ਨੂੰ ਰੋਕਣ ਲਈ ਉੱਚਿਤ ਸਾਵਧਾਨੀ ਵਿਖਾਈ। ਨਾਲ ਹੀ ਮੌਨਸੈਂਟੋ ਇਹ ਵੀ ਦਾਅਵਾ ਕਰੇਗੀ ਕਿ ਅਨੁਵਾਂਸ਼ਿਕ ਤਕਨੀਕ ਦੁਨੀਆਂ ਭਰ 'ਚ ਵਰਤੀ ਜਾ ਰਹੀ ਹੈ। ਤੇ ਇਸ ਦੀ ਅਸਫਲਤਾ ਦੀ ਜ਼ਿੰਮੇਵਾਰੀ ਮੌਂਸੈਂਟੋ 'ਤੇ ਨਹੀਂ ਪਾਈ ਜਾ ਸਕਦੀ।

15. ਬਿੱਲ ਦੀ ਧਾਰਾ 43 (1) ਅਨੁਸਾਰ ਇਹ ਕਾਨੂੰਨ ਕਿਸਾਨਾਂ ਵੱਲੋਂ ਆਪਣੇ ਖੇਤਾਂ 'ਚੋਂ ਬੀਜਾਂ ਨੂੰ ਬਚਾਉਣ, ਵਰਤਨ ਜਾਂ ਆਪਸ 'ਚ ਵੰਡਣ ਜਾਂ ਵੇਚਣ ਦੇ ਅਧਿਕਾਰਾਂ ਨੂੰ ਪ੍ਰਭਾਵਿਤ ਨਹੀਂ ਕਰੇਗੀ ਬਸ਼ਰਤੇ ਇਹ ਕਿਸੇ ਬ੍ਰਾਂਡ ਦੇ ਨਾਂ ਨਾਲ ਨਾ ਵੇਚੇ ਜਾਂ ਇਹ ਪ੍ਰਫੁਟਨ, ਭੌਤਿਕ ਜਾਂ ਅਨੁਵਾਂਸ਼ਿਕ ਸ਼ੁੱਧਤਾ ਦੀ ਘੱਟੋ-ਘੱਟ ਹੱਦ ਦੇ ਅਨੁਕੂਲ ਹੋਵੇ। ਇਹ ਮੱਦ ਬਹੁਤ ਚਲਾਕੀ ਦੇ ਨਾਲ ਜਨਤਾ ਤੇ ਕਿਸਾਨਾਂ ਨੂੰ ਬੇਵਕੂਫ਼ ਬਣਾਉਣ ਲਈ ਰੱਖੀ ਗਈ ਹੈ ਕਿ ਨਵਾਂ ਕਾਨੂੰਨ ਉਨ੍ਹਾਂ ਨੂੰ ਰਜਿਸਟਰੇਸ਼ਨ ਤੋਂ ਮੁਕਤ ਕਰਦਾ ਹੈ। ਜੇ ਉਹ ਬੀਜ ਨਾ ਵੇਚਣਾ ਚਾਹੇ ਤਾਂ ਉਨ੍ਹਾਂ ਦਾ ਬੀਜ ਕਾਨੂੰਨ ਦੁਆਰਾ ਨਿਰਧਾਰਤ ਘੱਟੋ-ਘੱਟ ਗੁਣਵੰਤਾ ਦੇ ਅਨੁਸਾਰ ਹੋਵੇ। ਘੱਟੋ-ਘੱਟ ਗੁਣਵੰਣਤਾ ਪੱਧਰ ਦੀ ਸ਼ਰਤ (ਬੰਧਨ) ਬਹੁਤੇ ਕਿਸਾਨਾਂ ਨੂੰ ਬੀਜ ਉਤਪਾਦਨ ਦੇ ਦਾਇਰੇ ਤੋਂ ਬਾਹਰ ਕਰ ਦਿੰਦੀ ਹੈ। ਨਾਲ ਹੀ ਬੀਜ ਨਿਰੀਖਣ ਕਿਸਾਨਾਂ ਨੂੰ ਏਨਾ ਪ੍ਰੇਸ਼ਾਨ ਕਰਨਗੇ ਕਿ ਉਨ੍ਹਾਂ ਲਈ ਬੀਜਾਂ ਦੀ ਕੁਆਇਲਟੀ ਆਦਿ ਸਾਬਤ ਕਰਨੀ ਕਾਫ਼ੀ ਮੁਸ਼ਕਲ ਹੋ ਜਾਵੇਗੀ। ਭ੍ਰਿਸ਼ਟ ਸਰਕਾਰ ਨੇ ਭ੍ਰਿਸ਼ਟਚਾਰ ਦਾ ਇਹ ਹੋਰ ਦਰਵਾਜ਼ਾ ਖੋਲ੍ਹ ਦਿੱਤਾ ਹੈ।

16. ਧਾਰਾ 43 (2) ਅਨੁਸਾਰ ਕੇਂਦਰ ਸਰਕਾਰ ਕਿਸੇ ਵਿਗਿਆਨਕ, ਖੋਜ ਤੇ ਵੰਡ ਸੰਗਠਨ ਨੂੰ ਬੀਜਾਂ ਦਾ ਉਤਪਾਦਨ ਕਰਨ ਤੇ ਵੇਚਣ ਦੀ ਛੋਟ ਦਿੰਦੀ ਹੈ। ਇਹ ਭਾਰਤ ਦੀ ਕਾਨੂੰਨ ਵਿਵਸਥਾ ਦੀ ਦੁਰਵਰਤੋਂ ਹੈ।

17. ਧਾਰਾ 44 ਅਨੁਸਾਰ ਸਰਕਾਰ ਜਾਂ ਕਿਸੇ ਵਿਅਕਤੀ ਦੇ ਖਿਲਾਫ਼ ਇਸ ਕਾਨੂੰਨ ਦੇ ਤਹਿਤ ਕੀਤੇ ਗਏ ਕਿਸੇ ਕੰਮ ਦੇ ਲਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਸਕਦੀ। ਇਹ ਮੱਦ ਵੀ ਕਾਫ਼ੀ ਖ਼ਤਰਨਾਕ ਹੈ ਕਿਉਂਕਿ ਇਹ ਸਰਕਾਰ ਤੇ ਉਸ ਦੇ ਕੰਮਾਂ ਨੂੰ ਪੂਰਨ ਸੁਰੱਖਿਆ ਦਿੰਦਾ ਹੈ ਜਦਕਿ ਉਸ ਦੇ ਇਸ ਕੰਮ ਨਾਲ ਇਸ ਖੇਤੀ ਪ੍ਰਧਾਨ ਦੇਸ਼ ਦੀ ਖੇਤੀ ਤੇ ਪੂਰਾ ਦੇਸ਼ ਪ੍ਰਭਾਵਿਤ ਹੋਵੇਗਾ। ਨਾ ਹੀ ਇਹ ਭ੍ਰਿਸ਼ਟ ਅਧਿਕਾਰੀਆਂ ਨੂੰ ਕਿਸਾਨਾਂ ਨੂੰ ਲੁੱਟਣ ਤੇ ਉਨ੍ਹਾਂ ਨੂੰ ਸਾਮਰਾਜੀ ਬਹੁਕੌਮੀ ਕੰਪਨੀਆਂ

ਦੇ ਇਸ਼ਾਰਿਆਂ 'ਤੇ ਨਚਾਉਣ ਦਾ ਸੰਦ ਬਣੇਗਾ। ਇਸ ਲਈ ਅੱਜ ਦੀ ਲੋੜ ਬਣਦੀ ਹੈ ਕਿ ਕਿਸਾਨਾਂ ਨੂੰ ਇਸ ਪ੍ਰਤੀ ਚੇਤੰਨ ਕਰਕੇ, ਲਾਮਬੰਦ ਕੀਤਾ ਜਾਵੇ ਤੇ ਸਾਮਰਾਜ ਵਿਰੋਧੀ ਜੰਗ ਦਾ ਅੰਗ ਬਣਾਇਆ ਜਾਵੇ।

# ਧਰਮ ਦਾ ਵਪਾਰਕ ਧੰਦਾ

ਸ਼ਹਿਰ ਦੇ ਵਿਚਕਾਰ ਅਜੀਬ ਗਹਿਮਾ ਗਹਿਮੀ ਦਾ ਮਾਹੌਲ ਸੀ ਅਤੇ ਹਜ਼ਾਰਾਂ ਦੀ ਭੀੜ ਧਰਮ ਗੁਰੂ ਦੇ ਦਰਸ਼ਨਾਂ ਲਈ ਆਈ ਸੀ। ਕੁੱਝ ਅਣਜਾਣੇ ਲੋਕਾਂ ਨੇ ਵੀ ਇਸ ਗਹਿਮਾ ਗਹਿਮੀ ਨੂੰ ਵੇਖ ਅੰਦਰ ਜਾਣ ਦੀ ਇੱਛਾ ਪ੍ਰਗਟ ਕੀਤੀ ਤਾਂ ਪਤਾ ਲੱਗਿਆ ਕਿ ਇੱਥੇ ਪਹਿਲਾਂ ਹੀ ਸੀਟਾਂ ਰੀਜ਼ਰਵ ਹਨ ਅਤੇ ਅੰਦਰ ਜਾਣ ਲਈ ਘੱਟੋ ਘੱਟ ਫੀਸ 150 ਰੁਪਏ ਹੈ। ਕੀ ਉਹ ਧਾਰਮਿਕ ਪ੍ਰਵਚਨ ਸੁਣਨ ਜਾ ਰਹੇ ਹਨ ਜਾਂ ਸਿਨੇਮਾ ਹਾਲ 'ਚ ਫ਼ਿਲਮ ਵੇਖਣ? ਕਈਆਂ ਦੇ ਮਨ 'ਚ ਇਹ ਸੁਆਲ ਉਠਿਆ ਪਰ ਜੁਆਬ ਨਹੀਂ ਮਿਲਿਆ ਤੇ ਨਾ ਹੀ ਅੰਦਰ ਵੜਨ ਦਿੱਤਾ ਗਿਆ। ਉਨ੍ਹਾਂ ਲੋਕਾਂ ਲਈ ਬਾਹਰ ਲੱਗੇ ਸਪੀਕਰ ਅਤੇ ਸਕਰੀਨ 'ਤੇ ਗੁਰੂ ਦਰਸ਼ਨ ਤੇ ਪ੍ਰਵਚਨ ਸੁਣਨ ਦਾ ਮੁਫ਼ਤ ਬੰਦੋਬਸਤ ਸੀ।

ਲੱਖਾਂ ਕਰੋੜਾਂ ਦੇ ਗੁਰੂ ਬਣੇ ਅੱਜ ਦੇ ਬਾਪੂ ਦਾ ਧਿਆਨ ਕੈਂਪ ਵੀ, ਕਿਸੇ ਵਿਸ਼ਾਲ ਆਯੋਜਨ ਤੋਂ ਘੱਟ ਨਹੀਂ ਸੀ। ਸ਼ਹਿਰ 'ਚ ਇਨ੍ਹਾਂ ਦੇ ਆਗਮਨ ਤੋਂ ਲੈ ਕੇ ਪ੍ਰਵਚਨ ਤੱਕ ਦੇ ਆਯੋਜਨ 'ਚ ਕਰੋੜਾਂ ਰੁਪਏ ਖਰਚ ਕੀਤੇ ਗਏ ਸਨ। ਭਗਤ ਜਨਾਂ ਲਈ ਪ੍ਰਵਚਨ ਸੁਣਨ ਦੇ ਨਾਲ ਨਾਲ ਬਾਪੂ ਦੀ ਆਯੂਰਵੈਦਸ਼ਾਲਾ 'ਚ ਬਣਿਆ ਸਾਮਾਨ ਵੀ ਇਸ ਕੈਂਪ 'ਚ ਇਕ ਸਟਾਲ 'ਤੇ ਸਜਾ ਦਿੱਤਾ ਗਿਆ ਸੀ ਅਤੇ ਦੂਜੇ ਸਟਾਲ 'ਤੇ ਪ੍ਰਵਚਨਾਂ ਦੇ ਕੈਸਟ, ਸੀ. ਡੀ., ਵੀ. ਸੀ. ਡੀ. ਅਤੇ ਬਾਬਾ ਦੀ ਫ਼ੋਟੋ ਜੈਸੀਆਂ ਚੀਜ਼ਾਂ, ਖ਼ਰੀਦਦਾਰੀ ਲਈ ਮੁਹੱਈਆ ਸਨ। ਹੁਣ ਭਗਤਜਨਾਂ ਲਈ ਉਹ ਸ਼ਰਧਾ ਦਾ ਸੁਆਲ ਵੀ ਸੀ ਅਤੇ ਗੁਰੂ ਪ੍ਰਤੀ ਆਪਣੇ ਭਾਵਾਂ ਨੂੰ ਜ਼ਾਹਰ ਕਰਨ ਦਾ ਇਕ ਆਸਾਨ ਤਰੀਕਾ ਵੀ। ਇਸ ਲਈ ਸਟਾਲ 'ਤੇ ਜਿੰਨੀਆਂ ਵੀ ਚੀਜ਼ਾਂ ਸਨ ਉਹ ਦੋ ਘੰਟੇ 'ਚ ਹੀ ਖ਼ਤਮ ਹੋ ਗਈਆਂ। ਪਤਾ ਲੱਗਾ ਕਿ ਇਸ ਕੈਂਪ ਵਿਚ ਬਾਬਾ ਨੂੰ ਕਰੋੜਾਂ ਰੁਪਏ ਦਾ ਲਾਭ ਹੋਇਆ ਸੀ। ਇਕ ਪਲ ਸੁਣ ਕੇ ਹੈਰਾਨੀ ਹੋਈ ਕਿ ਪ੍ਰਵਚਨ ਵੀ ਲਾਭ ਦਾ ਜ਼ਰੀਆ ਕਿਵੇਂ ਬਣ ਗਿਆ? ਫਿਰ ਪਲ ਭਰ 'ਚ ਇਹ ਗੱਲ ਵੀ ਬਿਜਲੀ ਵਾਂਗੂੰ ਸੁੱਝੀ ਕਿ ਇਹ ਤਾਂ ਸਿਰਫ਼ ਇਕ ਦਿਨ ਦੀ ਗੱਲ ਸੀ, ਬਾਬੇ ਦੇ ਐਸੇ ਧਿਆਨ ਤੇ ਪ੍ਰਵਚਨ ਕੈਂਪ ਤਾਂ ਰੋਜ਼ ਹੀ ਕਿਸੇ ਨਾ ਕਿਸੇ ਸ਼ਹਿਰ 'ਚ ਹੁੰਦੇ ਰਹਿੰਦੇ ਹਨ ਯਾਨੀ ਰੋਜ਼ਾਨਾ ਕਰੋੜਾਂ ਦਾ ਫ਼ਾਇਦਾ। ਵਾਕਿਆ ਹੀ ਇਹ ਧੰਦਾ ਤਾਂ ਚੋਖਾ ਲਾਹੇਵੰਦ ਹੈ।

ਬੀਤੇ ਕੁੱਝ ਸਾਲਾਂ ਵਿਚ ਧਰਮ ਨੇ ਆਪਣਾ ਵਿਸਥਾਰ ਕਈ ਤਰ੍ਹਾਂ ਨਾਲ ਕੀਤਾ ਹੈ। ਕਿਧਰੇ ਧਰਮ ਆਸਥਾ ਤੇ ਦਰਸ਼ਨ ਦਾ ਪ੍ਰਤੀਕ ਬਣ ਕੇ ਉਭਰਿਆ ਤੇ ਕਿਤੇ ਕਿਸੇ ਝਮੇਲੇ 'ਚ ਉਲਝ ਕੇ ਚਰਚਾ ਦਾ ਵਿਸ਼ਾ ਬਣਦਾ ਨਜ਼ਰ ਆਇਆ। ਕਿਤੇ ਧਰਮ ਸਦਭਾਵਨਾ ਤੇ ਸਭਿਆਚਾਰ ਨੂੰ ਸੰਭਾਲਦਾ ਨਜ਼ਰ ਆਇਆ ਤੇ ਕਿਤੇ ਧਰਮ ਅਧਿਆਤਮ ਦੀ ਰੇਖਾ ਤੋਂ ਬਾਹਰ ਨਿਕਲ ਕੇ ਬਜ਼ਾਰ ਬਣ ਕੇ ਉਭਰਿਆ। ਇੱਥੇ ਅਸੀਂ ਇਸੀ ਬਜ਼ਾਰਵਾਦੀ ਸਭਿਆਚਾਰ 'ਚ ਧਰਮ ਨੂੰ ਆਧਾਰ ਬਣਾ ਕੇ ਚੱਲ ਰਹੇ ਧਾਰਮਕ ਆਗੂਆਂ ਦਾ ਬਜ਼ਾਰ ਲਗਭਗ 2 ਹਜ਼ਾਰ ਕਰੋੜ ਰੁਪਏ ਦਾ ਹੈ ਜਿਸ ਵਿਚ ਉਨ੍ਹਾਂ ਦੀਆਂ ਕਿਤਾਬਾਂ, ਸੀ. ਡੀ., ਵੀ. ਸੀ. ਡੀ. ਫੁੱਲ ਮਾਲਾਵਾਂ ਅਤੇ ਯੰਤਰ ਤੰਤਰ ਮੰਤਰ ਦਾ ਬਜ਼ਾਰ ਵੀ ਕਾਫ਼ੀ ਵੱਡਾ ਹੈ। ਵੇਦਾਂ ਤੇ ਪੁਰਾਣਾਂ ਦੀ ਗੱਲ ਨਾ ਕਰਦਿਆਂ ਜੇ ਅਸੀਂ

ਸਿਰਫ਼ ਇਸ ਯੁੱਗ ਦੀ ਗੱਲ ਹੀ ਕਰੀਏ ਤਾਂ ਧਰਮ ਦੀ ਬਜ਼ਾਰਵਾਦੀ ਸੰਸਕ੍ਰਿਤੀ ਦਾ ਇਤਿਹਾਸ ਵੀ ਸਮਝ 'ਚ ਆਉਂਦਾ ਹੈ। ਭਗਤੀ ਕਾਲ ਵਿਚ ਅਧਿਆਤਮਕ ਪਹਿਲੂਆਂ 'ਤੇ ਬਰੀਕੀ ਨਾਲ ਰੋਸ਼ਨੀ ਪਾਈ ਗਈ। ਇਨ੍ਹਾਂ ਨੂੰ ਅਸੀਂ ਧਰਮ ਗੁਰੂ ਤਾਂ ਨਹੀਂ ਕਹਿ ਸਕਦੇ ਪਰ ਧਰਮ ਪ੍ਰਚਾਰਕ ਜਾਂ ਫ਼ਕੀਰ ਤਾਂ ਮੰਨਦੇ ਹੀ ਹਾਂ। ਉਸ ਸਮੇਂ ਆਤਮਾ ਤੇ ਪ੍ਰਮਾਤਮਾ ਦੇ ਸੂਖਮ ਪਹਿਲੂਆਂ ਨੂੰ ਪਹਿਲਾਂ ਖੁਦ ਸਮਝਣ ਤੇ ਫਿਰ ਦੂਜਿਆਂ ਨੂੰ ਸਮਝਾਉਣ ਦੀ ਇਕ ਕੋਸ਼ਿਸ਼ ਕੀਤੀ ਗਈ ਸੀ। ਪਰ ਉਸ ਸਮੇਂ ਇਹ ਬਜ਼ਾਰ ਨਹੀਂ ਬਣਿਆ ਸੀ ਬਲਕਿ ਲੋਕਾਂ ਨੂੰ ਜਾਗਰੂਕ ਕਰਨ, ਉਨ੍ਹਾਂ ਨੂੰ ਪਾਪ ਤੇ ਪੁੰਨ ਤੋਂ ਜਾਣੂੰ ਕਰਵਾਉਣ ਤੇ ਰੱਬ ਦੇ ਰੁਬਰੂ ਕਰਨ ਦਾ ਇਕ ਮਜ਼ਬੂਤ ਜ਼ਰੀਆ ਵਿਖਾਇਆ ਗਿਆ ਸੀ। ਉਹੀ ਲੋਕ ਧਰਮ ਪ੍ਰਚਾਰਕ ਬਣਦੇ ਸਨ ਜੋ ਮਨ ਤੋਂ ਈਰਖਾ ਨੂੰ ਮਾਰਦੇ ਸਨ ਸੂਫ਼ੀਆਨਾ ਤਬੀਅਤ ਦੇ ਸਨ, ਤੇ ਮਾਇਆ ਮੋਹ, ਲੋਭ, ਕ੍ਰੋਧ ਤੋਂ ਦੂਰ ਸਨ। ਇਕ ਧਰਮ ਪ੍ਰਚਾਰਕ ਲਈ ਕੋਈ ਧਰਮ ਨਾ ਵੱਡਾ ਸੀ ਨਾ ਛੋਟਾ। ਧਰਮ ਸਿਰਫ਼ ਧਰਮ ਸੀ। ਸਿੱਟੇ ਵਜੋਂ ਧਰਮ ਹਾਵੀ ਸੀ, ਬਜ਼ਾਰ ਨਹੀਂ। ਕਬੀਰ ਵੀ ਇਸ ਯੁੱਗ ਦੇ ਗੁਣਵਾਨ ਧਰਮ ਪ੍ਰਚਾਰਕ ਦੇ ਰੂਪ 'ਚ ਜਾਣੇ ਜਾਂਦੇ ਰਹੇ ਜਿਨ੍ਹਾਂ ਨੇ ਧਰਮ 'ਚ ਇਨਸਾਨੀਅਤ ਨੂੰ ਖੋਜਿਆ, ਉਸ ਨੂੰ ਉਤਸ਼ਾਹਿਤ ਕਰਨ ਦੀ ਗੱਲ ਆਖੀ ਅਤੇ ਈਸ਼ਵਰ ਤੇ ਮੂਰਤੀ ਪੂਜਾ ਤੋਂ ਵੱਧ ਮਾਨਵੀ ਭਾਵਨਾਵਾਂ ਨੂੰ ਪੁੱਜਣ, ਅਪਣਾਉਣ 'ਤੇ ਜ਼ੋਰ ਦਿੱਤਾ।

ਵਕਤ ਬਦਲਿਆ ਤਾਂ ਧਰਮ ਪ੍ਰਚਾਰਕਾਂ ਅਤੇ ਕੈਂਪਾਂ ਦਾ ਵੀ ਰੂਪ ਬਦਲ ਗਿਆ। ਵੱਡੀ ਸਾਰੀ ਆਲੀਸ਼ਾਨ ਕਾਰ 'ਚ ਆਉਣ ਲੱਗੇ ਸਾਡੇ ਅਖੌਤੀ ਧਰਮ ਗੁਰੂ। ਉਨ੍ਹਾਂ ਦੇ ਆਪਣੇ ਅਦਾਰੇ ਸਥਾਪਤ ਹੋਏ ਅਤੇ ਰਹਿਣ ਤੋਂ ਲੈ ਕੇ ਖਾਣ ਪੀਣ ਪਹਿਨਣ ਤੇ ਠਹਿਰਨ ਦੀ ਫ਼ਾਈਵ ਸਟਾਰ ਵਿਵਸਥਾ ਭਗਤਜਨਾਂ ਵੱਲੋਂ ਮੁਹੱਈਆ ਕਰਵਾਈ ਜਾਣ ਲੱਗੀ। ਦੇਖਿਆ ਜਾਵੇ ਤਾਂ ਧਰਮ ਨੇ ਸਹੀ ਅਰਥਾਂ 'ਚ ਬਜ਼ਾਰ ਦਾ ਰੂਪ ਤਾਂ ਭਗਵਾਨ ਰਜਨੀਸ਼ ਯਾਨੀ ਓਸ਼ੋ ਦੇ ਸਮੇਂ ਹੀ ਲੈ ਲਿਆ ਸੀ ਜਦੋਂ ਓਸ਼ੋ ਦੀਆਂ ਕੈਸਿਟਾਂ ਤੇ ਕਿਤਾਬਾਂ ਉਨ੍ਹਾਂ ਦੇ ਆਸ਼ਰਮ 'ਚ ਵਿਕਣ ਲੱਗੀਆਂ। ਇਕ ਸਮਾਂ ਤਾਂ ਐਸਾ ਸੀ ਜਦ ਲੋਕ ਓਸ਼ੋ ਦਾ ਸੰਨਿਆਸ ਪਾਉਣ ਲਈ ਆਪਣਾ ਘਰ ਬਾਰ ਛੱਡ ਕੇ ਆਪਣਾ ਸਭ ਕੁਝ ਅਰਪਣ ਕਰਨ ਤੋਂ ਵੀ ਗਰੇਜ਼ ਨਹੀਂ ਕਰਦੇ ਸਨ ਅਤੇ ਅੱਜ ਵੀ ਓਸ਼ੋ ਕਮਿਊਨ ਦਾ ਹਿੱਸਾ ਬਣਨ ਲਈ ਉੱਥੋਂ ਦੇ ਲਾਲ ਚੋਗੇ ਤੋਂ ਲੈ ਕੇ ਰਹਿਣ ਤੇ ਖਾਣ ਪੀਣ ਦੀ ਮੋਟੀ ਰਕਮ ਦਿੰਦੇ ਹਨ। ਓਸ਼ੋ ਦੀ ਪਰਾਪਰਟੀ ਨੂੰ ਹੀ ਅੱਗੇ ਵਧਾਇਆ। ਅੱਜ ਦੇ ਉਭਰੇ ਨਵੇਂ ਧਰਮ ਗੁਰੂਆਂ ਦੀ ਅੱਜ ਇਕ ਲੰਬੀ ਸੂਚੀ ਹੈ। ਇਨ੍ਹਾਂ ਧਰਮ ਗੁਰੂਆਂ ਨੇ ਕਿਸੇ ਇਕ ਵਿਸ਼ੇ ਨੂੰ ਚੁਣ ਲਿਆ ਅਤੇ ਉਸ ਨੂੰ ਅਲੱਗ-ਅਲੱਗ ਵਾਕਾਂ, ਉਦਾਹਰਣਾਂ ਨਾਲ ਪੱਕਾ ਕਰਦੇ ਰਹਿੰਦੇ ਹਨ। ਉਦਾਹਰਨ ਵਜੋਂ ਮੁਰਾਰੀ ਬਾਪੂ, ਰਾਮ ਭਗਤੀ ਤੇ ਰਮਾਇਣ ਨੂੰ ਆਪਣੇ ਅੰਦਾਜ਼ 'ਚ ਸੁਣਾਉਂਦੇ ਹਨ ਤਾਂ ਰਾਮਾਇਣ ਤੋਂ ਲੈ ਕੇ ਗੀਤਾ ਤੱਕ ਦੀਆਂ ਗੱਲਾਂ ਕਰ ਕੇ ਦੁਨੀਆ ਨੂੰ ਸਵਰਗ ਦੇ ਭੇਦ ਤੋਂ ਜਾਣੂੰ ਕਰਵਾਉਣ ਦਾ ਦਾਅਵਾ ਕਰਦੇ ਹਨ। ਸਿਧਾਸ਼ੂੰ ਜੀ ਮਹਾਰਾਜ, ਮਾਂ ਆਨੰਦਮਈ, ਮਾਂ ਅੰਮ੍ਰਿਤਾਨੰਦਮਈ, ਸਤ ਸਾਈ ਅਵਿਸ਼ੇਸ਼ਾਨੰਦ ਜੀ ਮਹਾਰਾਜ, ਸ੍ਰੀ ਰਵੀਸ਼ੰਕਰ, ਚੰਦਰਾ ਸਵਾਮੀ, ਬ੍ਰਹਮਕੁਮਾਰੀ ਮਥਰਾ ਮੰਡਲ ਅਤੇ ਨਾ ਜਾਣੇ ਅਜਿਹੇ ਕਿੰਨੇ ਹੀ ਧਰਮ ਗੁਰੂ ਪ੍ਰਚਾਰਕ ਹਨ ਜੋ ਸਨਾਤਨ ਧਰਮ ਤੇ ਵੇਦਾਂ ਪੁਰਾਣਾਂ ਦੀਆਂ ਗੱਲਾਂ ਦੁਹਰਾ ਕੇ ਲੱਖਾਂ ਕਰੋੜਾਂ ਭਗਤਾਂ ਦੀ ਭੀੜ ਇਕੱਠੀ ਕਰਦੇ ਹਨ। ਮਜ਼ੇ ਦੀ ਗੱਲ ਤਾਂ ਇਹ ਹੈ ਕਿ ਭਗਤਾਂ

ਦੀ ਅਪਾਰ ਗਿਣਤੀ 'ਤੇ ਵੀ ਇਨ੍ਹਾਂ ਦੀ ਮਾਰਕੀਟ ਟਿਕੀ ਹੋਈ ਹੈ ਜੋ ਨਾ ਸਿਰਫ਼ ਦਾਨ ਦੇ ਰੂਪ 'ਚ ਭਾਰੀ ਚੜ੍ਹਾਵਾ ਚੜ੍ਹਾਉਂਦੀ ਹੈ ਬਲਕਿ ਇਨ੍ਹਾਂ ਦੀਆਂ ਕੈਸਿਟਾਂ, ਸੀ. ਡੀਆਂ ਕਿਤਾਬਾਂ ਤੇ ਹੋਰ ਭਗਤੀ ਪੂਰਨ ਪਦਾਰਥਾਂ ਦੀ ਵੀ ਗਾਹਕ ਹੈ। ਧਰਮ ਦੇ ਇਸ ਬਜ਼ਾਰ 'ਚ ਅਗਰਬੱਤੀ ਤੋਂ ਲੈ ਕੇ ਚੰਦਨ, ਰੋਲੀ ਤੱਕ ਸਭ ਬਾਬਾ ਜੀ ਦੇ ਆਸ਼ਰਮ 'ਚ ਤਿਆਰ ਹੁੰਦਾ ਹੈ ਅਤੇ ਭਗਤ ਜਨ ਇਸ ਨੂੰ ਪੂਰੀ ਸ਼ਰਧਾ ਨਾਲ ਖ਼ਰੀਦਦੇ ਹਨ।

ਬਜ਼ਾਰ ਦੇ ਹੋਰ ਸਾਧਨ : ਦਿੱਲੀ ਦੇ ਇਕ ਅਮੀਰ ਇਲਾਕੇ 'ਚ ਸਥਿਤ ਹੈ ਕ੍ਰਿਸ਼ਨ ਮੰਦਰ, ਜਿਸ ਨੂੰ ਲੋਕ ਇਸਕਾਨ ਦੇ ਨਾਂ ਨਾਲ ਜਾਣਦੇ ਹਨ। ਸੁਬਾਹ ਸ਼ਾਮ ਆਰਤੀ ਸਮੇਂ ਇਕ ਵੱਖਰਾ ਹੀ ਨਜ਼ਾਰਾ ਦਿਸਦਾ ਹੈ। ਇੱਥੇ ਦੂਰ ਦੂਰ ਤੋਂ ਪਧਾਰੇ ਭਗਤ ਜਨ ਨਚਦੇ ਗਾਉਂਦੇ ਹਨ ਤੇ ਢੋਲ ਦੀ ਤਾਲ 'ਤੇ ਝੂਮਦੇ ਹਨ। ਪਹਿਲੀ ਵਾਰ ਜਦ ਇਸ ਮੰਦਰ ਨੂੰ ਦੇਖੋ ਤਾਂ ਵਿਸ਼ਵਾਸ ਨਹੀਂ ਹੁੰਦਾ ਕਿ ਵਾਕਿਆ ਹੀ ਇਕ ਮੰਦਰ 'ਚ ਦਾਖ਼ਲ ਹੋਏ ਹਾਂ। ਮੰਦਰ ਦਾ ਢਾਂਚਾ ਕਿਸੇ ਹੋਟਲ ਜਾਂ ਇਉਂ ਕਹੋ ਕਿ ਕਿਸੇ ਆਲੀਸ਼ਾਨ ਮਹਿਲਾ ਵਰਗਾ ਦਿਸਦਾ ਹੈ। ਅੰਦਰ ਵੜਦਿਆਂ ਹੀ ਮੱਥੇ 'ਤੇ ਤਿਲਕ ਲਾਈ ਕਈ ਕ੍ਰਿਸ਼ਨ ਭਗਤ ਨਜ਼ਰ ਆਉਂਦੇ ਹਨ। ਉਥੇ ਬਣੇ ਛੋਟੇ ਛੋਟੇ ਸਟਾਲ, ਜਿੱਥੇ ਚੰਦਨ ਨਾਲ ਬਣੀ ਮਾਲਾ, ਅਗਰਬੱਤੀ, ਚੰਦਨ ਟਿੱਕਾ, ਤੁਲਸੀ ਮਾਲਾ ਆਦਿ ਵਿਕਦੀ ਹੈ। ਨਾਲ ਹੀ ਹੈ ਖਾਣ ਪੀਣ ਦਾ ਸ਼ੁੱਧ ਤੇ ਵਿਸ਼ਾਲ ਪ੍ਰਬੰਧ। ਸ਼ੁੱਧ ਇਸ ਲਈ ਕਿ ਇੱਥੇ ਪਿਆਜ਼, ਲਸਣ ਵਰਗੀਆਂ ਤਾਸਮਿਕ ਚੀਜ਼ਾਂ ਦੀ ਵਰਤੋਂ ਨਹੀਂ ਹੁੰਦੀ। ਆਮ ਦੁਕਾਨਾਂ ਤੋਂ ਕਿਤੇ ਮਹਿੰਗੇ ਭਾਵਾਂ 'ਤੇ ਵਿਕਦੀਆਂ ਹਨ ਇੱਥੋਂ ਦੀਆਂ ਵਸਤਾਂ। ਏਨਾ ਹੀ ਨਹੀ, ਜੇ ਆਰਾਮ ਨਾਲ ਬੈਠ ਕੇ ਰੈਸਟਰੈਂਟ ਦੀਆਂ ਸੁੱਖ ਸਹੂਲਤਾਂ ਨਾਲ ਖਾਣ ਦਾ ਅਨੰਦ ਲੈਣਾ ਹੋਵੇ ਤਾਂ ਗੋਬਿੰਦਾ ਰੈਸਟੋਰੈਂਟ ਵੀ ਮੌਜੂਦ ਹੈ ਯਾਨੀ ਭਗਤੀ ਦੇ ਨਾਲ ਧਨ ਉਗਰਾਹੀ ਦੇ ਵੀ ਕਈ ਵਿਕਲਪ ਇੱਥੇ ਗਾਹਕਾਂ ਲਈ ਬਣਾਏ ਗਏ ਹਨ। ਜੋ ਕੋਈ ਇਸ ਦਾ ਜੀਵਨ ਭਰ ਲਈ ਮੈਂਬਰ ਬਣਨਾ ਚਾਹੁੰਦੇ ਹਨ ਤਾਂ ਪੰਜਾਹ ਹਜ਼ਾਰ ਰੁਪਏ ਤੋਂ ਇਕ ਲੱਖ ਰੁਪਏ ਵਿਚਕਾਰ ਮੈਂਬਰਸ਼ਿਪ ਵੀ ਹਾਸਲ ਕਰ ਸਕਦਾ ਹੈ।

ਧਰਮ ਦਾ ਇਹ ਬਾਜ਼ਾਰ ਸਿਰਫ਼ ਧਰਮ ਗੁਰੂਆਂ ਤੱਕ ਹੀ ਸੀਮਤ ਨਹੀਂ ਹੈ ਬਲਕਿ ਰਵਾਇਤੀ ਤੇ ਪ੍ਰਾਚੀਨ ਧਾਰਮਕ ਸੰਸਥਾਵਾਂ ਦਾ ਵੀ ਇਹੀ ਹਾਲ ਹੈ। ਸਭ ਤੋਂ ਪਹਿਲਾਂ ਤਿਰੁਪਤੀ ਦੀ ਹੀ ਉਦਾਹਰਣ ਲੈਂਦੇ ਹਾਂ। ਬਾਲਾ ਜੀ ਦੇ ਇਸ ਮੰਦਰ ਦੀ ਸਾਲਾਨਾ ਆਮਦਨ ਲਗਭਗ 128 ਮਿਲੀਅਨ ਹੈ ਤੇ ਲਗਭਗ 19 ਮਿਲੀਅਨ (1 ਕਰੋੜ 90) ਲੱਖ ਲੋਕ ਹਰ ਸਾਲ ਇੱਥੇ ਦਰਸ਼ਨਾਂ ਲਈ ਆਉਂਦੇ ਹਨ। ਭਲੇ ਹੀ ਸਾਰੇ ਭਗਤਾਂ ਦੇ ਮਨਾਂ ਵਿਚ ਬਾਲਾ ਜੀ ਹੀ ਬਿਰਾਜਦੇ ਹਨ ਪਰ ਮੰਦਰ 'ਚ ਦਾਖ਼ਲਾ ਹੈਸੀਅਤ ਅਨੁਸਾਰ ਮਿਲਦਾ ਹੈ। ਜੋ ਤੁਸੀਂ ਜਲਦੀ ਬਾਲਾ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹੋ ਤਾਂ ਵੀ ਆਈ ਪੀ ਟਿਕਟ ਜਿਸ ਦੀ ਕੀਮਤ 2500 ਤੋਂ 3000 ਰੁਪਏ ਹੈ, ਖ਼ਰੀਦ ਕੇ ਆਸਾਨੀ ਨਾਲ ਲਾਈਨ 'ਚ ਲੱਗੇ ਬਿਨਾਂ ਦਰਸ਼ਨ ਕਰ ਸਕਦੇ ਹੋ। ਟਿਕਟ ਬਲੈਕ ਮਾਰਕੀਟ 'ਚ ਵੀ ਮੁਹੱਈਆ ਹੈ। ਇੱਥੇ ਸਭ ਤੋਂ ਵੱਧ ਫਾਇਦਾ ਵਾਲਾਂ ਨਾਲ ਹੁੰਦਾ ਹੈ ਕਿਉਂਕਿ ਮੰਨਤ ਪੂਰੀ ਹੋਣ ਦੀ ਖੁਸ਼ੀ 'ਚ ਲੋਕ ਇੱਥੇ ਆਪਣੇ ਵਾਲ ਦਾਨ ਕਰਦੇ ਹਨ ਜਿਸ 'ਤੇ ਮੰਦਰ ਦਾ ਅਧਿਕਾਰ ਹੁੰਦਾ ਹੈ। ਪ੍ਰਸ਼ਾਦ ਦੇ ਰੂਪ 'ਚ ਲੱਡੂਆਂ ਦੀ ਨਿਰਧਾਰਿਤ ਕੀਮਤ ਅਤੇ ਸੋਨੇ ਚਾਂਦੀ ਦਾ ਦਾਨ ਇਸ ਮੰਦਰ ਦੀ ਮੋਟੀ ਕਮਾਈ ਦਾ ਇਕ ਜ਼ਰੀਆ ਹੈ।

ਕੁਝ ਅਜਿਹਾ ਹੀ ਹੈ ਕੇਰਲ ਦਾ ਸਾਬਰੀਮਾਲਾ, ਜਿੱਥੇ ਹਰ ਧਰਮ ਦੇ ਲੋਕਾਂ ਦਾ ਦਾਖ਼ਲਾ ਹੁੰਦਾ ਹੈ। ਇਸੇ ਤਰ੍ਹਾਂ ਅੱਲਾ ਦੇ ਦਰਸ਼ਨ ਲਈ ਰਾਜਸੀ ਅੰਦਾਜ਼ 'ਚ ਰਹਿਣ ਦਾ ਇਕ ਸੁਨਹਿਰਾ ਮੌਕਾ, ਖ਼ੂਬਸੂਰਤ ਰੈਸਟ ਹਾਊਸ, ਵੱਡੀ ਸਾਰੀ ਟੀ ਵੀ ਸਕਰੀਨ, ਲਗਜ਼ਰੇ ਬਾਥਰੂਮ ਅਤੇ ਨਾ ਜਾਣੇ ਕੀ ਕੀ ਪਰ ਹੈਰਾਨ ਨਾ ਹੋਵੋ ਜੋ ਆਪ ਨੂੰ ਇਹ ਦੱਸਿਆ ਜਾਵੇ ਕਿ ਇਹ ਕਿਸੇ ਸੈਲਾਨੀ ਜਗ੍ਹਾ ਜਾਂ ਵੱਡੇ ਸ਼ਹਿਰ ਦੇ ਹੋਟਲ ਦੀ ਗੱਲ ਨਹੀਂ, ਮੱਕਾ ਦੀ ਗੱਲ ਹੈ ਜਿੱਥੇ ਹਰ ਮੁਸਲਮਾਨ ਹੱਜ ਯਾਤਰਾ ਲਈ ਇਕ ਵਾਰ ਜ਼ਰੂਰ ਪੁੱਜਦਾ ਹੈ। ਇੱਥੇ ਪੈਪਸੀ ਬਾਰ ਹਨ, ਸ਼ਾਹੀ ਰੈਸਟ ਹਾਊਸ ਹਨ, ਪਰ ਇਸ ਲਈ ਪੈਸੇ ਵੀ ਖ਼ਰਚ ਕਰਨੇ ਪੈਂਦੇ ਹਨ।

ਵੈਟੀਕਨ ਸਿਟੀ ਵੀ ਇਸ ਕੰਮ 'ਚ ਪਿੱਛੇ ਨਹੀਂ। ਇੱਥੋਂ ਦਾ ਚਰਚਿਤ ਪਵਿੱਤਰ ਚਰਚ ਜਾਂ ਇਉਂ ਕਹੋ ਚਾਰ ਧਾਮ ਵਰਗੀ ਮਾਨਤਾ ਰੱਖਦਾ ਹੈ ਅਤੇ ਇਹੀ ਕਾਰਨ ਹੈ ਕਿ ਬੈਂਕ ਅਦਾਰਿਆਂ ਤੋਂ ਲੈ ਕੇ ਸ਼ਹਿਰ ਦੀ ਨਬਜ਼ ਵੀ ਇੱਥੋਂ ਸੰਚਾਲਿਤ ਹੁੰਦੀ ਹੈ। ਚਾਹੇ, ਪੋਪ ਦਾ ਮੁੱਦਾ ਹੋਵੇ ਜਾਂ ਫਿਰ ਅਮ੍ਰਿਤਵ ਨਾਲ ਰੂਬਰੂ ਕਰਵਾਉਣ ਦੀ ਰਸਮ ਹੋਵੇ, ਸਭ 'ਚ ਲਾਭ ਦਾ ਅੰਕੜਾ ਤਹਿ ਹੈ। ਇਸ ਧਾਰਮਕ ਸੰਸਥਾਨ ਦੀ ਸਲਾਨਾ ਆਮਦਨ ਕਰੀਬ ਤਿੰਨ ਸੌ ਮਿਲੀਅਨ ਡਾਲਰ ਹੈ। ਧਰਮ ਦਾ ਬਜ਼ਾਰ, ਭਗਤੀ ਸੰਗੀਤ, ਕਿਤਾਬਾਂ, ਪੋਸਟਰਾਂ ਤੇ ਟੈਲੀਨੈੱਟ ਵਰਕਿੰਗ 'ਚ ਵਸਤੂ ਯੰਤਰਾਂ, ਲੱਛਮੀ, ਗਣੇਸ਼, ਸ਼ੁਭ ਯੰਤਰਾਂ, ਰਤਨਾਂ ਤੇ ਰੁਦ੍ਰਾਕਸ਼ ਮਾਲਾਵਾਂ ਦੀ ਮਾਰਕੀਟਿੰਗ ਨਾਲ ਵੀ ਫੈਲਿਆ ਹੈ। ਜ਼ਰੀਆ ਚਾਹੇ ਕੋਈ ਵੀ ਹੋਵੇ, ਇਹ ਤਹਿ ਹੈ ਕਿ ਧਰਮ ਅੱਜ ਅਧਿਆਤਮਕ ਦੇ ਸੂਖਮ ਪਹਿਲੂ ਨੂੰ ਛੱਡ ਕੇ ਲਾਭ ਦੇ ਪਹਿਲੂ ਵੱਲ ਖਿੱਚਿਆ ਜਾ ਚੁੱਕਿਆ ਹੈ। ਲਿਹਾਜ਼ਾ ਲਾਭ ਭਗਤਾਂ ਦਾ ਘੱਟ ਤੇ ਧਰਮ ਆਗੂਆਂ, ਮੰਦਰ ਪ੍ਰਬੰਧਕਾਂ ਤੇ ਕੈਂਪ ਆਯੋਜਕਾਂ ਦਾ ਹੀ ਵੱਧ ਹੋ ਰਿਹਾ ਹੈ। ਇਸ ਬਜ਼ਾਰ ਨੂੰ ਕੀ ਇਉਂ ਹੀ ਵਧਣ ਦੇਣਾ ਅਤੇ ਸਵੀਕਾਰਨਾ ਸਹੀ ਹੈ? ਕੀ ਇਹ ਧਰਮ ਦੀ ਭਾਵਨਾ ਅਨੁਸਾਰ ਤੇ ਮਾਨਵ ਜਾਗ੍ਰਤੀ ਦਾ ਆਧਾਰ ਹੈ? ਕੀ ਇਸ ਬਾਜ਼ਾਰ 'ਚ ਸ਼ਾਂਤੀ ਤੇ ਨੈਤਿਕਤਾ ਦਾ ਮੰਤਰ ਲੋਕਾਂ ਨੂੰ ਵਾਕਿਆ ਹੀ ਮਿਲਦਾ ਹੈ? ਇਨ੍ਹਾਂ ਸੁਆਲਾਂ 'ਤੇ ਚਿੰਤਾ ਕਰਨ ਦੀ ਲੋੜ ਹੈ।

❊❊❊